
PREMIUM PUNJABI TIMEPIECES
WWW.FATEH.CO
PRIDE OF PUNJAB
ਸ਼ਾਨਦਾਰ ਪੰਜਾਬੀ ਘੜੀਆਂ: ਸਾਡਾ ਵਕਤ, ਸਾਡੀ ਪਹਿਚਾਣ
WWW.FATEH.CO



Twenty-Fifth Year of Publication | ਨਿਊਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 25, Issue 44; November 2, 2024


Email:punjabtimes1@gmail.com
www.punjabtimesusa.com
20451 N. Plum Grove Rd., Palatine, IL 60074
Ph:847-359-0746, Fax:847-705-9388


# ਅਕਾਲੀ ਦਲ ਹੁਣ ਸਿਆਸੀ ਮੈਦਾਨ ਵਿਚੋਂ ਬਾਹਰ?

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਵਿਚ ਚਾਰ ਵਿਧਾਨ ਸਭਾ ਸੀਟਾਂ ਲਈ 13 ਨਵੰਬਰ ਨੂੰ ਹੋਣ ਵਾਲੀਆਂ ਜ਼ਿਮਨੀ ਚੋਣਾਂ ਨਾ ਲੜਨ ਦੇ ਫੈਸਲੇ ਨੇ ਹਰ ਕਿਸੇ ਨੂੰ ਹੈਰਾਨ ਕਰ ਦਿੱਤਾ ਹੈ। ਪੰਜਾਬ ਦੀ ਖੇਤਰੀ ਤੇ ਪੰਥਕ ਪਾਰਟੀ ਦੇ ਚੋਣ ਮੈਦਾਨ ਵਿਚੋਂ ਪਿੱਛੇ ਹਟਣ ਦੇ ਫੈਸਲੇ ਨਾਲ ਸਿਆਸੀ ਹਲਕਿਆਂ 'ਚ ਕਈ ਤਰ੍ਹਾਂ ਦੇ ਚਰਚੇ ਛਿੜ ਗਏ ਹਨ। ਭਾਵੇਂ ਅਕਾਲੀ ਦਲ ਨੇ ਚੋਣ ਮੈਦਾਨ ਛੱਡਣ ਪਿੱਛੇ ਅਕਾਲ ਤਖਤ ਸਾਹਿਬ ਦੇ ਹੁਕਮਾਂ ਦਾ ਤਰਕ ਦੇਣ ਦੀ ਕੋਸ਼ਿਸ਼ ਕੀਤੀ ਪਰ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਾਫ ਕਰ ਦਿੱਤਾ ਕਿ ਚੋਣ ਨਾ ਲੜਨ ਦੀ ਰੋਕ ਸੁਖਬੀਰ ਸਿੰਘ ਬਾਦਲ ਉਤੇ ਲਗਾਈ ਗਈ ਹੈ ਨਾ ਕਿ ਅਕਾਲੀ ਦਲ ਉਤੇ।

ਸ਼੍ਰੋਮਣੀ ਅਕਾਲੀ ਦਲ ਨੇ ਇਸ ਤੋਂ ਪਹਿਲਾਂ 1992 ਵਿਚ ਅਸੈਂਬਲੀ ਚੋਣਾਂ ਦੇ ਬਾਈਕਾਟ ਦਾ ਫ਼ੈਸਲਾ ਕੀਤਾ ਸੀ ਅਤੇ ਉਸ ਸਮੇਂ ਸੂਬੇ ਦੇ ਹਾਲਾਤ ਅਤੇ ਸਿਆਸੀ ਪ੍ਰਸਥਿਤੀਆਂ ਵੱਖਰੀਆਂ ਸਨ। ਇਸ ਤੋਂ ਪਹਿਲਾਂ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ 'ਚ ਅਕਾਲੀ ਦਲ ਨੇ ਖੁਦ ਚੋਣ ਮੈਦਾਨ ਵਿਚ ਨਾ ਆ ਕੇ ਬਸਪਾ ਉਮੀਦਵਾਰ ਦੀ ਹਮਾਇਤ ਕੀਤੀ ਸੀ। ਪਹਿਲੀ ਵਾਰ ਹੈ ਜਦੋਂ ਸ਼੍ਰੋਮਣੀ ਅਕਾਲੀ ਦਲ ਚਾਰ ਸੀਟਾਂ ਲਈ ਜ਼ਿਮਨੀ ਚੋਣਾਂ ਦੇ ਮੈਦਾਨ 'ਚੋਂ ਬਾਹਰ ਹੋਇਆ ਹੈ। ਅਕਾਲੀ ਵਰਕਰ ਇਨ੍ਹਾਂ ਚੋਣਾਂ 'ਚ ਕਿਸ ਪਾਲੇ ਬੈਠਣਗੇ, ਇਸ ਦਾ ਵੱਡਾ ਭੇਤ ਬਣਿਆ ਹੋਇਆ ਹੈ। ਦੱਸ ਦਈਏ ਕਿ ਭਾਜਪਾ ਨੇ ਮੌਕਾ ਸਾਂਭਦੇ ਹੋਏ ਇਸ ਵਾਰ ਚੋਣ ਮੈਦਾਨ ਵਿਚ ਚਾਰੇ ਸਿੱਖ ਚਿਹਰਿਆਂ ਨੂੰ ਉਤਾਰਿਆ ਹੈ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਭਾਜਪਾ ਦਾ ਇਹ ਪੈਂਤੜਾਂ ਅਕਾਲੀ ਦਲ ਦੀ ਸਿੱਖ ਵੋਟ ਖਿੱਚ ਸਕਦਾ



ਹੈ। ਵਿਰੋਧੀ ਧਿਰਾਂ ਅਕਾਲੀ ਦਲ ਦੇ ਇਸ ਫੈਸਲੇ ਨੂੰ ਭਾਜਪਾ ਦੀ ਚਾਲ ਦੱਸ ਰਹੀਆਂ ਹਨ।

ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਦਾ ਕਹਿਣਾ ਹੈ ਕਿ ਸਿਰਫ਼ ਅਕਾਲੀ ਦਲ ਹੀ ਨਹੀਂ ਸਗੋਂ ਸੰਸਦ ਮੈਂਬਰ ਸਰਬਜੀਤ ਸਿੰਘ ਵੱਲੋਂ ਉਪ ਚੋਣਾਂ 'ਚ ਆਪਣੇ ਸਮਰਥਕ ਉਮੀਦਵਾਰ ਖੜ੍ਹੇ ਕਰਨ ਤੋਂ ਹੱਥ ਪਿੱਛੇ ਖਿੱਚ ਲਏ ਗਏ ਹਨ। ਇਹ ਬਹੁਤ ਗੰਭੀਰ ਮੁੱਦਾ ਹੈ ਅਤੇ ਇਸ ਪਿੱਛੇ ਭਾਜਪਾ ਦੀ ਰਣਨੀਤੀ ਕੰਮ ਕਰ ਰਹੀ ਹੈ। ਜਿਵੇਂ ਵਿਰੋਧੀ ਪਾਰਟੀਆਂ ਚੋਣ ਪਿੜ ਵਿਚੋਂ ਬਾਹਰ ਹੋ ਗਈਆਂ ਹਨ, ਉਸ ਤੋਂ ਇਹ ਜਾਪਦਾ ਹੈ ਕਿ ਭਾਜਪਾ ਸੂਬੇ ਵਿਚ ਵੱਡੀ ਖੇਡ ਖੇਡਣ ਜਾ ਰਹੀ ਹੈ। 'ਆਪ' ਦੇ ਸੀਨੀਅਰ ਬੁਲਾਰੇ ਪਵਨ ਕੁਮਾਰ ਟੀਨੂੰ ਦਾ ਕਹਿਣਾ ਹੈ ਕਿ ਇਹ ਫੈਸਲਾ ਦਰਸਾਉਂਦਾ ਹੈ ਕਿ ਅਕਾਲੀ ਦਲ ਦੀ ਲੀਡਰਸ਼ਿਪ ਨੇ ਭਾਜਪਾ ਦੇ ਦਬਾਅ ਅੱਗੇ ਆਤਮ ਸਮਰਪਣ ਕਰ ਦਿੱਤਾ ਹੈ।

## ਭਾਜਪਾ ਦੇ ਦਬਾਅ ਹੇਠ ਕੀਤਾ ਫੈਸਲਾ?

**ਪਟਿਆਲਾ:** ਅਕਾਲੀ ਸੁਧਾਰ ਲਹਿਰ ਦੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਅਕਾਲੀ ਦਲ ਨੇ ਇਹ ਫ਼ੈਸਲਾ ਭਾਜਪਾ ਦੇ ਦਬਾਅ ਹੇਠ ਲਿਆ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਦੇ ਇਸ਼ਾਰੇ ਉੱਤੇ ਅਕਾਲੀ ਦਲ ਨੇ ਡੇਰਾ ਬਾਬਾ ਨਾਨਕ ਤੇ ਚੱਬੇਵਾਲ ਹਲਕਿਆਂ ਤੋਂ ਆਪਣੇ ਸੰਭਾਵੀ ਉਮੀਦਵਾਰ ਰਵੀਕਰਨ ਸਿੰਘ ਕਾਹਲੋਂ ਤੇ ਸੋਹਣ ਸਿੰਘ ਠੰਡਲ ਸਿੱਧੇ ਹੀ ਭਾਜਪਾ ਨੂੰ ਦੇ ਦਿੱਤੇ ਹਨ ਜਦੋਂ ਕਿ ਤੀਜੇ ਹਲਕੇ ਗਿੱਦੜਬਾਹਾ ਵਿਚ ਮਨਪ੍ਰੀਤ ਸਿੰਘ ਬਾਦਲ ਦੀ ਹਮਾਇਤ ਕੀਤੀ ਜਾਵੇਗੀ। ਇਸ ਫ਼ੈਸਲੇ ਪਿੱਛੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਹੱਥ ਹੈ।

ਦੱਸ ਦਈਏ ਕਿ ਸ੍ਰੀ ਅਕਾਲ ਤਖ਼ਤ ਵੱਲੋਂ ਸੁਖਬੀਰ ਬਾਦਲ ਨੂੰ 2007-17 ਦੇ ਅਕਾਲੀ ਭਾਜਪਾ ਸ਼ਾਸਨ ਦੌਰਾਨ ਕੀਤੀਆਂ ਗ਼ਲਤੀਆਂ ਕਰਕੇ 30 ਅਗਸਤ ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ ਸੀ। ਜਥੇਦਾਰ ਨੇ ਇਸ ਬਾਰੇ ਅਗਲੇਰਾ ਫ਼ੈਸਲਾ ਲੈਣ ਲਈ ਦੀਵਾਲੀ ਮਗਰੋਂ ਮੀਟਿੰਗ ਸੱਦਣ ਦੀ ਗੱਲ ਆਖੀ ਹੈ। ਹਾਲਾਂਕਿ ਜਥੇਦਾਰਾਂ ਵੱਲੋਂ ਇਸ ਨੂੰ ਇੰਨਾ ਲਮਕਾਉਣ ਉਤੇ ਵੀ ਸਵਾਲ ਉਠ ਰਹੇ ਹਨ। ਅਕਾਲੀ ਦਲ ਦੇ ਕੁਝ ਆਗੂਆਂ ਨੇ ਇਸ ਪਿੱਛੇ ਭਾਜਪਾ ਦਾ ਦਬਾਅ ਹੋਣ ਦੇ ਦੋਸ਼ ਵੀ ਲਾਏ ਸਨ।

ਕਿਸੇ ਵੇਲੇ ਪੰਜਾਬ ਦੀ ਸਿਆਸਤ 'ਚ ਮੋਹਰੀ

*(ਬਾਕੀ ਸਫਾ 6 'ਤੇ)*

# ਅਕਾਲ ਤਖਤ ਸਾਹਿਬ ਦਾ ਸਲਾਹਕਾਰ ਬੋਰਡ ਬਣੇਗਾ



**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਏ ਜਨਰਲ ਇਜਲਾਸ ਵਿਚ ਅਹਿਮ ਮਤਾ ਪਾਸ ਕਰਦਿਆਂ ਅਕਾਲ ਤਖ਼ਤ ਸਾਹਿਬ 'ਤੇ ਪੁੱਜਦੇ ਮਾਮਲਿਆਂ ਦੇ ਸਰਲੀਕਰਨ ਲਈ 11 ਮੈਂਬਰੀ ਸਲਾਹਕਾਰ ਬੋਰਡ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਅਤੇ ਇਸ ਫ਼ੈਸਲੇ ਨੂੰ ਹਾਊਸ ਵੱਲੋਂ ਪ੍ਰਵਾਨਗੀ ਦਿੱਤੀ ਗਈ। ਇਸ ਦੇ ਨਾਲ ਹੀ ਸਰਕਾਰ ਤੋਂ ਕੰਗਨਾ ਰਣੌਤ ਦੀ ਫ਼ਿਲਮ 'ਐਮਰਜੈਂਸੀ' ਉੱਤੇ ਰੋਕ ਲਾਉਣ ਅਤੇ ਕੈਨੇਡਾ ਵਿਚ ਸਿੱਖ ਸ਼ਖ਼ਸੀਅਤਾਂ ਨੂੰ ਨਿਸ਼ਾਨਾ ਬਣਾਏ ਜਾਣ ਕਾਰਨ ਉਥੇ ਵਸਦੇ ਸਿੱਖਾਂ ਅੰਦਰ ਅਸੁਰੱਖਿਆ ਦੀ ਭਾਵਨਾ 'ਤੇ ਚਿੰਤਾ ਪ੍ਰਗਟ ਕਰਦਿਆਂ ਭਾਰਤ ਅਤੇ ਕੈਨੇਡਾ ਦੀ ਸਰਕਾਰ ਨੂੰ ਇਕ-ਦੂਜੇ ਦਾ ਸਹਿਯੋਗ ਕਰਕੇ ਸੱਚ ਸਾਹਮਣੇ ਲਿਆਉਣ ਤੇ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਲਈ ਯਤਨ ਕਰਨ ਲਈ ਵੀ ਅਪੀਲ ਕੀਤੀ ਗਈ।

ਇਸੇ ਤਰ੍ਹਾਂ ਇਸ ਦੌਰਾਨ ਮਤੇ ਪਾਸ ਕਰਕੇ ਸਿੱਖਾਂ ਵਿਰੁੱਧ ਸੋਸ਼ਲ ਮੀਡੀਆ ਜ਼ਰੀਏ ਹੋ ਰਹੇ ਹਮਲਿਆਂ 'ਤੇ ਚਿੰਤਾ ਪ੍ਰਗਟ ਕਰਦਿਆਂ ਸਿੱਖਾਂ ਵਿਰੁੱਧ ਹੁੰਦੇ ਨਫ਼ਰਤੀ ਪ੍ਰਚਾਰ ਨੂੰ ਹਰ ਪੱਧਰ 'ਤੇ ਰੋਕਣ, ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਲਈ ਪ੍ਰਕਿਰਿਆ ਸਰਲ ਕਰਨ, ਬੇਅਦਬੀ ਮਾਮਲੇ ਦੇ ਮੁੱਖ ਮੁਲਜ਼ਮ ਡੇਰਾ ਸਿਰਸਾ ਮੁਖੀ ਅਤੇ ਉਸ ਦੇ ਪੈਰੋਕਾਰਾਂ ਤੇ ਹੋਰ ਮੁਲਜ਼ਮਾਂ ਦੀ ਗ੍ਰਿਫਤਾਰੀ, ਫ਼ਿਲਮਾਂ, ਨਾਟਕਾਂ ਤੇ ਸੀਰੀਅਲਾਂ ਵਿਚ ਸਿੱਖਾਂ ਦੇ ਕਿਰਦਾਰ ਨੂੰ ਗ਼ਲਤ ਤਰੀਕੇ ਨਾਲ ਦਿਖਾਉਣ ਦੇ ਰੁਝਾਨ ਤੁਰਤ ਰੋਕਣ, ਸਿੱਖਾਂ ਪ੍ਰਤੀ ਨਕਾਰਾਤਮਕ ਪ੍ਰਦਰਸ਼ਨ ਰੋਕਣ ਲਈ ਫ਼ਿਲਮ ਸੈਂਸਰ ਬੋਰਡ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨੁਮਾਇੰਦਾ ਪੱਕੇ ਤੌਰ 'ਤੇ ਸ਼ਾਮਲ ਕਰਨ ਅਤੇ ਸਿੱਖ ਕੌਮ ਦੇ ਇਤਿਹਾਸਿਕ ਅਸਥਾਨਾਂ ਨਾਲ ਸਬੰਧਿਤ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਮਾਮਲਿਆਂ ਨੂੰ ਤੁਰੰਤ ਹੱਲ ਕਰਨ ਦੀ ਮੰਗ ਕੀਤੀ ਗਈ।


ਮੋਰਟਗੇਜ, ਇੰਸ਼ੋਰੈਸ ਅਤੇ ਪ੍ਰਾਪਰਟੀ ਨਾਲ ਸਬੰਧਤ ਸੇਵਾਵਾਂ

Mortgage | Insurance | Property | Dhillon Agencies

Home Mortgages, Commercial Loans, All kinds of Insurances, Residential / Commercial properties

* ਪ੍ਰਾਪਰਟੀ, ਲੋਨਜ਼ ਅਤੇ ਇੰਸ਼ੋਰੈਂਸ ਲਈ ਸਭ ਤੋਂ ਭਰੋਸੇਮੰਦ ਢਿੱਲੋਂ ਏਜੰਸੀਜ਼ ਹਰ ਸਮੇਂ ਤੁਹਾਡੀ ਸੇਵਾ ਵਿਚ ਹਾਜ਼ਰ ਹੈ।
* ਆਪਣੇ ਸੁਪਨਿਆਂ ਦਾ ਘਰ ਜਾਂ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ, ਮੋਰਟਗੇਜ, ਕਾਮਰਸ਼ੀਅਲ ਲੋਨਜ਼ ਅਤੇ ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸਾਡੇ ਨਾਲ ਸੰਪਰਕ ਕਰੋ।

@ Mortgages: mortgages@dhillonagencies.com; Insurances: insurances@dhillonagencies.com; Properties: properties @dhillonagencies.com

dhillonagencies.com | (516) 441-0188

8624 239th Street, Bellerose, NY11426





Corporate NMLS# 68434
AZ License# BK-0945946

Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org


ੴ

ਬਲਿਓ ਚਰਾਗ

ਆਓ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਈਏ।
ਹਲੇਮੀਆਂ ਅਤੇ ਪਿਆਰਾਂ ਦੀ ਸਾਂਝ ਪਾਈਏ।

Let's celebrate Sahib Sri Guru Nanak Dev Ji's Gurpurab!
Spread kindness and love for each other!

ਪੁਰਬ ਮੁਬਾਰਿਕ



ਘਰਾਂ ਤੇ ਲਾਈਟਾਂ ਲਗਾਈਏ ਜੀ

**Light-Up Our Homes**

Light-up our homes & businesses the entire month of November, out of joy and celebration that we are One!




ਇਸ ਦਿਨ ਛੁੱਟੀ ਕਰੀਏ ਜੀ

**Take The Day Off**

Take the day off to instill the importance of this day in the hearts of our children, as well as our own.



ਸ਼ੁਕਰਾਨੇ ਦੀ ਸਾਂਝ ਪਾਈਏ ਜੀ

**Share Your Gratitude**

Share with those in need, share laughter, give gifts to children, and distribute sweets to your neighbors, friends, and family.

**Scan the QR code for more information**

baleyocharaag.com

## ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ

ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ।

* ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ
* ਜੋੜੇ ਨੂੰ ਪਹਿਲ

## Restaurant Help Wanted

**Immediately hiring Chef and Tandoori Chef for Indian restaurant in Murfreesboro, TN.**
***Good salary, free accommodation & Food.**
*** Priority to Couples**

ਸੰਪਰਕ ਕਰੋ: ਗੁਰਇਕਬਾਲ ਸਿੰਘ
ਫੋਨ: 629-295-6982
Direct call or What's up call 615-482-5158

## ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਕੁੱਕ ਅਤੇ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635



## UMA TRAVELS

2535 West Devon Ave.,
Chicago, IL 60659

For Delhi-Bombay Ahmedabad, Hydrabad-Madras
Call For Special Sale Fares

**Call: 773-338-5603**

## SUPER TRAVEL

847-676-9090, 773-465-5566

*E-mail: supertravel2003@live.com*

Lowest Fares With Excellent Service

*United Airlines*
*British Airways*

For Emergency
Call anytime at
847-436-9010



EARLY BIRD SALE!!!!

*Etihad, Air India, KLM, Lufthansa, Delta, Qatar Airlines.*

Domestic fares available

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746


# Matrimonials

## ਲੜਕੇ ਦੀ ਲੋੜ ਹੈ

Jat Sikh family seeks a comparable match from a progressive family for their 1991 born, 5' 7", US-born daughter. Her background is in chemical engineering, and she is currently a department manager at a Fortune 500 multinational corporation. She lives in Chicago. Please contact with details at surjitkaur1937@outlook.com or 312-380-2714.

44-47

Sikh Ahluwalia family looking for a suitable, well educated match for their 1986/5-5" Phd, beautiful girl. She has finished her studies in Boston, US. Serious inquiries only. Please contact us at +1 (781) 658-8952.

39-42

## ਲੜਕੀ ਦੀ ਲੋੜ ਹੈ

Seeking gursikh and educated match for Saini sikh turbaned boy. 97 born, 5'4". B.Tech from IIT, Guwahati. Working as Sr. Engineer in MNC in Bangalore. Serious enquiries, please contact us at: 765-570-0149 (USA) or 98182-87307 (INDIA)

44-47

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

ਅਮਰੀਕਾ 'ਚ ਵੈਲ ਸੈਟਲਡ, ਗੁਰਸਿੱਖ ਪਰਿਵਾਰ ਨੂੰ ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ, 1987 ਬੌਰਨ, ਕੱਦ 5'-11", ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸੌਫਟਵੇਅਰ ਇੰਜਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ, ਵੈਲ ਸੈਟਲਡ, ਸਾਨਫਰਾਂਸਿਸਕੋ, ਬੇ ਏਰੀਆ, ਕੈਲੇਫੋਰਨੀਆ (ਅਮਰੀਕਾ) 'ਚ ਆਪਣੇ ਘਰ ਦੇ ਮਾਲਕ, ਵਿਆਹ ਤੋਂ ਸਿਰਫ 4 ਮਹੀਨੇ ਵਿਚ ਇਨੋਸੈਂਟਲੀ ਡੀਵੋਰਸਡ (ਕੋਈ ਬੱਚਾ ਨਹੀਂ), ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ-ਲਿਖੀ, ਸੋਹਣੀ, ਵੈਸ਼ਨੂੰ, ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਹੋਰ ਵਧੇਰੇ ਜਾਣਕਾਰੀ ਲਈ 1-510-281-7065 ਜਾਂ ਵ੍ਹਟਸਐਪ +91-98993-79442 'ਤੇ ਫੋਨ ਕਰ ਸਕਦੇ ਹੋ ਜਾਂ ਆਪਣੇ ਵੇਰਵੇ ਈਮੇਲ cjsingh55@gmail.com 'ਤੇ ਭੇਜ ਸਕਦੇ ਹੋ।

41-44

US citizen boy is looking for a suitable match. He is born on 1989, 5'-6", in Ludhiana and raised in the US. He is never married, and working as a behavioral specialist. Father is a taxi driver, and mother is a nurse. Seeking a kind-hearted, family-oriented, and educated girl. Please email at manna.suie@gmail.com or call +1 (312) 217-8849.

40-43

Jatt Sikh family residing in SF Bay area California looking for a suitable match in US/Canada/India for their US born and raised 24, 5'10" son. He has done a Bachelor degree from UCLA and Masters from UCSF in Computer Science and BioMedical Imaging. Boy wears a turban and keeps his hair. He is employed with a high salary in a reputed company in the SF Bay Area. Beyond education, girl must possess a joint family-oriented mindset with good moral family values. Please Contact ph: 510 861 6491 or email: pgrrealty@gmail.com

37-40


## ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ? ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

**Gurdip Singh Sandhu DHMS, BAMS**
**HOMEOPATHIC NATURAL MEDICINES**
**When Tired of all Treatments, For any Disease, At any Age, Try Alternative Treatment**



*Gurdip Singh Sandhu*

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

**Ph: (408) 687-1899**
**(925) 557-9093**

Email: Homeomdicine@yahoo.com
Website: www.Homeopathyatoz.com

7021 Village Parkway, Dublin, CA 94568
Practice under provision of Act S8_577
State of CA

# ਅਮਰੀਕੀ ਸੰਸਦ ’ਚ 1984 ਦੇ ਸਿੱਖ ਕਤਲੇਆਮ ਸਬੰਧੀ ਮਤਾ ਪੇਸ਼

**ਅੰਮ੍ਰਿਤਸਰ:** ਨਵੰਬਰ 1984 ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਵਜੋਂ ਮਾਨਤਾ ਦਿਵਾਉਣ ਲਈ ਮਤਾ ਅਮਰੀਕੀ ਸੰਸਦ ’ਚ ਪੇਸ਼ ਕੀਤਾ ਗਿਆ ਹੈ। ਇਹ ਖੁਲਾਸਾ ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਡਾਕਟਰ ਪ੍ਰਿਤਪਾਲ ਸਿੰਘ ਨੇ ਕੀਤਾ। ਅਮਰੀਕੀ ਸੰਸਦ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ’ਚ ਇਹ ਮਤਾ ਕਾਂਗਰਸਮੈਨ ਅਤੇ ਸਿੱਖ ਕੌਕਸ ਦੇ ਸਹਿ-ਚੇਅਰਮੈਨ ਡੇਵਿਡ ਜੀ. ਵਲਾਡਾਓ ਅਤੇ ਜਿਮ ਕੌਸਟਾ ਨੇ ਪੇਸ਼ ਕੀਤਾ।

ਵਲਾਡਾਓ ਨੇ ਮਤੇ ਰਾਹੀਂ ਇਹ ਵੀ ਮੰਗ ਕੀਤੀ ਹੈ ਕਿ ਕਤਲੇਆਮ ਦੀ ਯਾਦਗਾਰ ਵੀ ਉਸਾਰੀ ਜਾਵੇ। ਮਤੇ ਨੂੰ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਅਮਰੀਕਨ ਸਿੱਖ ਕੌਕਸ ਕਮੇਟੀ, ਇਨਸਾਫ਼, ਜੈਕਾਰਾ ਮੂਵਮੈਂਟ, ਅਤੇ ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ (ਸਾਲਡੇਫ) ਨੇ ਹਮਾਇਤ ਦਿੱਤੀ ਹੈ। ਵਲਾਡਾਓ ਨੇ ਕਿਹਾ, “ਅਫ਼ਸੋਸ ਦੀ ਗੱਲ ਹੈ ਕਿ ਬਹੁਤ ਸਾਰੇ ਸਿੱਖਾਂ ਨੂੰ ਉਨ੍ਹਾਂ ਦੇ ਧਾਰਮਿਕ ਵਿਸ਼ਵਾਸ਼ਾਂ ਲਈ ਨਿਸ਼ਾਨਾ ਬਣਾਇਆ ਗਿਆ ਹੈ, ਜਿਸ ਵਿਚ 1984 ਦੀ ਨਸਲਕੁਸ਼ੀ ਵੀ ਸ਼ਾਮਲ ਹੈ। ਮੈਨੂੰ ਇਸ ਭਿਆਨਕ ਘਟਨਾ ਲਈ ਮਾਨਤਾ ਅਤੇ ਜਵਾਬਦੇਹੀ ਦੀ ਮੰਗ ਕਰਨ ਵਿਚ ਉਨ੍ਹਾਂ ਨਾਲ ਖੜ੍ਹੇ ਹੋਣ ’ਤੇ ਮਾਣ ਹੈ। ਇਹ ਮਤਾ ਇਸ ਦੁਖਾਂਤ ਨੂੰ ਯਾਦ ਕਰਨ ਅਤੇ ਬੇਕਸੂਰ ਪੀੜਤਾਂ ਦਾ ਸਨਮਾਨ ਕਰਨ ਲਈ ਇਕ ਛੋਟਾ ਪਰ ਮਹੱਤਵਪੂਰਨ ਕਦਮ ਹੈ, ਜਿਨ੍ਹਾਂ ਇਸ ਨਸਲਕੁਸ਼ੀ ਦੌਰਾਨ ਆਪਣੀ ਜਾਨ ਗੁਆਈ ਹੈ।” ਸਿੱਖ ਆਗੂਆਂ ਨੇ ਦੋਵੇਂ ਸੰਸਦ ਮੈਂਬਰਾਂ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਉਮੀਦ ਪ੍ਰਗਟਾਈ ਹੈ ਕਿ ਆਉਂਦੇ ਸਮੇਂ ਵਿਚ ਸੰਸਦ ਵਿਚੋਂ ਇਸ ਮਤੇ ਨੂੰ ਮਾਨਤਾ ਮਿਲੇਗੀ। ਇਸ ਤੋਂ ਪਹਿਲਾਂ ਅਮਰੀਕਾ ਦੇ ਚਾਰ ਸੂਬਿਆਂ ਦੀਆਂ ਅਸੈਂਬਲੀਆਂ ਵਿੱਚ ਇਸ ਸਬੰਧੀ ਮਤੇ ਨੂੰ ਮਾਨਤਾ ਮਿਲ ਚੁੱਕੀ ਹੈ।

ਤਿੰਨ ਸਫਿਆਂ ਦੇ ਮਤੇ ਵਿਚ ਡੇਵਿਡ ਨੇ ਦਿੱਲੀ ਸਮੇਤ ਵੱਖ-ਵੱਖ ਸੂਬਿਆਂ ਵਿਚ ਸਿੱਖਾਂ ਦੇ ਹੋਏ ਕਤਲੇਆਮ ਦਾ ਜ਼ਿਕਰ ਕੀਤਾ ਹੈ। ਮਤੇ ਵਿਚ ਦੱਸਿਆ ਗਿਆ ਕਿ ਨਵੰਬਰ 1984 ਵਿਚ ਸਿੱਖਾਂ ਨੂੰ ਜ਼ਿੰਦਾ ਸਾੜਿਆ ਗਿਆ ਸੀ ਅਤੇ ਕਤਲ ਕਰ ਦਿੱਤਾ ਗਿਆ ਸੀ। ਇਸ ਵਿਚ ਔਰਤਾਂ, ਬੱਚੇ ਅਤੇ ਬਜ਼ੁਰਗ ਵੀ ਸ਼ਾਮਲ ਸਨ। ਇਸ ਤੋਂ ਇਲਾਵਾ ਸਿੱਖ ਪਰਿਵਾਰਾਂ ਦੇ ਘਰ ਅਤੇ ਕਾਰੋਬਾਰ ਵੀ ਤਬਾਹ ਕਰ ਦਿੱਤੇ ਗਏ ਸਨ।




## ਜਲੰਧਰ ਦੀ ਰੇਚਲ ਮਿਸ ਗ੍ਰੈਂਡ ਇੰਟਰਨੈਸ਼ਨਲ ਬਣੀ

**ਜਲੰਧਰ:** ਜਲੰਧਰ ਦੇ ਅਰਬਨ ਅਸਟੇਟ ਦੀ 20 ਸਾਲਾ ਰੇਚਲ ਗੁਪਤਾ ਨੂੰ ਮਿਸ ਗ੍ਰੈਂਡ ਇੰਟਰਨੈਸ਼ਨਲ (ਐਮ.ਜੀ.ਆਈ.) 2024 ਦਾ ਤਾਜ ਪਹਿਨਾਇਆ ਗਿਆ ਹੈ। ਇਹ ਸਮਾਗਮ 25 ਅਕਤੂਬਰ ਨੂੰ ਥਾਈਲੈਂਡ ਦੇ ਬੈਂਕਾਕ ਵਿਚ ਐਮ.ਜੀ.ਆਈ. ਹੈੱਡਕੁਆਰਟਰ ਵਿਚ ਹੋਇਆ। ਰੇਚਲ ਦੀ ਜਿੱਤ ਇਤਿਹਾਸਕ ਪਲ ਹੈ ਕਿਉਂਕਿ ਉਹ ਗੋਲਡਨ ਤਾਜ ਪ੍ਰਾਪਤ ਕਰਨ ਵਾਲੀ ਪਹਿਲੀ ਭਾਰਤੀ ਹੈ।

ਮਿਸ ਗ੍ਰੈਂਡ ਇੰਟਰਨੈਸ਼ਨਲ ਨੂੰ ਵਿਸ਼ਵ ਦੇ ਪ੍ਰਮੁੱਖ ਸੁੰਦਰਤਾ ਮੁਕਾਬਲਿਆਂ ਵਿਚੋਂ ਇਕ ਵਜੋਂ ਜਾਣਿਆ ਜਾਂਦਾ ਹੈ। ਵਿਸ਼ਵ 2022 ਦੀ ਸਾਬਕਾ ਮਿਸ ਸੁਪਰ ਟੈਲੈਂਟ ਰੇਚਲ ਨੇ ਜੈਪੁਰ ਦੇ ਜ਼ੀ ਸਟੂਡੀਓਜ਼ ਵਿਚ ਅਗਸਤ, 2024 ਵਿਚ ਕਰਵਾਏ ਰਾਸ਼ਟਰੀ ਮੁਕਾਬਲੇ ਵਿਚ ਮਿਸ ਗ੍ਰੈਂਡ ਇੰਡੀਆ ਦਾ ਖ਼ਿਤਾਬ ਜਿੱਤ ਕੇ ਕੌਮਾਂਤਰੀ ਮੰਚ ’ਤੇ ਆਪਣਾ ਸਥਾਨ ਸੁਰੱਖਿਅਤ ਕੀਤਾ ਸੀ। 70 ਤੋਂ ਵੱਧ ਦੇਸ਼ਾਂ ਦੇ ਭਾਗੀਦਾਰਾਂ ਖ਼ਿਲਾਫ਼ ਮੁਕਾਬਲਾ ਕਰਦਿਆਂ ਰੇਚਲ ਨੇ ਪੂਰੇ ਮੁਕਾਬਲੇ ਦੌਰਾਨ ਸਿਖਰਲੇ ਦਾਅਵੇਦਾਰਾਂ ਵਿਚੋਂ ਇਕ ਰਹੀ। ਉਸ ਨੇ ਗ੍ਰੈਂਡ ਪੇਜੈਂਟਸ ਚੁਆਇਸ ਐਵਾਰਡ 2024 ਵੀ ਜਿੱਤਿਆ। ਇੰਸਟਾਗ੍ਰਾਮ ’ਤੇ ਦਸ ਲੱਖ ਤੋਂ ਵੱਧ ਫਾਲੋਅਰਜ਼ ਨਾਲ ਰੇਚਲ ਦਾ ਪ੍ਰਭਾਵ ਵਧਦਾ ਜਾ ਰਿਹਾ ਹੈ। ਹੁਣ ਉਹ ਵਿਸ਼ਵ ਭਰ ਵਿਚ ਸ਼ਾਂਤੀ ਅਤੇ ਸਥਿਰਤਾ ਨੂੰ ਉਤਸ਼ਾਹਿਤ ਕਰਦਿਆਂ ਐਮ.ਜੀ.ਆਈ. ਲਈ ਗਲੋਬਲ ਅੰਬੈਸਡਰ ਵਜੋਂ ਕੰਮ ਕਰੇਗੀ।

## ‘84 ਕਤਲੇਆਮ: ਸੱਜਣ ਕੁਮਾਰ ਖ਼ਿਲਾਫ਼ ਕੇਸ ’ਚ ਬਹਿਸ ਮੁਕੰਮਲ



**ਚੰਡੀਗੜ੍ਹ:** ਦਿੱਲੀ ਦੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੇ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਖ਼ਿਲਾਫ਼ ਚੱਲ ਰਹੇ ਕੇਸ ਵਿਚ ਅੰਤਿਮ ਬਹਿਸ ਉਤੇ ਸੁਣਵਾਈ ਮੁਕੰਮਲ ਕਰ ਲਈ। ਅਦਾਲਤ ਨੇ ਸਫ਼ਾਈ ਧਿਰ ਦੇ ਵਕੀਲ ਨੂੰ ਉਸ ਫੈਸਲੇ ਦੀ ਕਾਪੀ ਦਾਖ਼ਲ ਕਰਨ ਲਈ ਕਿਹਾ ਹੈ ਜਿਸ ਉਤੇ ਉਹ ਭਰੋਸਾ ਕਰ ਰਹੇ ਹਨ। ਮਾਮਲਾ ਹਾਲੇ ਅਦਾਲਤ ਵੱਲੋਂ ਲੋੜੀਂਦੇ ਸਪੱਸ਼ਟੀਕਰਨ ਲਈ ਰੱਖਿਆ ਗਿਆ ਹੈ। ਇਸ ਤਰ੍ਹਾਂ ਸੱਜਣ ਕੁਮਾਰ ਖ਼ਿਲਾਫ਼ ਜਾਰੀ ਅਦਾਲਤੀ ਕਾਰਵਾਈ ਦਾ ਇਕ ਪੜਾਅ ਪੂਰਾ ਹੋ ਗਿਆ ਹੈ। ਇਹ ਮਾਮਲਾ 1 ਨਵੰਬਰ, 1984 ਨੂੰ ਦਿੱਲੀ ਦੇ ਸਰਸਵਤੀ ਵਿਹਾਰ ਇਲਾਕੇ ਵਿਚ ਦੰਗਿਆਂ ਦੌਰਾਨ ਜਸਵੰਤ ਸਿੰਘ ਅਤੇ ਉਸ ਦੇ ਪੁੱਤਰ ਤਰੁਣਦੀਪ ਸਿੰਘ ਦੇ ਕੀਤੇ ਗਏ ਕਤਲ ਨਾਲ ਸਬੰਧਤ ਹੈ।

## ਪਹਾੜੀ ਰਾਜਾਂ ਵਾਂਗ ਪੰਜਾਬ ਨੂੰ ਮਿਲੇ ਸਨਅਤੀ ਪੈਕੇਜ: ਮਾਨ



**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਸਨਅਤੀ ਵਿਕਾਸ ਲਈ ਨੀਤੀ ਆਯੋਗ ਦੀ ਉੱਚ ਪੱਧਰੀ ਟੀਮ ਤੋਂ ਅੱਜ ਪੰਜਾਬ ਲਈ ਗੁਆਂਢੀ ਪਹਾੜੀ ਰਾਜਾਂ ਦੀ ਤਰਜ਼ ’ਤੇ ਸਨਅਤੀ ਪੈਕੇਜ ਦੀ ਮੰਗ ਕੀਤੀ ਹੈ ਤਾਂ ਜੋ ਪੰਜਾਬ ਨੂੰ ਵੀ ਪਹਾੜੀ ਸੂਬਿਆਂ ਵਾਂਗ ਰਿਆਇਤਾਂ ਅਤੇ ਛੋਟਾਂ ਮਿਲ ਸਕਣ। ਨੀਤੀ ਆਯੋਗ ਦੇ ਵਾਈਸ ਚੇਅਰਮੈਨ ਸੁਮਨ ਬੇਰੀ ਅਤੇ ਹੋਰ ਮੈਂਬਰ ਅੱਜ ਚੰਡੀਗੜ੍ਹ ਵਿਚ ਸਨ, ਜਿਨ੍ਹਾਂ ਅੱਗੇ ਮੁੱਖ ਮੰਤਰੀ ਨੇ ਪੰਜਾਬ ਦਾ ਕੇਸ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਹੱਦੀ ਸੂਬਾ ਹੈ, ਜਿੱਥੋਂ ਦੇ ਕਿਸਾਨ ਤੇ ਜਵਾਨ ਦੇ ਯੋਗਦਾਨ ਦੇ ਮੱਦੇਨਜ਼ਰ ਇਸ ਸੂਬੇ ਦੇ ਉਦਯੋਗਿਕ ਵਿਕਾਸ ਲਈ ਪਹਾੜੀ ਰਾਜਾਂ ਦੇ ਬਰਾਬਰ ਰਿਆਇਤਾਂ ਅਤੇ ਸਬਸਿਡੀਆਂ ਮਿਲਣੀਆਂ ਜ਼ਰੂਰੀ ਹਨ।

ਮੁੱਖ ਮੰਤਰੀ ਨੇ ਇੱਥੇ ਐੱਮ.ਐੱਸ.ਐੱਮ.ਈਜ਼. ਬਰਾਮਦਾਂ ਉਤੇ ਆਧਾਰਤ ਵਰਕਸ਼ਾਪ ਦੇ ਉਦਘਾਟਨੀ ਸੈਸ਼ਨ ਦੌਰਾਨ ਕਿਹਾ ਕਿ ਪਹਾੜੀ ਖੇਤਰਾਂ ਨੂੰ ਰਿਆਇਤਾਂ ਮਿਲਣ ਦਾ ਅਸਰ ਪੰਜਾਬ ਉਤੇ ਪਿਆ ਹੈ, ਜਿਸ ਕਰਕੇ ਸੂਬੇ ਦਾ ਸਨਅਤੀ ਵਿਕਾਸ ਪ੍ਰਭਾਵਿਤ ਹੋਇਆ ਹੈ। ਉਨ੍ਹਾਂ ਉਦਯੋਗਪਤੀਆਂ ਨੂੰ ਸੱਦਾ ਦਿੱਤਾ ਕਿ ਉਹ ਵਿਸ਼ਵ ਪੱਧਰ ਦੇ ਪ੍ਰਤੀਯੋਗੀ ਬਣਨ ਅਤੇ ਪੰਜਾਬ ਸਰਕਾਰ ਦੀਆਂ ਪਹਿਲਕਦਮੀਆਂ ਦਾ ਲਾਭ ਉਠਾਉਣ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿਚ ਲਗਪਗ 2 ਲੱਖ ਐੱਮ.ਐੱਸ.ਐੱਮ.ਈਜ਼. ਦਾ ਮਜ਼ਬੂਤ ਆਧਾਰ ਹੈ, ਜੋ ਰੁਜ਼ਗਾਰ ਦੇ ਵੱਡੇ ਮੌਕੇ ਪ੍ਰਦਾਨ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਇਨਵੈਸਟ ਪੰਜਾਬ ਪੋਰਟਲ ਵਿਆਪਕ ਆਨਲਾਈਨ ਪਲੇਟਫਾਰਮ ਹੈ, ਜੋ ਸੰਭਾਵੀ ਨਿਵੇਸ਼ਕਾਂ ਅਤੇ ਸਰਕਾਰ ਨੂੰ 23 ਵਿਭਾਗਾਂ ਦੀਆਂ 140 ਤੋਂ ਵੱਧ ਰੈਗੂਲੇਟਰੀ ਸੇਵਾਵਾਂ ਪ੍ਰਦਾਨ ਕਰਦਾ ਹੈ। ਉਨ੍ਹਾਂ ਦੱਸਿਆ ਕਿ ਜੁਲਾਈ 2023 ਵਿਚ ਉਦਯੋਗਾਂ ਦੇ ਸੁਝਾਅ ਲੈਣ ਲਈ ਵੱਟਸਐਪ ਹੈਲਪ ਲਾਈਨ ਨੰਬਰ ਸ਼ੁਰੂ ਕੀਤਾ ਗਿਆ ਸੀ ਅਤੇ ਉਦਯੋਗਾਂ ਤੋਂ 1600 ਤੋਂ ਵੱਧ ਸੁਝਾਅ ਪ੍ਰਾਪਤ ਹੋਏ ਸਨ।

ਮੁੱਖ ਮੰਤਰੀ ਨੇ ਉਦਯੋਗਪਤੀਆਂ ਨੂੰ ਇਨਬਿਲਟ ਸੀ.ਐੱਲ.ਯੂ. ਨਾਲ ਸੇਲ ਡੀਡ ਦੀ ਰਜਿਸਟਰੇਸ਼ਨ ਵਾਸਤੇ ਗ੍ਰੀਨ ਸਟੈਂਪ ਪੇਪਰ ਬਾਰੇ ਜਾਣੂ ਕਰਾਇਆ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੇ ਉੱਦਮੀਆਂ ਨੂੰ ਆਪਣਾ ਕਾਰੋਬਾਰ ਵਧਾਉਣ ਲਈ ਵਿਸ਼ੇਸ਼ ਤੌਰ ਉਤੇ ਰੇਲ ਗੱਡੀਆਂ ਕਿਰਾਏ ’ਤੇ ਲੈਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਨਿਰਮਾਤਾਵਾਂ ਦੇ ਮਾਲ ਨੂੰ ਆਰਥਿਕ ਤੌਰ ’ਤੇ ਨਜ਼ਦੀਕੀ ਕਾਂਡਲਾ ਬੰਦਰਗਾਹ ’ਤੇ ਭੇਜ ਕੇ ਉਨ੍ਹਾਂ ਦੇ ਮੁਨਾਫ਼ੇ ਦੇ ਪੱਧਰ ਨੂੰ ਵਧਾਉਣ ਵਿਚ ਮਦਦ ਮਿਲੇਗੀ।

## ਸਤਿਕਾਰ ਕੌਰ ਨੂੰ ਭਾਜਪਾ ’ਚੋਂ ਕੱਢਿਆ



**ਚੰਡੀਗੜ੍ਹ:** ਪੰਜਾਬ ਭਾਜਪਾ ਨੇ ਨਸ਼ਾ ਤਸਕਰੀ ਮਾਮਲੇ ਵਿਚ ਗ੍ਰਿਫ਼ਤਾਰ ਕੀਤੀ ਗਈ ਸਾਬਕਾ ਵਿਧਾਇਕ ਸਤਿਕਾਰ ਕੌਰ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਹੈ। ਇਹ ਆਦੇਸ਼ ਪੰਜਾਬ ਭਾਜਪਾ ਦੇ ਜਨਰਲ ਸਕੱਤਰ ਅਨਿਲ ਸਰੀਨ ਵੱਲੋਂ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਦੇ ਦਿਸ਼ਾ ਨਿਰਦੇਸ਼ਾਂ ’ਤੇ ਸਤਿਕਾਰ ਕੌਰ ਗਹਿਰੀ ਨੂੰ 6 ਸਾਲਾਂ ਲਈ ਪਾਰਟੀ ਵਿਚੋਂ ਕੱਢ ਦਿੱਤਾ ਹੈ। ਐਂਟੀ ਨਾਰਕੋਟਿਕਸ ਟਾਸਕ ਫੋਰਸ ਦੀ ਟੀਮ ਨੇ ਫ਼ਿਰੋਜ਼ਪੁਰ ਦਿਹਾਤੀ ਤੋਂ ਸਾਬਕਾ ਵਿਧਾਇਕ ਸਤਿਕਾਰ ਕੌਰ ਅਤੇ ਉਸ ਦੇ ਭਤੀਜੇ ਜਸਕੀਰਤ ਸਿੰਘ ਨੂੰ ਖਰੜ ਦੇ ਸੰਨੀ ਐਨਕਲੇਵ ਨੇੜਿਓਂ ਕਥਿਤ 100 ਗ੍ਰਾਮ ਹੈਰੋਇਨ ਦੀ ਤਸਕਰੀ ਕਰਦਿਆਂ ਗ੍ਰਿਫ਼ਤਾਰ ਕੀਤਾ ਹੈ। ਇਸ ਮਗਰੋਂ ਪੁਲਿਸ ਨੇ ਉਸ ਦੇ ਘਰ ਵਿਚੋਂ 28 ਗ੍ਰਾਮ ਹੈਰੋਇਨ, 1.56 ਲੱਖ ਰੁਪਏ ਨਕਦ, ਗਹਿਣੇ ਤੇ ਚਾਰ ਗੱਡੀਆਂ ਵੀ ਆਪਣੇ ਕਬਜ਼ੇ ਵਿਚ ਲਈਆਂ ਹਨ। ਪੁਲਿਸ ਵੱਲੋਂ ਉਕਤ ਮਾਮਲੇ ਸਬੰਧੀ ਜਾਂਚ ਕੀਤੀ ਜਾ ਰਹੀ ਹੈ। ਸਤਿਕਾਰ ਕੌਰ ਸਾਲ 2017 ਤੋਂ 2022 ਦੌਰਾਨ ਫਿਰੋਜ਼ਪੁਰ ਦਿਹਾਤੀ ਤੋਂ ਵਿਧਾਇਕ ਰਹੀ ਅਤੇ 2022 ਵਿਚ ਟਿਕਟ ਨਾ ਮਿਲਣ ਕਾਰਨ ਭਾਜਪਾ ਵਿਚ ਸ਼ਾਮਲ ਹੋ ਗਈ ਸੀ।

## ਗੁਰਦੁਆਰਾ ਹੇਮਕੁੰਟ ਸਾਹਿਬ ਦੀ ਰੋਪਵੇਅ ਯੋਜਨਾ ਲਟਕੀ

**ਅੰਮ੍ਰਿਤਸਰ:** ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਤਿਆਰ ਹੋਣ ਵਾਲੇ ਰੋਪਵੇਅ ਲਈ ਸਰਕਾਰ ਵੱਲੋਂ ਮੁੜ ਟੈਂਡਰ ਕੀਤੇ ਜਾਣਗੇ। ਇਹ ਖੁਲਾਸਾ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਕੀਤਾ ਹੈ। ਉਹ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੂੰ ਮਿਲ ਕੇ ਆਏ ਸਨ। ਸ੍ਰੀ ਬਿੰਦਰਾ ਨੇ ਕਿਹਾ ਕਿ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਹਾਲ ਹੀ ਵਿਚ ਪ੍ਰਧਾਨ ਮੰਤਰੀ ਨੂੰ ਮਿਲ ਕੇ ਆਏ ਹਨ ਅਤੇ ਇਸ ਪ੍ਰਾਜੈਕਟ ਦੇ ਮੁੜ ਟੈਂਡਰ ਲਈ ਚਰਚਾ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਲਾਗਤ ਖਰਚੇ ਵਧਣ ਕਰਕੇ ਮੁੜ ਟੈਂਡਰ ਕਰਨ ਦੀ ਲੋੜ ਪਈ ਹੈ। ਪਹਿਲਾਂ ਇਹ ਯੋਜਨਾ 2026 ਵਿਚ ਮੁਕੰਮਲ ਕਰਨ ਦਾ ਟੀਚਾ ਸੀ ਪਰ ਹੁਣ ਮੁੜ ਟੈਂਡਰ ਜਾਰੀ ਕੀਤੇ ਜਾਣ ਕਾਰਨ ਇਸ ਦੇ ਮੁਕੰਮਲ ਹੋਣ ਦੀ ਮਿਆਦ ਵੀ ਵੱਧ ਜਾਵੇਗੀ। ਸ੍ਰੀ ਬਿੰਦਰਾ ਨੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਹਰ ਸਾਲ ਚਾਰ ਧਾਮ ਯਾਤਰਾ ਬਾਰੇ ਹੋਣ ਵਾਲੀ ਮੀਟਿੰਗ ਵਿਚ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਨੂੰ ਵੀ ਸੱਦਿਆ ਜਾਵੇ। ਮੁੱਖ ਮੰਤਰੀ ਵੱਲੋਂ ਇਸ ਸਬੰਧੀ ਪ੍ਰਸ਼ਾਸਨ ਨੂੰ ਤੁਰਤ ਦਿਸ਼ਾ ਨਿਰਦੇਸ਼ ਦਿੱਤੇ ਗਏ। ਪ੍ਰਧਾਨ ਮੰਤਰੀ ਵੱਲੋਂ ਅਕਤੂਬਰ 2022 ਵਿਚ ਸ੍ਰੀ ਹੇਮਕੁੰਟ ਸਾਹਿਬ ਅਤੇ ਕੇਦਾਰਨਾਥ ਧਾਮ ਲਈ ਰੋਪਵੇਅ ਮਾਰਗ ਬਣਾਉਣ ਦਾ ਐਲਾਨ ਕੀਤਾ ਗਿਆ ਸੀ। ਇਹ ਯੋਜਨਾ ਲਗਭਗ 2400 ਕਰੋੜ ਰੁਪਏ ਦੀ ਸੀ।



## ਪਲਾਟਾਂ ਦੀ ਰਜਿਸਟਰੇਸ਼ਨ ਲਈ ਐਨ.ਓ.ਸੀ. ਦੀ ਸ਼ਰਤ ਖਤਮ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ‘ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਐਕਟ, 2024’ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪੰਜਾਬ ਵਿਧਾਨ ਸਭਾ ਵੱਲੋਂ ਮੌਨਸੂਨ ਸੈਸ਼ਨ ਦੌਰਾਨ ਤਿੰਨ ਸਤੰਬਰ ਨੂੰ ਇਹ ਬਿੱਲ ਪਾਸ ਕੀਤਾ ਗਿਆ ਸੀ। ਪੰਜਾਬ ਸਰਕਾਰ ਦਾ ਇਸ ਬਿੱਲ ’ਚ ਸੋਧ ਦਾ ਮਕਸਦ ਛੋਟੇ ਪਲਾਟ ਧਾਰਕਾਂ ਨੂੰ ਰਾਹਤ ਦੇਣ ਦੇ ਨਾਲ-ਨਾਲ ਗੈਰ-ਕਾਨੂੰਨੀ ਕਾਲੋਨੀਆਂ ’ਤੇ ਸਖ਼ਤ ਕੰਟਰੋਲ ਨੂੰ ਯਕੀਨੀ ਬਣਾਉਣਾ ਹੈ।



ਰਾਜਪਾਲ ਵੱਲੋਂ ਪ੍ਰਵਾਨਗੀ ਮਿਲਣ ਨਾਲ ਹੁਣ ਸੂਬੇ ਵਿਚ ਪਲਾਟਾਂ ਦੀ ਰਜਿਸਟਰੇਸ਼ਨ ਲਈ ਐਨ.ਓ.ਸੀ. ਦੀ ਸ਼ਰਤ ਖ਼ਤਮ ਹੋ ਗਈ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਰਾਜਪਾਲ ਦਾ ਧੰਨਵਾਦ ਕਰਦਿਆਂ ਇਸ ਪ੍ਰਵਾਨਗੀ ਨੂੰ ਪੰਜਾਬ ਦੇ ਲੋਕਾਂ ਨੂੰ ਦੀਵਾਲੀ ਦਾ ਤੋਹਫ਼ਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ, ਜਿਸ ਕੋਲ 31 ਜੁਲਾਈ ਤੱਕ ਅਣਅਧਿਕਾਰਤ ਕਾਲੋਨੀ ਵਿਚ ਪੰਜ ਸੌ ਵਰਗ ਗਜ਼ ਤੱਕ ਦੇ ਪਲਾਟ ਲਈ ਪਾਵਰ ਆਫ਼ ਅਟਾਰਨੀ, ਸਟੈਂਪ ਪੇਪਰ ’ਤੇ ਵੇਚਣ ਦਾ ਐਗਰੀਮੈਂਟ ਜਾਂ ਕੋਈ ਹੋਰ ਅਜਿਹਾ ਦਸਤਾਵੇਜ਼ ਹੈ, ਨੂੰ ਜ਼ਮੀਨ ਦੀ ਰਜਿਸਟਰੀ ਲਈ ਕਿਸੇ ਇਤਰਾਜ਼ਹੀਣਤਾ ਸਰਟੀਫਿਕੇਟ (ਐਨ.ਓ.ਸੀ.) ਦੀ ਲੋੜ ਨਹੀਂ ਹੋਵੇਗੀ। ਮੁੱਖ ਮੰਤਰੀ ਨੇ ਜ਼ਮੀਨ-ਜਾਇਦਾਦ ਦੀ ਰਜਿਸਟਰੀ ਵਾਸਤੇ ਨੋ ਆਬਜੈਕਸ਼ਨ ਸਰਟੀਫਿਕੇਟ ਦੀ ਪ੍ਰਥਾ ਨੂੰ ਖ਼ਤਮ ਕਰਨ ਲਈ ਇਹ ਬਿੱਲ ਪਾਸ ਕੀਤਾ ਸੀ।

## ਭਾਸ਼ਾ ਵਿਭਾਗ ਵੱਲੋਂ ਹਿੰਦੀ ਦੇ ਸਰਬੋਤਮ ਪੁਸਤਕ ਪੁਰਸਕਾਰਾਂ ਦਾ ਐਲਾਨ

**ਪਟਿਆਲਾ:** ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਹਰ ਸਾਲ ਪੰਜਾਬੀ, ਹਿੰਦੀ, ਸੰਸਕ੍ਰਿਤ ਅਤੇ ਉਰਦੂ ਦੀਆਂ ਸਰਬੋਤਮ ਪੁਸਤਕਾਂ ਲਈ ਪੁਰਸਕਾਰਾਂ ਦਾ ਐਲਾਨ ਕੀਤਾ ਜਾਂਦਾ ਹੈ। ਇਸੇ ਤਹਿਤ ਵਿਭਾਗ ਵੱਲੋਂ ਸਾਲ 2024 ਲਈ ਹਿੰਦੀ ਦੇ 4 ਸਰਬੋਤਮ ਸਾਹਿਤਕ ਪੁਸਤਕ ਪੁਰਸਕਾਰਾਂ ਦਾ ਐਲਾਨ ਕੀਤਾ ਗਿਆ ਹੈ।

ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੇ ਦੱਸਿਆ ਕਿ ਐਲਾਨੇ ਗਏ ਪੁਰਸਕਾਰਾਂ ਤਹਿਤ ਗਿਆਨੀ ਸੰਤ ਸਿੰਘ ਪੁਰਸਕਾਰ (ਕਵਿਤਾ) ਡਾ. ਬਲਵਿੰਦਰ ਸਿੰਘ ਦੀ ਪੁਸਤਕ ‘ਉਮੀਦ ਕੀ ਹਥੇਲੀਆਂ’ ਨੂੰ, ਸੁਦਰਸ਼ਨ ਪੁਰਸਕਾਰ (ਕਹਾਣੀ/ਨਾਵਲ) ਰਾਘਵੇਂਦ੍ਰ ਸੈਣੀ ਦੀ ਪੁਸਤਕ ‘ਚੁਨੌਤੀਆਂ’, ਇੰਦਰਨਾਥ ਮਦਾਨ ਪੁਰਸਕਾਰ (ਆਲੋਚਨਾ/ਸੰਪਾਦਨ) ਮਨੋਜ ਕੁਮਾਰ ਪ੍ਰੀਤ ਦੀ ਪੁਸਤਕ ‘ਬਾਬਾ ਬੁੱਲੇਸ਼ਾਹ’ ਅਤੇ ਬਾਲ ਸਾਹਿਤ ਪੁਰਸਕਾਰ ਡਾ. ਫ਼ਕੀਰ ਚੰਦ ਸ਼ੁਕਲਾ ਦੀ ਪੁਸਤਕ ‘ਸਫ਼ਲਤਾ ਕਦਮ ਚੂਮੇਗੀ’ ਨੂੰ ਦਿੱਤਾ ਜਾਵੇਗਾ। ਇਸੇ ਤਰ੍ਹਾਂ ਸਾਲ 2021 ਦਾ ਨਾਨਕ ਸਿੰਘ ਪੁਰਸਕਾਰ (ਨਾਵਲ) ਬਲਦੇਵ ਸਿੰਘ ਦੀ ਪੁਸਤਕ ‘ਸੂਰਜ ਕਦੇ ਮਰਦਾ ਨਹੀਂ’ ਨੂੰ ਦਿੱਤਾ ਜਾਵੇਗਾ। ਇਹ ਪੁਰਸਕਾਰ ਨਵੰਬਰ 2024 ਦੇ ਪੰਜਾਬੀ ਮਾਹ ਦੇ ਸੂਬਾ ਪੱਧਰੀ ਸਮਾਗਮਾਂ ਦੌਰਾਨ ਭਾਸ਼ਾ ਭਵਨ ਪਟਿਆਲਾ ’ਚ ਦਿੱਤੇ ਜਾਣਗੇ।

ਜ਼ਫ਼ਰ ਨੇ ਦੱਸਿਆ ਕਿ ਵਿਭਾਗ ਵੱਲੋਂ 2024 ਤੱਕ ਦੇ ਸਾਰੇ ਸਰਬੋਤਮ ਸਾਹਿਤਕ ਪੁਸਤਕ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਉਨ੍ਹਾਂ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਮੁਲਾਂਕਣਕਾਰਾਂ ਵੱਲੋਂ ਬਹੁਤ ਤਸੱਲੀ ਅਤੇ ਸ਼ਾਨਦਾਰ ਢੰਗ ਨਾਲ ਕੰਮ ਕੀਤਾ ਗਿਆ ਹੈ। ਉਨ੍ਹਾਂ ਇਸ ਸਹਿਯੋਗ ਲਈ ਮੁਲਾਂਕਣਕਾਰਾਂ ਦਾ ਧੰਨਵਾਦ ਕੀਤਾ।

# ਗਾਜ਼ਾ ਉਤੇ ਇਜ਼ਰਾਈਲੀ ਹਮਲੇ ਵਿਚ 22 ਹਲਾਕ



**ਤਲ ਅਵੀਵ:** ਉੱਤਰੀ ਗਾਜ਼ਾ ਉਤੇ ਇਜ਼ਰਾਈਲੀ ਹਮਲੇ 'ਚ 22 ਵਿਅਕਤੀਆਂ ਦੀ ਮੌਤ ਹੋ ਗਈ। ਮ੍ਰਿਤਕਾਂ 'ਚ ਜ਼ਿਆਦਾਤਰ ਔਰਤਾਂ ਅਤੇ ਬੱਚੇ ਸ਼ਾਮਲ ਹਨ। ਇਕ ਵੱਖਰੇ ਘਟਨਾਕ੍ਰਮ ਤਹਿਤ ਇਜ਼ਰਾਈਲੀ ਸ਼ਹਿਰ ਤਲ ਅਵੀਵ ਨੇੜੇ ਇਕ ਬਸ ਸਟਾਪ 'ਤੇ ਖੜ੍ਹੇ ਲੋਕਾਂ ਉਪਰ ਇਕ ਵਿਅਕਤੀ ਨੇ ਟਰੱਕ ਚੜ੍ਹਾ ਦਿੱਤਾ ਜਿਸ ਨਾਲ 35 ਵਿਅਕਤੀ ਜ਼ਖ਼ਮੀ ਹੋ ਗਏ। ਇਹ ਹਾਦਸਾ ਇਜ਼ਰਾਈਲ ਦੀ ਜਾਸੂਸੀ ਏਜੰਸੀ ਮੋਸਾਦ ਦੇ ਹੈੱਡਕੁਆਰਟਰ ਨੇੜੇ ਵਾਪਰਿਆ ਹੈ।

ਇਜ਼ਰਾਈਲੀ ਪੁਲਿਸ ਦੇ ਤਰਜਮਾਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਇਸ ਘਟਨਾ ਨੂੰ ਦਹਿਸ਼ਤੀ ਹਮਲਾ ਮੰਨ ਕੇ ਚੱਲ ਰਹੇ ਹਨ। ਉਸ ਨੇ ਦੱਸਿਆ ਕਿ ਹਮਲਾਵਰ ਨੂੰ ਮਾਰ ਦਿੱਤਾ ਗਿਆ ਹੈ। ਮੇਗਨ ਡੇਵਿਡ ਅਡੋਮ ਰਾਹਤ ਸੇਵਾ ਨੇ ਕਿਹਾ ਕਿ ਜ਼ਖ਼ਮੀਆਂ 'ਚੋਂ ਛੇ ਦੀ ਹਾਲਤ ਗੰਭੀਰ ਹੈ। ਉਧਰ ਦੱਖਣੀ ਲਿਬਨਾਨ 'ਚ ਜੰਗ ਦੌਰਾਨ ਚਾਰ ਇਜ਼ਰਾਈਲੀ ਸੈਨਿਕ ਮਾਰੇ ਗਏ। ਇਜ਼ਰਾਈਲੀ ਫੌਜ ਨੇ ਕਿਹਾ ਕਿ ਪੰਜ ਹੋਰ ਜਵਾਨ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਹਨ। ਗਾਜ਼ਾ ਸਿਹਤ ਮੰਤਰਾਲੇ ਦੀ ਐਮਰਜੈਂਸੀ ਸੇਵਾ ਨੇ ਕਿਹਾ ਕਿ ਦੇਰ ਰਾਤ ਉੱਤਰੀ ਗਾਜ਼ਾ ਦੇ ਬੇਇਤ ਲਾਹੀਆ 'ਚ ਹੋਏ ਹਮਲੇ 'ਚ ਮਾਰੇ ਗਏ 22 ਵਿਅਕਤੀਆਂ 'ਚ 11 ਔਰਤਾਂ ਅਤੇ ਦੋ ਬੱਚੇ ਵੀ ਸ਼ਾਮਲ ਹਨ। ਉਸ ਨੇ ਕਿਹਾ ਕਿ 15 ਹੋਰ ਵਿਅਕਤੀ ਜ਼ਖ਼ਮੀ ਹੋਏ ਹਨ ਅਤੇ ਮੌਤਾਂ ਦੀ ਗਿਣਤੀ ਵਧ ਸਕਦੀ ਹੈ।

# ਰਾਸ਼ਟਰਪਤੀ ਚੋਣਾਂ: ਚੋਣ ਪ੍ਰਚਾਰ ਵਿਚ ਇਮੀਗਰੇਸ਼ਨ ਦਾ ਮੁੱਦਾ ਹਾਵੀ



**ਅਟਲਾਂਟਾ:** ਅਮਰੀਕਾ ਵਿਚ ਰਾਸ਼ਟਰਪਤੀ ਅਹੁਦੇ ਦੀ ਚੋਣ 'ਚ ਕੁਝ ਦਿਨ ਬਚੇ ਹਨ, ਅਜਿਹੇ ਵਿਚ ਇਮੀਗ੍ਰੇਸ਼ਨ ਦਾ ਮੁੱਦਾ ਚੋਣ ਪ੍ਰਚਾਰ 'ਚ ਹਾਵੀ ਹੈ। ਭਾਰਤ ਸਮੇਤ ਵੱਖ-ਵੱਖ ਦੱਖਣ ਏਸ਼ਿਆਈ ਮੁਲਕਾਂ ਦੇ ਪਰਵਾਸੀਆਂ ਨੂੰ ਡਰ ਹੈ ਕਿ ਰਿਪਬਲਿਕਨ ਉਮੀਦਵਾਰ ਡੋਨਲਡ ਟਰੰਪ ਦੇ ਜਿੱਤਣ 'ਤੇ ਉਨ੍ਹਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦਰਅਸਲ, ਟਰੰਪ ਨੇ ਚੋਣ ਪ੍ਰਚਾਰ ਦੌਰਾਨ ਦਿੱਤੇ ਗਏ ਭਾਸ਼ਣਾਂ 'ਚ ਰਾਸ਼ਟਰਪਤੀ ਚੁਣੇ ਜਾਣ ਉਤੇ ਨਾ ਸਿਰਫ ਵਾਸ਼ਿੰਗਟਨ ਦੀਆਂ ਇਮੀਗ੍ਰੇਸ਼ਨ ਨੀਤੀਆਂ ਸਖ਼ਤ ਬਣਾਉਣ ਦਾ ਵਾਅਦਾ ਕੀਤਾ ਹੈ, ਸਗੋਂ ਅਮਰੀਕੀ ਇਤਿਹਾਸ 'ਚ ਬਿਨਾਂ ਦਸਤਾਵੇਜ਼ ਵਾਲੇ ਪਰਵਾਸੀਆਂ ਖ਼ਿਲਾਫ਼ ਮੁਹਿੰਮ ਚਲਾਉਣ ਅਤੇ ਮੌਜੂਦਾ ਸ਼ਰਨਾਰਥੀ ਪ੍ਰੋਗਰਾਮ ਦੀ ਨਜ਼ਰਸਾਨੀ ਕਰਨ ਦਾ ਅਹਿਦ ਵੀ ਲਿਆ ਹੈ। ਸਾਬਕਾ ਰਾਸ਼ਟਰਪਤੀ ਨੇ ਅਮਰੀਕਾ 'ਚ ਗ਼ੈਰਕਾਨੂੰਨੀ ਢੰਗ ਨਾਲ ਰਹਿਣ ਵਾਲੇ ਪਰਵਾਸੀਆਂ ਦੇ ਬੱਚਿਆਂ ਲਈ ਜਨਮ ਤੋਂ ਹੀ ਨਾਗਰਿਕਤਾ ਦੇ ਪ੍ਰਬੰਧ ਨੂੰ ਖ਼ਤਮ ਕਰਨ ਦਾ ਵੀ ਵਾਅਦਾ ਕੀਤਾ ਹੈ ਜਿਸ ਨਾਲ ਭਾਰਤ, ਬੰਗਲਾਦੇਸ਼ ਅਤੇ ਪਾਕਿਸਤਾਨ ਸਮੇਤ ਵੱਖ ਵੱਖ ਮੁਲਕਾਂ ਦੇ ਪਰਵਾਸੀਆਂ ਦੀਆਂ ਚਿੰਤਾਵਾਂ ਵਧ ਗਈਆਂ ਹਨ।

ਪਰਵਾਸੀ ਪੱਖੀ ਗਰੁੱਪਾਂ ਨੇ ਇਮੀਗ੍ਰੇਸ਼ਨ ਬਾਰੇ ਬਿਆਨਬਾਜ਼ੀ ਨੂੰ ਲੈ ਕੇ ਟਰੰਪ ਦੀ ਆਲੋਚਨਾ ਕੀਤੀ ਹੈ। ਉਧਰ ਡੈਮੋਕਰੈਟਿਕ ਉਮੀਦਵਾਰ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਵੀ ਗ਼ੈਰਕਾਨੂੰਨੀ ਇਮੀਗ੍ਰੇਸ਼ਨ ਘੱਟ ਕਰਨ ਦੀ ਵਕਾਲਤ ਕੀਤੀ ਹੈ। ਟਰੰਪ ਨੇ ਇਸ ਹਫ਼ਤੇ ਇਕ ਚੋਣ ਰੈਲੀ 'ਚ ਹੈਰਿਸ 'ਤੇ 'ਪਰਵਾਸੀ ਗਰੋਹਾਂ ਅਤੇ ਗ਼ੈਰਕਾਨੂੰਨੀ ਵਿਦੇਸ਼ੀ ਅਪਰਾਧੀਆਂ' ਨੂੰ ਅਮਰੀਕਾ 'ਚ ਲਿਆਉਣ ਦਾ ਦੋਸ਼ ਲਾਇਆ ਸੀ।

# ਸੱਜਣ ਕੁਮਾਰ ਨੂੰ ਬਰੀ ਕਰਨ ਖਿਲਾਫ ਸੀ.ਬੀ.ਆਈ. ਦੀ ਅਪੀਲ ਪ੍ਰਵਾਨ



**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਤੇ ਹੱਤਿਆ ਦੇ ਇਕ ਮਾਮਲੇ ਵਿਚ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਅਤੇ ਹੋਰਾਂ ਨੂੰ ਬਰੀ ਕਰਨ ਖ਼ਿਲਾਫ਼ ਸੀ.ਬੀ.ਆਈ. ਦੀ ਇਕ ਅਪੀਲ ਸਵੀਕਾਰ ਕਰ ਲਈ ਹੈ। ਜਸਟਿਸ ਪ੍ਰਤਿਭਾ ਐੱਮ ਸਿੰਘ ਅਤੇ ਅਮਿਤ ਸ਼ਰਮਾ ਦੇ ਬੈਂਚ ਨੇ 21 ਅਕਤੂਬਰ ਨੂੰ ਜਾਰੀ ਕੀਤੇ ਆਦੇਸ਼ ਵਿਚ ਜਾਂਚ ਏਜੰਸੀ ਨੂੰ ਹੇਠਲੀ ਅਦਾਲਤ ਦੇ 20 ਸਤੰਬਰ, 2023 ਦੇ ਹੁਕਮ ਖ਼ਿਲਾਫ਼ 'ਅਪੀਲ ਦੀ ਇਜਾਜ਼ਤ' ਦਿੱਤੀ ਹੈ ਅਤੇ ਮਾਮਲੇ 'ਤੇ ਅਗਲੀ ਸੁਣਵਾਈ ਦਸੰਬਰ ਵਿਚ ਕਰਨ ਦਾ ਫ਼ੈਸਲਾ ਕੀਤਾ ਹੈ। 'ਅਪੀਲ ਦੀ ਇਜਾਜ਼ਤ' ਕਿਸੇ ਅਦਾਲਤ ਵੱਲੋਂ ਕਿਸੇ ਇਕ ਧਿਰ ਨੂੰ ਉੱਚ ਅਦਾਲਤ ਵਿੱਚ ਫ਼ੈਸਲੇ ਨੂੰ ਚੁਣੌਤੀ ਦੇਣ ਲਈ ਦਿੱਤੀ ਗਈ ਰਸਮੀ ਇਜਾਜ਼ਤ ਹੈ।

ਅਦਾਲਤ ਨੇ ਹੁਕਮਾਂ ਵਿਚ ਕਿਹਾ, "ਇਸ ਅਦਾਲਤ ਦੀ ਰਾਇ ਅਨੁਸਾਰ ਸੀ.ਬੀ.ਆਈ. ਨੂੰ ਅਪੀਲ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਅਪੀਲ ਸਵੀਕਾਰ ਕੀਤੀ ਜਾਂਦੀ ਹੈ।" ਅਦਾਲਤ ਨੇ ਮਾਮਲੇ ਵਿਚ ਬਰੀ ਕਰਨ ਦੇ ਆਦੇਸ਼ ਖ਼ਿਲਾਫ਼ ਪੀੜਤਾ ਸ਼ੀਲਾ ਕੌਰ ਦੀ ਅਪੀਲ ਵੀ ਸਵੀਕਾਰ ਕਰ ਲਈ ਅਤੇ ਅਥਾਰਿਟੀ ਨੂੰ ਮੌਜੂਦਾ ਮੁਲਜ਼ਮਾਂ ਖ਼ਿਲਾਫ਼ 1984 ਦੇ ਦੰਗਿਆਂ ਸਬੰਧੀ ਕਿਸੇ ਵੀ ਹੋਰ ਅਪੀਲ 'ਤੇ ਇਕ ਹੋਰ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ।

ਵਿਸ਼ੇਸ਼ ਜੱਜ ਗੀਤਾਂਜਲੀ ਗੋਇਲ ਨੇ 20 ਸਤੰਬਰ, 2023 ਨੂੰ ਮਾਮਲੇ ਵਿਚ ਸੱਜਣ ਕੁਮਾਰ ਨੂੰ ਬਰੀ ਕਰਦਿਆਂ ਉਸ ਨੂੰ 'ਸ਼ੱਕ ਦਾ ਲਾਭ' ਦਿੱਤਾ ਸੀ ਅਤੇ ਕਿਹਾ ਸੀ ਕਿ ਇਸਤਗਾਸਾ ਪੱਖ 'ਮੁਲਜ਼ਮਾਂ ਖ਼ਿਲਾਫ਼ ਸ਼ੱਕ ਤੋਂ ਪਰ੍ਹੇ ਦੋਸ਼ ਸਾਬਤ ਕਰਨ ਵਿਚ ਨਾਕਾਮ ਰਿਹਾ।' ਹੇਠਲੀ ਅਦਾਲਤ ਨੇ ਦੋ ਹੋਰ ਮੁਲਜ਼ਮਾਂ ਵੇਦ ਪ੍ਰਕਾਸ਼ ਪਿਯਾਲ ਅਤੇ ਬ੍ਰਹਮਾਨੰਦ ਗੁਪਤਾ ਨੂੰ ਵੀ ਬਰੀ ਕਰਦਿਆਂ ਕਿਹਾ ਸੀ ਕਿ ਇਸਤਗਾਸਾ ਪੱਖ ਉਨ੍ਹਾਂ ਖ਼ਿਲਾਫ਼ ਹੱਤਿਆ ਅਤੇ ਦੰਗਾ ਕਰਨ ਦੇ ਦੋਸ਼ ਸਾਬਤ ਕਰਨ ਵਿਚ ਅਸਫ਼ਲ ਰਿਹਾ ਹੈ।

## ਹਵਾ ਪ੍ਰਦੂਸ਼ਣ: ਸਿਹਤ ਮੰਤਰਾਲੇ ਵੱਲੋਂ ਪਬਲਿਕ ਟਰਾਂਸਪੋਰਟ ਦੀ ਵਰਤੋਂ ਦਾ ਸੱਦਾ

**ਨਵੀਂ ਦਿੱਲੀ:** ਸ਼ਹਿਰ ਵਿਚ ਵਧ ਰਹੇ ਹਵਾ ਪ੍ਰਦੂਸ਼ਣ ਦੇ ਮੱਦੇਨਜ਼ਰ ਸਰਕਾਰ ਨੇ ਸਾਰੇ ਰਾਜਾਂ ਨੂੰ ਸਿਹਤ ਕਰਮੀਆਂ ਦੀ ਤਾਇਨਾਤੀ ਵਧਾਉਣ ਅਤੇ ਹੋਰ ਵਿਆਪਕ ਤਿਆਰੀਆਂ ਕਰਨ ਦੀ ਅਪੀਲ ਕੀਤੀ ਹੈ ਤਾਂ ਕਿ ਤਿਉਹਾਰਾਂ ਦੇ ਸੀਜ਼ਨ ਅਤੇ ਸਰਦੀਆਂ ਦੀ ਸ਼ੁਰੂਆਤ ਕਾਰਨ ਮੌਸਮ ਵਿਗੜਨ ਦੀ ਸੰਭਾਵਨਾ ਨਾਲ ਨਜਿੱਠਿਆ ਜਾ ਸਕੇ। ਕੇਂਦਰੀ ਸਿਹਤ ਮੰਤਰਾਲੇ ਨੇ ਲੋਕਾਂ ਨੂੰ ਜਨਤਕ ਆਵਾਜਾਈ ਦੀ ਵਰਤੋਂ ਕਰਨ ਅਤੇ ਭੀੜ-ਭੜੱਕੇ ਵਾਲੀਆਂ ਥਾਵਾਂ 'ਤੇ ਜਾਣ ਤੋਂ ਬਚਣ ਦੀ ਅਪੀਲ ਕੀਤੀ ਹੈ।

# 50 ਉਡਾਣਾਂ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ



**ਨਵੀਂ ਦਿੱਲੀ:** ਭਾਰਤੀ ਏਅਰਲਾਈਨਜ਼ ਦੀਆਂ 50 ਉਡਾਣਾਂ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲੀਆਂ। ਇਹ ਜਾਣਕਾਰੀ ਸੂਤਰਾਂ ਨੇ ਦਿੱਤੀ ਹੈ। ਜਾਣਕਾਰੀ ਅਨੁਸਾਰ ਬੀਤੇ 14 ਦਿਨਾਂ ਵਿਚ ਭਾਰਤੀ ਏਅਰਲਾਈਨਜ਼ ਵੱਲੋਂ ਚਲਾਈਆਂ ਜਾਂਦੀਆਂ 350 ਤੋਂ ਵੱਧ ਉਡਾਣਾਂ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲ ਚੁੱਕੀਆਂ ਹਨ। ਸੂਤਰਾਂ ਮੁਤਾਬਕ ਇੰਡੀਗੋ ਦੀਆਂ 18 ਤੇ ਵਿਸਤਾਰਾ ਦੀਆਂ 17 ਉਡਾਣਾਂ ਨੂੰ ਇਹ ਧਮਕੀਆਂ ਮਿਲੀਆਂ ਹਨ। ਏਅਰਲਾਈਨਜ਼ ਨੂੰ ਬੰਬ ਨਾਲ ਉਡਾਉਣ ਦੀਆਂ ਮਿਲਦੀਆਂ ਧਮਕੀਆਂ ਦੇ ਮੱਦੇਨਜ਼ਰ ਸੂਚਨਾ ਤਕਨਾਲੋਜੀ ਮੰਤਰਾਲੇ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਜ਼ਿੰਮੇਵਾਰੀਆਂ ਦੀ ਪਾਲਣਾ ਕਰਨ ਅਤੇ ਸੂਚਨਾ ਤਕਨਾਲੋਜੀ ਨਿਯਮਾਂ ਤਹਿਤ ਦੱਸੇ ਗਏ ਸਮੇਂ ਦੇ ਅੰਦਰ ਗਲਤ ਜਾਣਕਾਰੀ ਪਲੇਟਫਾਰਮ ਤੋਂ ਹਟਾਉਣ ਜਾਂ ਉਸ ਦੇ ਪੜ੍ਹੇ ਜਾਂ ਸਾਂਝੇ ਕੀਤੇ ਜਾਣ 'ਤੇ ਰੋਕ ਲਾਉਣ ਲਈ ਕਿਹਾ ਹੈ।

# ਹੈਰਿਸ ਅਤੇ ਟਰੰਪ ਵਿਚਾਲੇ ਫਸਵਾਂ ਮੁਕਾਬਲਾ



**ਨਿਊ ਯਾਰਕ:** ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਵਿਚ ਉਪ ਰਾਸ਼ਟਰਪਤੀ ਕਮਲਾ ਹੈਰਿਸ ਅਤੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦਰਮਿਆਨ ਫਸਵੀਂ ਟੱਕਰ ਦਿਖਾਈ ਦੇ ਰਹੀ ਹੈ। ਦੋ ਸਰਵੇਖਣਾਂ ਵਿਚ ਡੈਮੋਕਰੈਟਿਕ ਉਮੀਦਵਾਰ ਹੈਰਿਸ ਅਤੇ ਰਿਪਬਲਿਕਨ ਉਮੀਦਵਾਰ ਟਰੰਪ ਦਰਮਿਆਨ ਬਰਾਬਰ ਵੋਟਾਂ ਵਾਲੀ ਸਥਿਤੀ ਸਾਹਮਣੇ ਆਈ ਹੈ। ਇਹ ਸਰਵੇਖਣ 'ਨਿਊ ਯਾਰਕ ਟਾਈਮਜ਼' ਅਤੇ 'ਸੀ.ਐਨ.ਐਨ' ਵੱਲੋਂ ਜਾਰੀ ਕੀਤੇ ਗਏ ਹਨ। ਇਸ ਦੌਰਾਨ ਅਮਰੀਕਾ ਦੇ ਦੋ ਵੱਡੇ ਅਖ਼ਬਾਰਾਂ 'ਵਾਸ਼ਿੰਗਟਨ ਪੋਸਟ' ਤੇ 'ਲਾਸ ਏਂਜਲਸ ਟਾਈਮਜ਼' ਨੇ ਵੀ ਕਿਸੇ ਉਮੀਦਵਾਰ ਦੀ ਹਮਾਇਤ ਨਾ ਕਰਨ ਦਾ ਫ਼ੈਸਲਾ ਕੀਤਾ ਹੈ। 'ਨਿਊ ਯਾਰਕ ਟਾਈਮਜ਼' ਦੇ ਤਾਜ਼ਾ ਸਰਵੇਖਣ ਵਿਚ ਦੋਵਾਂ ਉਮੀਦਵਾਰਾਂ ਨੂੰ 48 ਫ਼ੀਸਦ ਵੋਟਿੰਗ ਨਾਲ ਬਰਾਬਰ ਵਾਲੀ ਸਥਿਤੀ ਵਿਚ ਦਿਖਾਇਆ ਹੈ। ਇਸ ਮਹੀਨੇ ਦੇ ਸ਼ੁਰੂ ਵਿਚ ਕਮਲਾ ਹੈਰਿਸ ਨੂੰ ਤਿੰਨ ਫ਼ੀਸਦੀ ਦੀ ਲੀਡ ਹਾਸਲ ਸੀ, ਜੋ ਹੁਣ ਖ਼ਤਮ ਹੁੰਦੀ ਦਿਖਾਈ ਗਈ ਹੈ। ਸੀ.ਐਨ.ਐਨ. ਦੇ ਸਰਵੇਖਣ ਵਿੱਚ ਕਿਹਾ ਗਿਆ ਹੈ ਕਿ 47 ਫੀਸਦ ਵੋਟਰਾਂ ਵੱਲੋਂ ਡੈਮੋਕਰੈਟਿਕ ਉਮੀਦਵਾਰ ਹੈਰਿਸ ਦਾ ਸਮਰਥਨ ਕਰਨ ਦੀ ਸੰਭਾਵਨਾ ਹੈ, ਜਦੋਂਕਿ 47 ਫੀਸਦ ਹੀ ਰਿਪਬਲਿਕਨ ਉਮੀਦਵਾਰ ਟਰੰਪ ਦਾ ਸਮਰਥਨ ਕਰ ਸਕਦੇ ਹਨ।

# ਬਾਬਾ ਸਿੱਦੀਕੀ ਕਤਲ ਕੇਸ ਵਿਚ ਲੁਧਿਆਣਾ ਤੋਂ ਗ੍ਰਿਫਤਾਰੀ

**ਚੰਡੀਗੜ੍ਹ:** ਐਨ.ਸੀ.ਪੀ. ਆਗੂ ਅਤੇ ਮਹਾਰਾਸ਼ਟਰ ਦੇ ਸਾਬਕਾ ਮੰਤਰੀ ਬਾਬਾ ਸਿੱਦੀਕੀ ਦੇ ਕਤਲ ਦੇ ਮਾਮਲੇ ਵਿਚ ਲੁਧਿਆਣਾ ਤੋਂ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੰਜਾਬ ਪੁਲਿਸ ਮੁਖੀ ਗੌਰਵ ਯਾਦਵ ਨੇ ਇਹ ਜਾਣਕਾਰੀ ਦਿੱਤੀ। ਸੁਰਜੀਤ ਸੁਸ਼ੀਲ ਸਿੰਘ ਨੂੰ ਪੰਜਾਬ ਪੁਲਿਸ ਅਤੇ ਮੁੰਬਈ ਪੁਲਿਸ ਦੇ ਸਾਂਝੇ ਆਪ੍ਰੇਸ਼ਨ ਵਿਚ ਕਾਬੂ ਕੀਤਾ ਗਿਆ ਹੈ ਅਤੇ ਉਸ ਨੂੰ ਮੁੰਬਈ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ ਹੈ।

ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ 'ਐਕਸ' ਪੋਸਟ ਵਿਚ ਕਿਹਾ ਕਿ ਇਕ ਵੱਡੀ ਸਫਲਤਾ ਵਿਚ ਮੁੰਬਈ ਪੁਲਿਸ ਨੇ ਪੰਜਾਬ ਪੁਲਿਸ ਨਾਲ ਇਕ ਸਾਂਝੇ ਆਪ੍ਰੇਸ਼ਨ ਵਿਚ ਮੁੰਬਈ ਦੇ ਰਹਿਣ ਵਾਲੇ ਸੁਜੀਤ ਸੁਸ਼ੀਲ ਸਿੰਘ ਨੂੰ ਗ੍ਰਿਫ਼ਤਾਰ ਕੀਤਾ, ਜੋ ਹਾਈ ਪ੍ਰੋਫਾਈਲ ਕਤਲ ਵਿਚ ਲੋੜੀਂਦਾ ਸੀ। ਉਨ੍ਹਾਂ ਦੱਸਿਆ ਕਿ ਸੁਜੀਤ ਕਤਲ ਦੀ ਸਾਜ਼ਿਸ਼ ਵਿਚ ਸ਼ਾਮਲ ਸੀ ਅਤੇ ਉਸ ਨੂੰ ਤਿੰਨ ਦਿਨ ਪਹਿਲਾਂ ਨਿਤਿਨ ਗੌਤਮ (ਗੌਤਮ) ਸਪਰੇ ਵੱਲੋਂ ਸਾਜ਼ਿਸ਼ ਨਾਲ ਸਹਾਇਤਾ ਪ੍ਰਦਾਨ ਕੀਤੀ ਗਈ ਸੀ, ਅਗਲੇਰੀ ਜਾਂਚ ਲਈ ਉਸ ਨੂੰ ਮੁੰਬਈ ਪੁਲਿਸ ਨੂੰ ਸੌਂਪ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਮੁੰਬਈ ਦੇ ਮਸ਼ਹੂਰ ਸਿਆਸੀ ਆਗੂ ਬਾਬਾ ਸਿਦੀਕੀ (66) ਦੀ 12 ਅਕਤੂਬਰ ਨੂੰ ਮੁੰਬਈ ਦੇ ਬਾਂਦਰਾ ਖੇਤਰ ਦੇ ਖੇਰ ਨਗਰ ਵਿਚ ਤਿੰਨ ਲੋਕਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ।

# ਆਈਲੈਟਸ ਤੇ ਵੀਜ਼ਾ ਕੰਸਲਟੈਂਸੀ ਦਾ ਲਾਇਸੈਂਸ ਰੱਦ

**ਫਤਹਿਗੜ੍ਹ ਸਾਹਿਬ:** ਡਿਪਟੀ ਕਮਿਸ਼ਨਰ-ਕਮ-ਲਾਇਸੈਂਸਿੰਗ ਅਥਾਰਿਟੀ ਡਾ. ਸੋਨਾ ਥਿੰਦ ਨੇ ਪੰਜਾਬ ਮਨੁੱਖੀ ਤਸਕਰੀ ਰੋਕਥਾਮ ਐਕਟ 2012 (ਪੰਜਾਬ ਐਕਟ 2 ਆਫ 2013) ਦੇ ਸੈਕਸ਼ਨ 6 (1) (ਜੀ) ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਮੈਸਰਜ਼ ਮਿਡਾਸ ਟੱਚ ਕੰਸਲਟੈਂਟਸ ਆਈਲੈਟਸ ਤੇ ਵੀਜ਼ਾ ਕੰਸਲਟੈਂਸੀ ਦਾ ਲਾਇਸੈਂਸ ਰੱਦ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਸੂਚਨਾ ਅਨੁਸਾਰ ਅੱਛਰ ਕੁਮਾਰ ਚਿਕਰਸਾਲ ਪੁੱਤਰ ਅੰਮ੍ਰਿਤ ਲਾਲ ਵਾਸੀ ਈਸਟ ਨਿਊ ਜਨਤਾ ਨਗਰ, ਨੇੜੇ ਗਿੱਲ ਮਾਰਕੀਟ ਲੁਧਿਆਣਾ ਅਤੇ ਹਰਮੀਤ ਕੌਰ ਪਤਨੀ ਹਰਪਾਲ ਸਿੰਘ ਵਾਸੀ ਪ੍ਰੇਮ ਨਗਰ, ਅੰਬਾਲਾ ਸ਼ਹਿਰ ਦੇ ਨਾਮ 'ਤੇ ਮਿਡਾਸ ਟੱਚ ਕੰਸਲਟੈਂਟਸ ਨਾਮ ਤੋਂ ਆਈਲੈਟਸ ਅਤੇ ਵੀਜ਼ਾ ਕੰਸਲਟੈਂਸੀ ਦਾ ਲਾਇਸੈਂਸ 29.03.2023 ਨੂੰ ਜਾਰੀ ਕੀਤਾ ਗਿਆ ਸੀ ਜੋ ਕਿ 28.03.2028 ਤੱਕ ਵੈਲਿਡ ਸੀ। ਮਿਲੀ ਜਾਣਕਾਰੀ ਅਨੁਸਾਰ ਹਰਮੀਤ ਕੌਰ ਕੈਨੇਡਾ ਚਲੀ ਗਈ ਅਤੇ ਅੱਛਰ ਕੁਮਾਰ ਨੇ ਬੇਨਤੀ ਕੀਤੀ ਸੀ ਕਿ ਉਨ੍ਹਾਂ ਦਾ ਲਾਇਸੈਂਸ ਰੱਦ ਕਰ ਦਿੱਤਾ ਜਾਵੇ।

# ਬਿਸ਼ਨੋਈ ਭਾਈਚਾਰੇ ਤੋਂ ਮੁਆਫ਼ੀ ਮੰਗੇ ਸਲਮਾਨ ਖਾਨ: ਟਿਕੈਤ



**ਪ੍ਰਯਾਗਰਾਜ:** ਬੌਲੀਵੁੱਡ ਅਦਾਕਾਰ ਸਲਮਾਨ ਖ਼ਾਨ ਨੂੰ ਲਾਰੈਂਸ ਬਿਸ਼ਨੋਈ ਗਰੋਹ ਤੋਂ ਮਿਲ ਰਹੀਆਂ ਧਮਕੀਆਂ ਦੀਆਂ ਰਿਪੋਰਟਾਂ ਦਰਮਿਆਨ ਭਾਰਤੀ ਕਿਸਾਨ ਯੂਨੀਅਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਹੈ ਕਿ ਅਦਾਕਾਰ ਨੂੰ ਬਿਸ਼ਨੋਈ ਭਾਈਚਾਰੇ ਤੋਂ ਮੁਆਫ਼ੀ ਮੰਗ ਲੈਣੀ ਚਾਹੀਦੀ ਹੈ ਕਿਉਂਕਿ ਜੇ ਮੁਆਫ਼ੀ ਮੰਗਣ ਨਾਲ ਮਾਮਲੇ ਦਾ ਨਿਬੇੜਾ ਹੁੰਦਾ ਹੈ ਤਾਂ ਫਿਰ ਇਸ 'ਚ ਕੁਝ ਵੀ ਗਲਤ ਨਹੀਂ ਹੈ।

ਇਥੇ ਕਿਸਾਨ ਮਹਾਂਪੰਚਾਇਤ 'ਚ ਹਿੱਸਾ ਲੈਣ ਲਈ ਪੁੱਜੇ ਟਿਕੈਤ ਨੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ 'ਚ ਕਿਹਾ ਕਿ ਜੇ ਜਾਣੇ-ਅਣਜਾਣੇ 'ਚ ਕੋਈ ਗਲਤੀ ਹੋਈ ਹੈ ਤਾਂ ਸਲਮਾਨ ਦਾ ਮੁਆਫ਼ੀ ਮੰਗਣ ਨਾਲ ਕੁਝ ਨਹੀਂ ਵਿਗੜੇਗਾ। ਕਿਸਾਨ ਆਗੂ ਨੇ ਦੋਸ਼ ਲਾਇਆ ਕਿ ਉੱਤਰ ਪ੍ਰਦੇਸ਼ ਸਰਕਾਰ, ਜਿਸ ਨੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੇਣ ਦਾ ਵਾਅਦਾ ਕੀਤਾ ਸੀ, ਨੇ ਉਨ੍ਹਾਂ ਦੇ ਖੇਤਾਂ 'ਚ ਮੀਟਰ ਲਗਾਉਣੇ ਸ਼ੁਰੂ ਕਰ ਦਿੱਤੇ ਹਨ। ਉਨ੍ਹਾਂ ਕਿਹਾ, "ਸਾਨੂੰ ਨਹੀਂ ਪਤਾ ਕਿ ਮੀਟਰਾਂ ਤੋਂ ਮੁਫ਼ਤ ਬਿਜਲੀ ਕਿਵੇਂ ਮਿਲੇਗੀ। ਜੇ ਮੀਟਰ ਲਗਾਉਣੇ ਹਨ ਤਾਂ ਫਿਰ ਭਾਜਪਾ ਨੂੰ 2027 ਦੀਆਂ ਯੂਪੀ ਚੋਣਾਂ ਤੋਂ ਪਹਿਲਾਂ ਆਪਣੇ ਚੋਣ ਮਨੋਰਥ ਪੱਤਰ 'ਚ ਇਸ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਨਹੀਂ ਤਾਂ ਖੇਤਾਂ 'ਚ ਬਿਜਲੀ ਮੀਟਰ ਨਹੀਂ ਲੱਗਣ ਦੇਵਾਂਗੇ।" ਝੋਨੇ ਦੇ ਮੁੱਲ ਬਾਰੇ ਉਨ੍ਹਾਂ ਕਿਹਾ ਕਿ ਪੂਰਵਾਂਚਲ ਦੇ ਜੌਨਪੁਰ, ਮਿਰਜ਼ਾਪੁਰ ਅਤੇ ਬਲੀਆ 'ਚ ਕਿਸਾਨਾਂ ਨੂੰ ਫ਼ਸਲ 1200 ਰੁਪਏ ਪ੍ਰਤੀ ਕੁਇੰਟਲ ਦੇ ਮੁੱਲ ਉਤੇ ਵੇਚਣੀ ਪੈ ਰਹੀ ਹੈ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura

**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਕਮਿਊਨਿਸਟ ਆਗੂ ਜਗਜੀਤ ਸਿੰਘ ਸੋਹਲ ਨੂੰ ਸ਼ਰਧਾਂਜਲੀ

**ਪਟਿਆਲਾ:** "ਕਾਮਰੇਡ ਸੋਹਲ ਭਾਰਤੀ ਲੋਕਾਂ ਦਾ ਸੱਚਾ ਜਮਹੂਰੀ ਰਾਜ ਲਿਆਉਣ ਨੂੰ ਪ੍ਰਣਾਏ ਸਿਦਕ ਤੇ ਸਿਰੜ ਦੀ ਮਿਸਾਲ ਕਮਿਊਨਿਸਟ ਆਗੂ ਸਨ ਜਿਨ੍ਹਾਂ ਨੇ 96 ਸਾਲ ਲੰਮੀ ਜ਼ਿੰਦਗੀ ਦਾ ਵੱਡਾ ਹਿੱਸਾ ਸਮਾਜਿਕ ਤਬਦੀਲੀ ਲਈ ਇਨਕਲਾਬੀ ਸੰਘਰਸ਼ ਦੇ ਲੇਖੇ ਲਾਇਆ ਅਤੇ ਕਮਿਊਨਿਸਟ ਲਹਿਰ ਨੂੰ ਆਰਥਿਕਵਾਦ, ਕਾਨੂੰਨਵਾਦ ਦੀ ਜਿੱਲ੍ਹਣ 'ਚੋਂ ਕੱਢ ਕੇ ਲੋਕਯੁੱਧ ਦਾ ਰਾਹ ਅਪਣਾਉਣ ਲਈ ਸੇਧ ਦੇਣ ਵਿਚ ਇਤਿਹਾਸਕ ਭੂਮਿਕਾ ਨਿਭਾਈ। ਕਮਿਊਨਿਸਟ ਇਨਕਲਾਬੀ ਆਗੂ ਵਜੋਂ ਉਨ੍ਹਾਂ ਦਾ ਰਾਜਨੀਤਕ ਸਫ਼ਰ ਸਮੁੱਚੀ ਇਨਕਲਾਬੀ ਲਹਿਰ ਲਈ ਫ਼ਖ਼ਰਯੋਗ ਹੈ।" ਇਹ ਵਿਚਾਰ ਇੱਥੇ ਕਾਮਰੇਡ ਜਗਜੀਤ ਸਿੰਘ ਸੋਹਲ ਦੇ ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਇਨਕਲਾਬੀ ਜਮਹੂਰੀ ਜਥੇਬੰਦੀਆਂ ਦੇ ਬੁਲਾਰਿਆਂ ਨੇ ਪ੍ਰਗਟ ਕੀਤੇ। ਸ਼ਰਧਾਂਜਲੀ ਸਮਾਗਮ 'ਚ ਜਿੱਥੇ ਪੰਜਾਬ ਤੋਂ ਇਲਾਵਾ ਦਿੱਲੀ ਅਤੇ ਹਰਿਆਣਾ ਤੋਂ ਵੀ ਇਨਕਲਾਬੀ



ਜਮਹੂਰੀ ਕਾਰਕੁਨ ਸ਼ਾਮਲ ਹੋਏ ਉੱਥੇ ਦੇਸ਼-ਵਿਦੇਸ਼ 'ਚੋਂ ਵੀ ਲੋਕਪੱਖੀ ਜਥੇਬੰਦੀਆਂ ਨੇ ਸੋਗ ਸੁਨੇਹਿਆਂ ਭੇਜ ਕੇ ਉਨ੍ਹਾਂ ਦੇ ਦੇਹਾਂਤ ਉੱਪਰ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਅਤੇ ਵਿਛੜੇ ਸੰਗਰਾਮੀ ਸਾਥੀ ਦੀ ਕੁਰਬਾਨੀ ਤੇ ਯੋਗਦਾਨ ਨੂੰ ਚੇਤੇ ਕੀਤਾ।

ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਸੀ.ਪੀ.ਆਈ.(ਐੱਮ.ਐੱਲ.)-ਨਿਊ ਡੈਮੋਕਰੇਸੀ ਦੇ ਆਗੂ ਦਰਸ਼ਨ ਸਿੰਘ ਖਟਕੜ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਡਾ. ਦਰਸ਼ਨਪਾਲ, ਲੋਕ ਸੰਗਰਾਮ ਮੋਰਚਾ ਦੇ ਪ੍ਰਧਾਨ ਤਾਰਾ ਸਿੰਘ ਮੋਗਾ, ਪੰਜਾਬ ਜਮਹੂਰੀ ਮੋਰਚਾ ਦੇ ਸੂਬਾ ਆਗੂ ਬੂਟਾ ਸਿੰਘ ਮਹਿਮੂਦਪੁਰ, ਸੁਰਖ਼ ਲੀਹ ਦੇ ਸੰਪਾਦਕ ਪਾਵੇਲ ਕੁੱਸਾ, ਲਾਲ ਪਰਚਮ ਦੇ ਸੰਪਾਦਕ ਮੁਖਤਿਆਰ ਪੂਹਲਾ, ਹਰਿਆਣਾ ਤੋਂ ਲੋਕ ਜਮਹੂਰੀ ਆਗੂ ਸਤੀਸ਼ ਅਜ਼ਾਦ, ਦਿੱਲੀ ਤੋਂ ਕਾਰਕੁਨ ਕੁਲਬੀਰ ਸਿੰਘ, ਉਨ੍ਹਾਂ ਦੇ ਨਕਸਲੀ ਲਹਿਰ ਦੇ ਮੁੱਢਲੇ ਸਾਥੀ ਗੁਰਮੀਤ ਸਿੰਘ ਦਿੱਤੂਪੁਰ, ਇਨਕਲਾਬੀ ਜਮਹੂਰੀ ਮੋਰਚਾ ਦੇ ਆਗੂ ਡਾ. ਮਨਿੰਦਰ ਬੀਹਲਾ, ਲਖਵਿੰਦਰ (ਅਦਾਰਾ ਪ੍ਰਤੀਬੱਧ) ਸ਼ਾਮਿਲ ਸਨ।

ਇਸ ਮੌਕੇ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗਰੇਟ ਬ੍ਰਿਟੇਨ), ਸੀ.ਪੀ.ਆਈ. (ਮਾਓਵਾਦੀ), ਸੀ.ਪੀ.ਆਰ.ਸੀ.ਆਈ. (ਐੱਮ.ਐਲ.), ਭਾਰਤੀ ਕਮਿਊਨਿਸਟ ਲੀਗ, ਦੇਸ਼ਭਗਤ ਯਾਦਗਾਰ ਕਮੇਟੀ ਜਲੰਧਰ, ਜਮਹੂਰੀ ਅਧਿਕਾਰ ਸਭਾ ਪੰਜਾਬ, ਇਨਕਲਾਬੀ ਕੇਂਦਰ ਪੰਜਾਬ, ਮਾਸਿਕ ਸਰੋਕਾਰਾਂ ਦੀ ਆਵਾਜ਼, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ, ਫਰੈਂਡਜ਼ ਆਫ ਇੰਡੀਅਨ ਰੈਵੋਲੂਸ਼ਨ ਕੈਨੇਡਾ, ਇੰਡੀਅਨ ਪ੍ਰੋਗਰੈਸਿਵ ਸਟੱਡੀ ਐਂਡ ਰਿਸਰਚ ਗਰੁੱਪ ਵੈਨਕੂਵਰ ਵਲੋਂ ਭੇਜੇ ਸੋਗ ਸੰਦੇਸ਼ ਵੀ ਪੜ੍ਹੇ ਗਏ। ਮੰਚ ਸੰਚਾਲਨ ਮਾਸਟਰ ਸੁੱਚਾ ਸਿੰਘ ਨੇ ਕੀਤਾ। ਅਜਮੇਰ ਸਿੰਘ ਅਕਲੀਆ, ਬੋਘ ਸਿੰਘ ਖੋਖਰ, ਗੁਰਮੀਤ ਜੱਜ, ਹਰਬੰਸ ਸੋਨੂ, ਅਵਤਾਰ ਸਿੰਘ ਕੌਰਜੀਵਾਲਾ ਅਤੇ ਕੁਲਵਿੰਦਰ ਬੰਟੀ ਨੇ ਗੀਤ ਅਤੇ ਕਵੀਸ਼ਰੀ ਰਾਹੀਂ ਸ਼ਰਧਾਂਜਲੀ ਭੇਂਟ ਕੀਤੀ ਗਈ।

# ਬੰਦੀਛੋੜ ਦਿਵਸ: ਅਕਾਲ ਤਖਤ ਵੱਲੋਂ ਬਿਜਲਈ ਸਜਾਵਟ ਨਾ ਕਰਨ ਦੇ ਹੁਕਮ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਕ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ 40 ਸਾਲ ਪੂਰੇ ਹੋਣ ਦੇ ਮੱਦੇਨਜ਼ਰ ਸਿੱਖ ਕੌਮ ਨੂੰ ਆਦੇਸ਼ ਕੀਤਾ ਕਿ ਇਕ ਨਵੰਬਰ ਨੂੰ ਬੰਦੀਛੋੜ ਦਿਵਸ ਮੌਕੇ ਬੰਦੀਛੋੜ ਦਾਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿਚ ਕੇਵਲ ਘਿਓ ਦੇ ਦੀਵਿਆਂ ਦੀ ਹੀ ਦੀਪਮਾਲਾ ਕੀਤੀ ਜਾਵੇ ਅਤੇ ਬਿਜਲਈ ਸਜਾਵਟਾਂ ਨਾ ਕੀਤੀਆਂ ਜਾਣ।

ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਲਿਖਤੀ ਬਿਆਨ ਵਿਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ 1 ਨਵੰਬਰ 1984 ਨੂੰ ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ ਵੱਖ-ਵੱਖ ਸੂਬਿਆਂ ਦੇ 110 ਸ਼ਹਿਰਾਂ ਵਿਚ ਇਕ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਕਾਂਗਰਸ ਹਕੂਮਤ ਦੀ ਸਰਪ੍ਰਸਤੀ ਹੇਠ ਸਿੱਖਾਂ ਦਾ ਬੇਰਹਿਮੀ ਦੇ ਨਾਲ ਕਤਲੇਆਮ ਕੀਤਾ ਗਿਆ ਸੀ, ਜੋ ਸਿੱਖ ਨਸਲਕੁਸ਼ੀ ਸੀ। ਉਨ੍ਹਾਂ ਕਿਹਾ ਕਿ 1 ਨਵੰਬਰ 2024 ਨੂੰ ਸਿੱਖ ਨਸਲਕੁਸ਼ੀ ਦੇ 40 ਵਰ੍ਹੇ ਹੋ ਗਏ ਹਨ। ਉਨ੍ਹਾਂ ਕਿਹਾ ਕਿ ਪਿਛਲੇ 40 ਸਾਲਾਂ ਦੌਰਾਨ ਸਿੱਖਾਂ ਨੇ ਭਾਰਤੀ ਹਕੂਮਤ ਦੀ ਸਰਪ੍ਰਸਤੀ ਹੇਠ ਹੋਏ ਆਪਣੇ ਨਰਸੰਹਾਰ ਦੇ ਬਹੁਪੱਖੀ ਪ੍ਰਭਾਵਾਂ ਵਿਚੋਂ ਉਭਰਦਿਆਂ ਆਪਣੇ ਕੌਮੀ ਬਿਰਤਾਂਤ ਨੂੰ ਮੁੜ ਸਥਾਪਿਤ ਕਰਨ ਲਈ ਜਿਹੜਾ ਸੰਘਰਸ਼ਸ਼ੀਲ ਪੈਂਡਾ ਤਹਿ ਕੀਤਾ ਹੈ, ਉਹ ਵੀ ਅਦੁੱਤੀ ਅਤੇ ਲਾ-ਮਿਸਾਲ ਹੈ। ਉਨ੍ਹਾਂ ਕਿਹਾ ਕਿ ਨਵੰਬਰ '84 ਇਕ ਐਸਾ ਨਾਸੂਰ ਹੈ ਜੋ ਰਹਿੰਦੀ ਦੁਨੀਆ ਤੱਕ ਸਿੱਖ ਮਾਨਸਿਕਤਾ ਵਿਚ ਤਾਜ਼ਾ ਰਹੇਗਾ। ਉਨ੍ਹਾਂ ਕਿਹਾ ਕਿ 1 ਨਵੰਬਰ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਅ ਹੋ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਆਮਦ ਦੀ ਯਾਦ ਵਿਚ ਬੰਦੀਛੋੜ ਦਿਵਸ ਵੀ ਹੈ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਇਸ ਵਾਰ ਬੰਦੀਛੋੜ ਦਿਵਸ ਮੌਕੇ ਸਿਰਫ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੀ ਬਿਜਲਈ ਸਜਾਵਟ ਕੀਤੀ ਜਾਵੇਗੀ। ਇਸ ਤੋਂ ਇਲਾਵਾ ਵਿਸ਼ਵ ਭਰ ਵਿਚ ਵੱਸਦੀਆਂ ਸਿੱਖ ਸੰਗਤਾਂ ਇਕ ਨਵੰਬਰ ਵਾਲੇ ਦਿਨ ਛੇਵੇਂ ਪਾਤਸ਼ਾਹ ਦੀ ਪਾਵਨ ਯਾਦ ਵਿਚ ਬੰਦੀਛੋੜ ਦਿਵਸ ਮਨਾਉਂਦਿਆਂ ਗੁਰਦੁਆਰਾ ਸਾਹਿਬਾਨ ਅਤੇ ਘਰਾਂ ਵਿਚ ਸਿਰਫ ਘਿਓ ਦੇ ਦੀਵਿਆਂ ਦੀ ਹੀ ਦੀਪਮਾਲਾ ਕੀਤੀ ਜਾਵੇ ਅਤੇ ਕਿਸੇ ਤਰ੍ਹਾਂ ਦੀ ਬਿਜਲਈ ਸਜਾਵਟ ਨਾ ਕੀਤੀ ਜਾਵੇ।

## ਦਿੱਲੀ ਦੇ ਗੁਰੂ ਘਰਾਂ 'ਚ ਨਹੀਂ ਹੋਵੇਗੀ ਦੀਪਮਾਲਾ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਵਾਰ ਬੰਦੀ ਛੋੜ ਦਿਵਸ ਨੂੰ ਸਮਰਪਿਤ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਵਿਚ ਦੀਪਮਾਲਾ ਨਾ ਕਰਨ ਦਾ ਫੈਸਲਾ ਲਿਆ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਇਹ ਫ਼ੈਸਲਾ ਬੰਦੀ ਛੋੜ ਦਿਵਸ (ਦੀਵਾਲੀ) ਵਾਲੀਆਂ ਤਰੀਕਾਂ ਦੌਰਾਨ ਨਵੰਬਰ 1984 ਦੇ ਸਿੱਖ ਕਤਲੇਆਮ ਦੀ 40ਵੀਂ ਬਰਸੀ ਆਉਣ ਕਾਰਨ ਲਿਆ ਗਿਆ। ਇਸ ਤਹਿਤ ਇਤਿਹਾਸਕ ਗੁਰਦੁਆਰਿਆਂ ਵਿਖੇ ਦੀਪਮਾਲਾ ਨਹੀਂ ਕੀਤੀ। ਕਾਲਕਾ ਨੇ ਕਿਹਾ ਕਿ ਨਵੰਬਰ 1984 ਦੇ ਸਿੱਖਾਂ ਦਾ ਕਤਲੇਆਮ ਨਾ ਭੁੱਲਣਯੋਗ ਹੈ ਅਤੇ ਨਾ ਹੀ ਬਖਸ਼ਣਯੋਗ ਹੈ। ਉਨ੍ਹਾਂ ਕਿਹਾ ਕਿ ਸਿੱਖ ਇਸ ਜਬਰ ਲਈ ਬੀਤੇ ਚਾਲੀ ਸਾਲਾਂ ਤੋਂ ਇਨਸਾਫ਼ ਦੀ ਲੜਾਈ ਲੜ ਰਹੇ ਹਨ।

# ਹਰਜਿੰਦਰ ਸਿੰਘ ਧਾਮੀ ਚੌਥੀ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਈ ਸਾਲਾਨਾ ਚੋਣ ਵਿਚ ਇੱਥੇ ਸ਼੍ਰੋਮਣੀ ਅਕਾਲੀ ਦਲ ਦੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਲਗਾਤਾਰ ਚੌਥੀ ਵਾਰ ਪ੍ਰਧਾਨ ਚੁਣੇ ਗਏ ਹਨ। ਉਨ੍ਹਾਂ ਦੇ ਵਿਰੋਧ ਵਿਚ ਖੜ੍ਹੀ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੀ ਉਮੀਦਵਾਰ ਬੀਬੀ ਜਗੀਰ ਕੌਰ ਚੋਣ ਹਾਰ ਗਏ ਹਨ। ਐਡਵੋਕੇਟ ਧਾਮੀ ਤੋਂ ਇਲਾਵਾ ਰਘੂਜੀਤ ਸਿੰਘ ਵਿਰਕ ਸੀਨੀਅਰ ਮੀਤ ਪ੍ਰਧਾਨ, ਬਲਦੇਵ ਸਿੰਘ ਕਲਿਆਣ ਜੂਨੀਅਰ ਮੀਤ ਪ੍ਰਧਾਨ ਅਤੇ ਸ਼ੇਰ ਸਿੰਘ ਮੰਡਵਾਲਾ ਨੂੰ ਜਨਰਲ ਸਕੱਤਰ ਚੁਣਿਆ ਗਿਆ ਹੈ। ਇਸ ਤੋਂ ਇਲਾਵਾ 11 ਮੈਂਬਰ ਅੰਤਰਿੰਗ ਕਮੇਟੀ ਵਾਸਤੇ ਚੁਣੇ ਗਏ ਹਨ। ਸਾਲਾਨਾ ਜਨਰਲ ਇਜਲਾਸ ਦੌਰਾਨ ਕੁੱਲ 142 ਮੈਂਬਰਾਂ ਨੇ ਵੋਟ ਪਾਈ, ਜਿਨ੍ਹਾਂ 'ਚੋਂ ਐਡਵੋਕੇਟ ਧਾਮੀ ਨੂੰ 107 ਵੋਟਾਂ ਅਤੇ ਬੀਬੀ ਜਗੀਰ ਕੌਰ ਨੂੰ 33 ਵੋਟਾਂ ਮਿਲੀਆਂ। 2 ਵੋਟਾਂ ਰੱਦ ਕਰ ਦਿੱਤੀਆਂ ਗਈਆਂ। ਇਸ ਚੋਣ ਵਿਚ ਬੀਬੀ ਜਗੀਰ ਕੌਰ 74 ਵੋਟਾਂ ਨਾਲ ਹਾਰੇ ਹਨ। ਤੇਜਾ ਸਿੰਘ ਸਮੁੰਦਰੀ ਹਾਲ 'ਚ ਹੋਏ ਇਜਲਾਸ ਦੌਰਾਨ ਅਰਦਾਸ ਤੋਂ ਬਾਅਦ ਪ੍ਰਧਾਨ ਦੀ ਚੋਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ। ਪ੍ਰਧਾਨ ਦੇ ਅਹੁਦੇ ਤੋਂ ਇਲਾਵਾ ਵਿਰੋਧੀ ਧਿਰ ਵੱਲੋਂ ਕਿਸੇ ਹੋਰ ਅਹੁਦੇ ਲਈ ਕੋਈ ਉਮੀਦਵਾਰ ਖੜ੍ਹਾ ਨਹੀਂ ਕੀਤਾ ਗਿਆ, ਜਿਸ ਕਾਰਨ ਬਾਕੀ ਸਾਰੇ ਅਹੁਦੇਦਾਰ ਬਿਨਾਂ ਵਿਰੋਧ ਚੁਣੇ ਗਏ ਹਨ। ਚੁਣੀ ਗਈ 11 ਮੈਂਬਰੀ ਅੰਤ੍ਰਿੰਗ ਕਮੇਟੀ ਵਿਚ ਸੁਰਜੀਤ ਸਿੰਘ ਗੜ੍ਹੀ, ਬੀਬੀ ਹਰਜਿੰਦਰ ਕੌਰ, ਅਮਰੀਕ ਸਿੰਘ ਵਿਛੋਆ, ਸੁਰਜੀਤ ਸਿੰਘ ਤੁਗਲਵਾਲ, ਪਰਮਜੀਤ ਸਿੰਘ ਖ਼ਾਲਸਾ, ਬਲਦੇਵ ਸਿੰਘ ਕਾਇਮਪੁਰ, ਦਲਜੀਤ ਸਿੰਘ ਭਿੰਡਰ, ਸੁਖਹਰਪ੍ਰੀਤ ਸਿੰਘ ਰੋਡੇ, ਰਵਿੰਦਰ ਸਿੰਘ ਖ਼ਾਲਸਾ, ਜਸਵੰਤ ਸਿੰਘ ਪੁੜੈਣ ਤੇ ਪਰਮਜੀਤ ਸਿੰਘ ਰਾਏਪੁਰ ਸ਼ਾਮਲ ਹਨ। ਇਸ ਦੇ ਨਾਲ ਹੀ 3 ਸਾਲ ਬਾਅਦ ਆਨਰੇਰੀ ਮੁੱਖ ਸਕੱਤਰ ਵਜੋਂ ਕੁਲਵੰਤ ਸਿੰਘ ਮੰਨਣ ਨੂੰ ਨਿਯੁਕਤ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਹਾਊਸ 'ਚ ਤਖਤਾਂ ਦੇ ਜਥੇਦਾਰਾਂ ਤੋਂ ਇਲਾਵਾ ਕੁੱਲ 185 ਮੈਂਬਰ ਹਨ ਜਿਨ੍ਹਾਂ 'ਚੋਂ 170 ਮੈਂਬਰ ਵੋਟਾਂ ਰਾਹੀਂ ਚੁਣੇ ਹੋਏ ਤੇ 15 ਮੈਂਬਰ ਵੱਖ-ਵੱਖ ਸੂਬਿਆਂ ਤੋਂ ਨਾਮਜ਼ਦ ਕੀਤੇ ਹੋਏ ਹਨ। ਇਨ੍ਹਾਂ ਮੈਂਬਰਾਂ ਵਿਚੋਂ 31 ਮੈਂਬਰਾਂ ਦੀ ਮੌਤ ਹੋ ਚੁੱਕੀ ਹੈ। ਚਾਰ ਮੈਂਬਰ ਅਸਤੀਫਾ ਦੇ ਚੁੱਕੇ ਹਨ ਅਤੇ ਦੋ ਮੈਂਬਰਾਂ ਨੂੰ ਅਯੋਗ ਕਰਾਰ ਦਿੱਤਾ ਹੋਇਆ ਹੈ। ਇਸ ਵੇਲੇ ਮੌਜੂਦਾ ਹਾਊਸ 'ਚ ਕੁੱਲ 148 ਮੈਂਬਰ ਹਨ ਜਿਨ੍ਹਾਂ ਵਿਚੋਂ 142 ਮੈਂਬਰ ਵੋਟ ਪਾਉਣ ਲਈ ਪੁੱਜੇ ਸਨ। 142 ਮੈਂਬਰਾਂ ਵਿੱਚੋਂ ਲਗਭਗ ਅੱਧਾ ਦਰਜਨ ਮੈਂਬਰ ਬਿਮਾਰ ਸਨ, ਜੋ ਆਪਣੇ ਰਿਸ਼ਤੇਦਾਰਾਂ ਨਾਲ ਵੋਟ ਪਾਉਣ ਲਈ ਆਏ ਹੋਏ ਸਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਦੀ ਚੋਣ ਹਾਰਨ ਤੋਂ ਬਾਅਦ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਲਾਸ਼ਾਂ ਕਰਾਰ ਦਿੰਦਿਆਂ ਦੋਸ਼ ਲਾਇਆ ਕਿ ਇਨ੍ਹਾਂ ਅੰਦਰੋਂ ਜ਼ਮੀਰਾਂ ਮਰ ਚੁੱਕੀਆਂ ਹਨ। ਜਨਰਲ ਇਜਲਾਸ ਦੀ ਸਮਾਪਤੀ ਤੋਂ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਬੀਬੀ ਜਗੀਰ ਕੌਰ ਨੇ ਆਖਿਆ ਕਿ ਉਹ ਚਾਹੁੰਦੇ ਹਨ ਕਿ ਜਲਦੀ ਹੀ ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਹੋਣ ਅਤੇ ਨਵੇਂ ਮੈਂਬਰ ਚੁਣ ਕੇ ਆਉਣ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਦਿੱਤਾ ਗਿਆ ਫਤਵਾ ਉਨ੍ਹਾਂ ਨੂੰ ਸਵੀਕਾਰ ਹੈ ਪਰ ਦੁੱਖ ਇਹ ਹੈ ਕਿ ਇਨ੍ਹਾਂ ਮੈਂਬਰਾਂ ਦੀਆਂ ਜ਼ਮੀਰਾਂ ਨਹੀਂ ਜਾਗੀਆਂ।

# ਸ਼੍ਰੋਮਣੀ ਅਕਾਲੀ ਦਲ ਸਿਆਸੀ ਮੈਦਾਨ ਵਿਚੋਂ ਬਾਹਰ?

*(ਪਹਿਲੇ ਸਫੇ ਦੀ ਬਾਕੀ)*

ਤਾਕਤ ਰਿਹਾ ਅਕਾਲੀ ਦਲ 2017 ਦੀਆਂ ਚੋਣਾਂ ਵਿਚ ਹਾਰ ਤੋਂ ਬਾਅਦ ਲਗਾਤਾਰ ਨਿੱਘਰ ਰਿਹਾ ਹੈ। ਸੁਖਬੀਰ ਖ਼ਿਲਾਫ਼ ਆਇਆ ਅਕਾਲ ਤਖ਼ਤ ਦਾ ਆਦੇਸ਼ ਪਾਰਟੀ ਵੱਲੋਂ ਦਹਾਕਾ ਭਰ ਭਾਜਪਾ ਨਾਲ ਗੱਠਜੋੜ 'ਚ ਚਲਾਈ ਗਈ ਸਰਕਾਰ ਦੌਰਾਨ ਕੀਤੇ ਫ਼ੈਸਲਿਆਂ ਦਾ ਸਿੱਟਾ ਹੈ ਜਿਨ੍ਹਾਂ ਨੇ ਪਾਰਟੀ ਨੂੰ ਡਾਵਾਂਡੋਲ ਕੀਤਾ। ਤਖ਼ਤ ਨੇ ਨਾ ਸਿਰਫ਼ ਸੁਖਬੀਰ ਦੀ ਸਿਆਸੀ ਗਤੀਵਿਧੀ ਨੂੰ ਸੀਮਤ ਕੀਤਾ ਹੈ ਬਲਕਿ ਨਾਲ ਹੀ ਅਕਾਲੀ ਦਲ ਦੀ ਚੋਣ ਪ੍ਰਚਾਰ ਦੀ ਸਮਰੱਥਾ ਨੂੰ ਵੀ ਬੰਨ੍ਹਿਆ ਹੈ ਜਿਸ ਕਾਰਨ ਪਾਰਟੀ ਨੂੰ ਅਹਿਮ ਮੋੜ ਤੋਂ ਪਿੱਛੇ ਮੁੜਨਾ ਪਿਆ ਹੈ।

ਜੇਕਰ ਹਾਲੀਆ ਚੋਣਾਂ ਵਿਚ ਪਾਰਟੀ ਦੀ ਮਾੜੀ ਕਾਰਗੁਜ਼ਾਰੀ 'ਤੇ ਗ਼ੌਰ ਕੀਤਾ ਜਾਵੇ ਤਾਂ ਇੰਝ ਲੱਗਦਾ ਹੈ ਕਿ ਚੋਣ ਅਖਾੜੇ ਵਿਚੋਂ ਹਟਣ ਦਾ ਫ਼ੈਸਲਾ ਕਰ ਕੇ ਪਾਰਟੀ ਇਕ ਹੋਰ ਸੰਭਾਵੀ ਸਿਆਸੀ ਝਟਕੇ ਤੋਂ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ 'ਚ ਹੈ। ਸੰਭਾਵੀ ਹਾਰ ਨੂੰ ਦੇਖਦਿਆਂ ਇਹ ਪਾਰਟੀ ਵੱਲੋਂ ਆਪਣਾ ਅਕਸ ਬਚਾਉਣ ਦੀ ਕਵਾਇਦ ਹੀ ਜਾਪਦੀ ਹੈ।

ਇਸ ਫ਼ੈਸਲੇ ਨਾਲ ਸ਼੍ਰੋਮਣੀ ਅਕਾਲੀ ਦਲ ਨੇ ਭਾਵੇਂ ਇਕ ਤਰ੍ਹਾਂ ਦਾ ਖ਼ਤਰਾ ਮੁੱਲ ਲਿਆ ਹੈ, ਚੋਣ ਨਾ ਲੜ ਕੇ ਪਾਰਟੀ ਵੋਟਰਾਂ ਤੋਂ ਹੋਰ ਵੀ ਜ਼ਿਆਦਾ ਦੂਰ ਹੋ ਸਕਦੀ ਹੈ। ਇਸ ਨਾਲ ਸਿਧਾਂਤਕ ਤੌਰ 'ਤੇ ਪਾਰਟੀ ਦੀ ਦ੍ਰਿੜਤਾ ਉੱਤੇ ਸਵਾਲ ਉੱਠ ਸਕਦੇ ਹਨ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਸਾਲ 2027 ਵਾਲੀਆਂ ਵਿਧਾਨ ਸਭਾ ਚੋਣਾਂ ਨੇੜੇ ਆਉਣ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਨੂੰ ਆਪਣੀ ਰਣਨੀਤੀ ਨਵੇਂ ਸਿਰਿਓਂ ਘੜਨੀ ਪਵੇਗੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਕੋਈ ਵੀ ਅੰਤਰ-ਰਾਜੀ ਮਸਲਾ ਕਿਸੇ ਤਣ-ਪੱਤਣ ਨਾ ਲੱਗਾ

**ਚੰਡੀਗੜ੍ਹ:** ਉੱਤਰੀ ਜ਼ੋਨਲ ਕੌਂਸਲ ਦੀ ਸਟੈਂਡਿੰਗ ਕਮੇਟੀ ਦੀ ਇੱਥੇ ਹੋਈ ਮੀਟਿੰਗ 'ਚ ਪੰਜਾਬ ਵਿਚ ਨਵੀਂ ਬਣਨ ਵਾਲੀ 'ਮਾਲਵਾ ਨਹਿਰ' ਦੇ ਮੁੱਦੇ ਦੀ ਗੂੰਜ ਪਈ। ਮੀਟਿੰਗ ਵਿਚ ਅੰਤਰਰਾਜੀ ਮਸਲਿਆਂ 'ਤੇ ਵਿਚਾਰ ਚਰਚਾ ਹੋਈ ਪਰ ਕੋਈ ਵੀ ਮਸਲਾ ਤਣ-ਪੱਤਣ ਨਹੀਂ ਲੱਗਿਆ।

ਪੰਜਾਬ ਤੋਂ ਇਲਾਵਾ ਮੀਟਿੰਗ ਵਿਚ ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ ਅਤੇ ਦਿੱਲੀ ਦੇ ਉੱਚ ਅਧਿਕਾਰੀ ਸ਼ਾਮਲ ਹੋਏ। ਮੀਟਿੰਗ ਵਿਚ ਸਭ ਸੂਬਿਆਂ ਦੇ ਮੁੱਖ ਸਕੱਤਰਾਂ ਨੇ ਸ਼ਮੂਲੀਅਤ ਕੀਤੀ, ਜਦੋਂ ਕਿ ਕੇਂਦਰ ਸਰਕਾਰ ਦੇ ਨੁਮਾਇੰਦੇ ਵੀ ਹਾਜ਼ਰ ਹੋਏ। ਨਵੰਬਰ ਮਹੀਨੇ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪ੍ਰਧਾਨਗੀ ਹੇਠ ਉੱਤਰੀ ਜ਼ੋਨਲ ਕੌਂਸਲ ਦੀ ਮੀਟਿੰਗ ਹਰਿਆਣਾ ਵਿਚ ਹੋਣੀ ਹੈ। ਸਟੈਂਡਿੰਗ ਕਮੇਟੀ ਦੀ ਮੀਟਿੰਗ ਵਿਚ 50 ਫ਼ੀਸਦੀ ਮੁੱਦੇ ਪਾਣੀਆਂ ਨਾਲ ਸਬੰਧਤ ਸਨ।

ਹਰਿਆਣਾ ਦੇ ਅਧਿਕਾਰੀਆਂ ਨੇ ਮੀਟਿੰਗ ਵਿਚ ਪੰਜਾਬ 'ਚ ਬਣਨ ਵਾਲੀ 'ਮਾਲਵਾ ਨਹਿਰ' ਦੀ ਡੀ.ਪੀ.ਆਰ. ਸਾਂਝੀ ਕਰਨ ਦਾ ਮੁੱਦਾ ਚੁੱਕਿਆ ਪਰ ਪੰਜਾਬ ਨੇ ਤਰਕ ਦਿੱਤਾ ਕਿ ਉਹ ਆਪਣੇ ਹਿੱਸੇ ਦਾ ਪਾਣੀ ਹੀ ਵਰਤਣਗੇ। ਹਰਿਆਣਾ ਨੇ ਸਾਲ 1959 ਵਿਚ ਹੋਏ ਨੰਗਲ ਐਗਰੀਮੈਂਟ ਦੇ ਹਵਾਲੇ ਨਾਲ ਕਿਹਾ ਕਿ ਪੰਜਾਬ ਨੂੰ ਹਰਿਆਣਾ ਨਾਲ ਹਰ ਮਾਮਲਾ ਸਾਂਝਾ ਕਰਨਾ ਪਵੇਗਾ। ਪੰਜਾਬ ਸਰਕਾਰ ਨੇ ਤਰਕ ਪੇਸ਼ ਕੀਤਾ ਕਿ ਨੰਗਲ ਐਗਰੀਮੈਂਟ ਪੰਜਾਬ ਤੇ ਰਾਜਸਥਾਨ ਦਰਮਿਆਨ ਸੀ, ਜਿਸ ਵਿਚ ਹਰਿਆਣਾ ਸ਼ਾਮਲ ਨਹੀਂ ਸੀ। ਹਰਿਆਣਾ ਨੇ ਸਤਲੁਜ-ਯਮੁਨਾ-ਲਿੰਕ ਨਹਿਰ ਦੀ ਉਸਾਰੀ ਦਾ ਮੁੱਦਾ ਚੁੱਕਿਆ ਜਦੋਂ ਕਿ ਪੰਜਾਬ ਨੇ ਇਸ ਤੋਂ ਸਪੱਸ਼ਟ ਇਨਕਾਰ ਕਰ ਦਿੱਤਾ, ਜਦੋਂ ਪੰਜਾਬ ਨੇ ਭਾਖੜਾ ਮੇਨ ਲਾਈਨ 'ਤੇ ਇਕ ਇਕ ਮੈਗਾਵਾਟ ਦੇ ਹਾਈਡਲ ਪ੍ਰੋਜੈਕਟ ਬਣਾਉਣ ਦੀ ਸਹਿਮਤੀ ਮੰਗੀ ਤਾਂ ਹਰਿਆਣਾ ਅੜ ਗਿਆ।



## ਪੰਜਾਬ ਨੇ ਯਮੁਨਾ ਦੇ ਪਾਣੀਆਂ 'ਚੋਂ ਹਿੱਸਾ ਮੰਗਿਆ

**ਚੰਡੀਗੜ੍ਹ:** ਪੰਜਾਬ ਤਰਫ਼ੋਂ ਯਮੁਨਾ ਦੇ ਪਾਣੀਆਂ ਵਿਚੋਂ ਹਿੱਸਾ ਮੰਗਿਆ ਗਿਆ ਪਰ ਇਸ 'ਤੇ ਸਹਿਮਤੀ ਨਾ ਬਣ ਸਕੀ। ਕਾਫ਼ੀ ਮੁੱਦੇ ਰੇਲਵੇ ਨਾਲ ਹੀ ਸਬੰਧਤ ਸਨ। ਕੇਂਦਰੀ ਰੇਲ ਮੰਤਰਾਲੇ ਦਾ ਏਜੰਡਾ ਸੀ ਕਿ ਰੇਲਵੇ ਓਵਰਬਰਿਜ ਬਣਨ ਦੇ ਬਾਵਜੂਦ ਸੂਬਿਆਂ ਵਿਚ ਰੇਲਵੇ ਕਰਾਸਿੰਗ ਬੰਦ ਨਹੀਂ ਕੀਤੇ ਜਾਂਦੇ ਅਤੇ ਲੋਕ ਆਵਾਜਾਈ ਵਜੋਂ ਇਨ੍ਹਾਂ ਨੂੰ ਵਰਤਦੇ ਹਨ।

# ਪੰਜਾਬ 'ਚ ਪਰਾਲੀ ਸਾੜਨ ਦੀਆਂ ਘਟਨਾਵਾਂ 'ਚ ਆਈ ਕਮੀ

**ਨਵੀਂ ਦਿੱਲੀ:** ਪੰਜਾਬ 'ਚ ਪਰਾਲੀ ਸਾੜਨ ਦੀਆਂ ਘਟਨਾਵਾਂ 'ਚ ਪਿਛਲੇ ਸਾਲ ਦੇ ਮੁਕਾਬਲੇ 'ਚ 35 ਫ਼ੀਸਦ ਦੀ ਕਮੀ ਆਈ ਹੈ। ਇਸੇ ਤਰ੍ਹਾਂ ਹਰਿਆਣਾ 'ਚ ਪਰਾਲੀ ਸਾੜਨ ਦੇ ਮਾਮਲੇ 21 ਫ਼ੀਸਦੀ ਘਟੇ ਹਨ। ਉਂਜ 2017 ਤੋਂ ਪਰਾਲੀ ਸਾੜਨ ਦੇ ਕੁੱਲ ਮਾਮਲਿਆਂ 'ਚ 51 ਫ਼ੀਸਦ ਦੀ ਗਿਰਾਵਟ ਦਰਜ ਹੋਈ ਹੈ। ਇਹ ਖ਼ੁਲਾਸਾ ਸਰਕਾਰੀ ਅੰਕੜਿਆਂ 'ਚ ਹੋਇਆ ਹੈ, ਜਿਸ ਨੂੰ ਕੇਂਦਰ ਨੇ ਮੀਟਿੰਗ ਦੌਰਾਨ ਕਬੂਲਿਆ ਵੀ ਹੈ।

ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਪਰਾਲੀ ਸਾੜਨ ਦੀਆਂ ਘਟਨਾਵਾਂ 'ਚ ਕਮੀ ਦਾ ਨੋਟਿਸ ਲੈਣ ਦੇ ਬਾਵਜੂਦ ਕਿਹਾ ਕਿ ਸੂਬਿਆਂ ਨੂੰ ਲਗਾਤਾਰ ਇਹਤਿਆਤ ਵਰਤਣ ਦੀ ਲੋੜ ਹੈ। ਇਸ ਦੌਰਾਨ ਕੇਂਦਰ ਨੇ ਸੂਬਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਪਰਾਲੀ ਪ੍ਰਬੰਧਨ ਲਈ ਬਣੀਆਂ ਕਾਰਜ ਯੋਜਨਾਵਾਂ ਸਖ਼ਤੀ ਨਾਲ ਲਾਗੂ ਕਰਨ। ਕੌਮੀ ਰਾਜਧਾਨੀ 'ਚ ਵਿਗੜਦੇ ਹਵਾ ਪ੍ਰਦੂਸ਼ਣ ਨੂੰ ਰੋਕਣ ਲਈ ਸਰਕਾਰ ਨੇ ਆਲੇ-ਦੁਆਲੇ ਦੇ ਸੂਬਿਆਂ ਨਾਲ ਮਿਲ ਕੇ ਯਤਨ ਸ਼ੁਰੂ ਕੀਤੇ ਹਨ। ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਅਤੇ ਵਾਤਾਵਰਨ ਮੰਤਰੀ ਭੁਪੇਂਦਰ ਯਾਦਵ ਦੀ ਅਗਵਾਈ ਹੇਠ ਹੋਈ ਉੱਚ ਪੱਧਰੀ ਵਰਚੁਅਲ ਮੀਟਿੰਗ 'ਚ ਸੂਬਿਆਂ ਨੂੰ ਕਿਹਾ ਗਿਆ ਕਿ ਉਹ ਸਰਕਾਰੀ ਸਬਸਿਡੀ 'ਤੇ ਕਿਸਾਨਾਂ ਨੂੰ ਵੰਡੀਆਂ ਗਈਆਂ ਤਿੰਨ ਲੱਖ ਤੋਂ ਵਧ ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ ਮਸ਼ੀਨਾਂ ਦੀ ਵਰਤੋਂ ਯਕੀਨੀ ਬਣਾਉਣ। ਮੀਟਿੰਗ 'ਚ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਖੇਤੀਬਾੜੀ ਮੰਤਰੀਆਂ ਸਮੇਤ ਦਿੱਲੀ ਦੇ ਵਾਤਾਵਰਨ ਮੰਤਰੀ ਵੀ ਹਾਜ਼ਰ ਸਨ।

ਸਰਕਾਰੀ ਬਿਆਨ ਮੁਤਾਬਕ ਪਰਾਲੀ ਸਾੜਨ ਨਾਲ ਸਿੱਝਣ ਲਈ ਬਹੁਪੱਖੀ ਰਣਨੀਤੀ ਦਾ ਖਾਕਾ ਤਿਆਰ ਕੀਤਾ ਗਿਆ। ਰਣਨੀਤੀ 'ਚ ਪਰਾਲੀ ਸਾੜਨ ਵਾਲੇ ਇਲਾਕਿਆਂ 'ਚ ਜ਼ਿਲ੍ਹਾ ਕੁਲੈਕਟਰਾਂ ਵੱਲੋਂ ਸਖ਼ਤ ਨਿਗਰਾਨੀ, ਖੇਤੀ ਰਹਿੰਦ-ਖੂੰਹਦ ਨੂੰ ਜੈਵਿਕ ਈਂਧਣ 'ਚ ਬਦਲਣ ਲਈ ਬੁਨਿਆਦੀ ਢਾਂਚੇ ਦੇ ਵਿਕਾਸ, ਮਕੈਨਿਕਲ ਪ੍ਰਬੰਧਨ ਅਤੇ ਛੋਟੇ ਕਿਸਾਨਾਂ ਤੱਕ ਸਾਜ਼ੋ-ਸਾਮਾਨ ਦੀ ਪਹੁੰਚ ਵਧਾਉਣ ਜਿਹੇ ਢੰਗ-ਤਰੀਕੇ ਸ਼ਾਮਲ ਹਨ। ਸਰਕਾਰ ਫ਼ਸਲੀ ਰਹਿੰਦ-ਖੂੰਹਦ ਖੇਤਾਂ 'ਚ ਹੀ ਨਿਬੇੜਨ 'ਤੇ ਜ਼ੋਰ ਪਾ ਰਹੀ ਹੈ ਤਾਂ ਜੋ ਬਾਇਓਗੈਸ ਅਤੇ ਹੋਰ ਉਤਪਾਦਾਂ ਰਾਹੀਂ ਕਿਸਾਨਾਂ ਦੀ ਆਮਦਨ ਵੀ ਵਧ ਸਕੇ। ਮੀਟਿੰਗ 'ਚ ਭਾਰਤੀ ਖੇਤੀ ਖੋਜ ਪਰਿਸ਼ਦ, ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਦਿੱਲੀ-ਐਨ.ਸੀ.ਆਰ. 'ਚ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ ਦੇ ਨੁਮਾਇੰਦੇ ਵੀ ਸ਼ਾਮਲ ਸਨ ਜਿਨ੍ਹਾਂ ਸਾਂਝੇ ਤੌਰ 'ਤੇ ਮੁੱਦੇ ਦੇ ਹੱਲ ਲਈ ਚੁੱਕੇ ਗਏ ਕਦਮਾਂ ਦਾ ਜ਼ਿਕਰ ਕੀਤਾ।



# ਅਰਮਾਨਪ੍ਰੀਤ ਸਿੰਘ ਐਨ.ਡੀ.ਏ. ਦੀ ਮੈਰਿਟ ਸੂਚੀ ਵਿਚ ਅੱਵਲ



**ਮੁਹਾਲੀ:** ਇੱਥੋਂ ਦੇ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਸੈਕਟਰ-77 (ਮੁਹਾਲੀ) ਵਿਚ 12ਵੇਂ ਕੋਰਸ ਦੇ ਕੈਡੇਟ ਅਰਮਾਨਪ੍ਰੀਤ ਸਿੰਘ ਵਾਸੀ ਪਿੰਡ ਭੰਡਾਲ (ਗੁਰਦਾਸਪੁਰ) ਨੇ ਐਨ.ਡੀ.ਏ. ਦੀ ਪ੍ਰੀਖਿਆ ਵਿਚ ਆਲ ਇੰਡੀਆ ਮੈਰਿਟ ਸੂਚੀ ਵਿਚ ਪਹਿਲਾ ਸਥਾਨ ਹਾਸਲ ਕੀਤਾ ਹੈ। ਉਸ ਦੇ ਪਿਤਾ ਸਤਬੀਰ ਸਿੰਘ ਫਿਜ਼ਿਕਸ ਦੇ ਲੈਕਚਰਾਰ ਹਨ। ਯੂ.ਪੀ.ਐਸ.ਸੀ. ਵੱਲੋਂ ਜਾਰੀ ਕੀਤੀ ਐਨ.ਡੀ.ਏ-153 ਦੀ ਆਲ ਇੰਡੀਆ ਪੱਧਰ ਦੀ ਮੈਰਿਟ ਸੂਚੀ ਵਿਚ ਅਰਮਾਨਪ੍ਰੀਤ ਨੇ ਪਹਿਲਾ ਰੈਂਕ ਹਾਸਲ ਕਰ ਕੇ ਆਪਣੇ ਮਾਪਿਆਂ ਅਤੇ ਪੰਜਾਬ ਦਾ ਮਾਣ ਵਧਾਇਆ ਹੈ। ਪੰਜਾਬ ਦੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਅਰਮਾਨਪ੍ਰੀਤ ਸਿੰਘ ਪਿਛਲੇ 12 ਸਾਲਾਂ ਦੇ ਅਰਸੇ ਦੌਰਾਨ ਐਨ.ਡੀ.ਏ. ਦੀ ਆਲ ਇੰਡੀਆ ਮੈਰਿਟ ਸੂਚੀ ਵਿਚ ਪਹਿਲਾ ਸਥਾਨ ਹਾਸਲ ਕਰਨ ਵਾਲਾ ਇਸ ਸੰਸਥਾ ਦਾ ਤੀਜਾ ਕੈਡੇਟ ਹੈ। ਅਰਮਾਨਪ੍ਰੀਤ ਸਿੰਘ ਨੇ ਹਵਾਈ ਸੈਨਾ ਦੀ ਚੋਣ ਕੀਤੀ ਗਈ ਹੈ ਅਤੇ ਉਹ ਨੇੜਲੇ ਭਵਿੱਖ ਵਿਚ ਸੁਖੋਈ ਐਸ.ਯੂ-30 ਐਮ.ਕੇ.ਆਈ. ਨੂੰ ਉਡਾਉਣ ਦੀ ਇੱਛਾ ਰੱਖਦਾ ਹੈ। ਅਰਮਾਨਪ੍ਰੀਤ ਸਿੰਘ ਤੋਂ ਇਲਾਵਾ ਇਸ ਇੰਸਟੀਚਿਊਟ ਦੇ ਐਸ.ਐਸ.ਬੀ. ਲਈ ਗਏ 24 'ਚੋਂ 14 ਹੋਰ ਕੈਡੇਟਾਂ ਨੇ ਵੀ ਮੈਰਿਟ ਸੂਚੀ ਵਿਚ ਥਾਂ ਬਣਾਈ ਹੈ। ਕੈਡਿਟ ਕੇਸ਼ਵ ਸਿੰਗਲਾ ਨੇ 15ਵਾਂ ਰੈਂਕ ਹਾਸਲ ਕੀਤਾ ਹੈ। ਇਨ੍ਹਾਂ 'ਚੋਂ ਕੁਝ ਕੈਡੇਟ, ਜੁਆਇਨਿੰਗ ਲਈ ਪੱਤਰ ਪ੍ਰਾਪਤ ਕਰਨ ਤੋਂ ਪਹਿਲਾਂ ਆਪਣੀ ਮੈਡੀਕਲ ਜਾਂਚ ਕਰਵਾ ਰਹੇ ਹਨ।

# ਬੇਗ਼ਮ ਮੁਨੱਵਰ-ਉਲ-ਨਿਸਾ ਦੀ ਜਾਇਦਾਦ ਪੰਜਾਬ ਸਰਕਾਰ ਦੇ ਨਾਂ ਟਰਾਂਸਫਰ ਹੋਵੇਗੀ

**ਮਾਲੇਰਕੋਟਲਾ:** ਮਾਲੇਰਕੋਟਲਾ ਦੇ ਮਰਹੂਮ ਨਵਾਬ ਇਫ਼ਤਿਖ਼ਾਰ ਅਲੀ ਖ਼ਾਨ ਦੀ ਆਖ਼ਰੀ ਬੇਗ਼ਮ ਮੁਨੱਵਰ-ਉਲ-ਨਿਸਾ ਦੀ ਮੌਤ ਤੋਂ ਸਾਲ ਬਾਅਦ ਉਨ੍ਹਾਂ ਦੇ ਨਾਮ ਚੱਲ ਤੇ ਅਚੱਲ ਜਾਇਦਾਦ ਦਾ ਕੋਈ ਕਾਨੂੰਨੀ ਵਾਰਸ ਨਹੀਂ ਸੀ ਪਰ ਹੁਣ ਪਤਾ ਲੱਗਿਆ ਹੈ ਕਿ ਪ੍ਰਸ਼ਾਸਨ ਨੇ ਬੇਗ਼ਮ ਦੀ ਸਾਰੀ ਜਾਇਦਾਦ ਪੰਜਾਬ ਸਰਕਾਰ ਦੇ ਨਾਂ 'ਤੇ ਟਰਾਂਸਫਰ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ, ਜਿਸ ਵਿਚ ਕਰੋੜਾਂ ਰੁਪਏ ਦੀ ਕੀਮਤ ਦੇ ਸ਼ੀਸ਼ ਮਹਿਲ ਤੋਂ ਇਲਾਵਾ 1.20 ਕਰੋੜ ਰੁਪਏ ਦੀ ਫਿਕਸਡ ਡਿਪਾਜ਼ਿਟ ਰਕਮ ਵੀ ਸ਼ਾਮਲ ਹੈ। 27 ਅਕਤੂਬਰ 2023 ਨੂੰ 103 ਸਾਲ ਦੀ ਉਮਰ ਵਿਚ ਬੇਗ਼ਮ ਮੁਨੱਵਰ-ਉਲ-ਨਿਸਾ ਦੀ ਮੌਤ ਹੋ ਗਈ ਸੀ। ਉਨ੍ਹਾਂ ਆਪਣੀ ਕੋਈ ਕਾਨੂੰਨੀ ਵਾਰਸ ਨਹੀਂ ਥਾਪਿਆ ਸੀ, ਜਿਸ ਮਗਰੋਂ 'ਮੁਬਾਰਕ ਮੰਜ਼ਿਲ ਮਹਿਲ' ਵਜੋਂ ਜਾਣਿਆ ਜਾਂਦਾ ਸ਼ੀਸ਼ ਮਹਿਲ ਖਸਤਾ ਹਾਲਤ ਵਿਚ ਪਿਆ ਹੈ। ਇਲਾਕੇ ਦੇ ਲੋਕ ਮਾਲੇਰਕੋਟਲਾ ਦੀ ਇਸ ਇਤਿਹਾਸਕ ਅਤੇ ਵਿਰਾਸਤੀ ਇਮਾਰਤ ਨੂੰ ਸੰਭਾਲਣ ਦੀ ਮੰਗ ਕਰ ਰਹੇ ਸਨ। ਇਲਾਕਾ ਨਿਵਾਸੀਆਂ ਨੇ ਰੋਸ ਪ੍ਰਗਟਾਇਆ ਕਿ ਹੁਣ ਤੱਕ ਦੀ ਕਿਸੇ ਵੀ ਸਰਕਾਰ ਨੇ ਇਨ੍ਹਾਂ ਇਮਾਰਤਾਂ ਨੂੰ ਸੰਭਾਲਣ ਅਤੇ ਵਿਕਸਤ ਕਰਨ ਵਿਚ ਢੁਕਵੇਂ ਕਦਮ ਨਹੀਂ ਚੁੱਕੇ।

# ਅਨਮੋਲ ਬਿਸ਼ਨੋਈ ਦੀ ਗ੍ਰਿਫ਼ਤਾਰੀ 'ਤੇ 10 ਲੱਖ ਦਾ ਇਨਾਮ

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ (ਐਨ.ਆਈ.ਏ) ਨੇ ਜੇਲ੍ਹ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਛੋਟੇ ਭਰਾ ਅਨਮੋਲ ਬਿਸ਼ਨੋਈ ਦੀ ਗ੍ਰਿਫ਼ਤਾਰੀ ਲਈ 10 ਲੱਖ ਰੁਪਏ ਦਾ ਇਨਾਮ ਐਲਾਨਿਆ ਹੈ। ਅਨਮੋਲ ਬਿਸ਼ਨੋਈ ਅਦਾਕਾਰ ਸਲਮਾਨ ਖ਼ਾਨ ਦੀ ਮੁੰਬਈ ਸਥਿਤ ਰਿਹਾਇਸ਼ ਦੇ ਬਾਹਰ ਅਪਰੈਲ ਵਿਚ ਹੋਈ ਫਾਇਰਿੰਗ ਮਾਮਲੇ ਵਿਚ ਕਥਿਤ ਸ਼ਮੂਲੀਅਤ ਲਈ ਐਨ.ਆਈ.ਏ. ਦੀ ਰਡਾਰ ਉੱਤੇ ਹੈ। ਅਧਿਕਾਰੀਆਂ ਨੇ ਕਿਹਾ ਕਿ ਅਨਮੋਲ ਬਿਸ਼ਨੋਈ ਨੂੰ ਅਤਿਵਾਦ ਵਿਰੋਧੀ ਏਜੰਸੀ ਦੀ ਅਤਿ ਲੋੜੀਂਦੇ ਵਿਅਕਤੀਆਂ ਦੀ ਸੂਚੀ ਵਿਚ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਅਨਮੋਲ ਬਿਸ਼ਨੋਈ ਉਰਫ਼ ਭਾਨੂ, ਜਿਸ ਬਾਰੇ ਮੰਨਿਆ ਜਾਂਦਾ ਹੈ ਕਿ ਉਹ ਕੈਨੇਡਾ ਵਿਚ ਰਹਿ ਰਿਹਾ ਹੈ ਤੇ ਉਹ ਅਕਸਰ ਅਮਰੀਕਾ ਜਾਂਦਾ ਹੈ, ਦੇ ਸਿਰ ਉੱਤੇ ਇਨਾਮ ਪਿਛਲੇ ਮਹੀਨੇ ਐਲਾਨਿਆ ਗਿਆ ਸੀ। ਮਹਾਰਾਸ਼ਟਰ ਦੇ ਸਾਬਕਾ ਮੰਤਰੀ ਬਾਬਾ ਸਿੱਦੀਕੀ ਦੇ 12 ਅਕਤੂਬਰ ਨੂੰ ਮੁੰਬਈ ਦੇ ਬਾਂਦਰਾ ਵਿਚ ਹੋਏ ਕਤਲ ਪਿੱਛੇ ਵੀ ਅਨਮੋਲ ਬਿਸ਼ਨੋਈ ਦਾ ਹੱਥ ਦੱਸਿਆ ਜਾਂਦਾ ਹੈ। ਅਨਮੋਲ ਬਿਸ਼ਨੋਈ ਤੇ ਲਾਰੈਂਸ ਬਿਸ਼ਨੋਈ, ਜੋ ਪੰਜਾਬ ਦੇ ਫ਼ਾਜ਼ਿਲਕਾ ਨਾਲ ਸਬੰਧਤ ਹਨ, ਨੂੰ ਕੇਸ ਵਿਚ ਲੋੜੀਂਦੇ ਮੁਲਜ਼ਮ ਵਜੋਂ ਦਿਖਾਇਆ ਗਿਆ ਹੈ।




# ਲਾਰੈਂਸ ਬਿਸ਼ਨੋਈ ਇੰਟਰਵਿਊ ਮਾਮਲੇ 'ਚ ਸੱਤ ਅਧਿਕਾਰੀ ਮੁਅੱਤਲ

**ਮੁਹਾਲੀ:** ਪੰਜਾਬ ਪੁਲਿਸ ਦੇ ਬਹੁਚਰਚਿਤ ਡੀ.ਐਸ.ਪੀ. ਗੁਰਸ਼ੇਰ ਸਿੰਘ ਸੰਧੂ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਜ਼ਿਲ੍ਹਾ ਸੀ.ਆਈ.ਏ. ਸਟਾਫ਼ ਮੁਹਾਲੀ ਦੇ ਕੈਂਪਸ ਆਫ਼ਿਸ ਵਿਚ ਵਿਸ਼ੇਸ਼ ਇੰਟਰਵਿਊ ਕਰਵਾਉਣ ਦੇ ਮਾਮਲੇ ਵਿਚ ਪੰਜਾਬ ਸਰਕਾਰ ਵੱਲੋਂ ਡੀ.ਐਸ.ਪੀ. ਗੁਰਸ਼ੇਰ ਸਿੰਘ ਸੰਧੂ ਸਮੇਤ ਕਈ ਪੁਲਿਸ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਮੁਅੱਤਲ ਕੀਤਾ ਗਿਆ ਹੈ ਜਿਨ੍ਹਾਂ ਵਿਚ ਡੀ.ਐਸ.ਪੀ. ਗੁਰਸ਼ੇਰ ਸੰਧੂ ਤੋਂ ਇਲਾਵਾ ਤਤਕਾਲੀ ਡੀ.ਐਸ.ਪੀ. (ਆਰਥਿਕ ਅਪਰਾਧ ਸ਼ਾਖਾ) ਸਮਰ ਵਿਨੀਤ, ਸਬ ਇੰਸਪੈਕਟਰ ਰੀਨਾ, ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ਼.) ਦੇ ਸਬ ਇੰਸਪੈਕਟਰ (ਲੋਕਲ ਰੈਂਕ) ਜਗਤਪਾਲ ਜਾਂਗੂ, ਏ.ਜੀ.ਟੀ.ਐਫ਼. ਦੇ ਸਬ ਇੰਸਪੈਕਟਰ (ਲੋਕਲ ਰੈਂਕ) ਸ਼ਗਨਜੀਤ ਸਿੰਘ, ਤਤਕਾਲੀ ਡਿਊਟੀ ਅਫ਼ਸਰ ਏ.ਐਸ.ਆਈ. ਮੁਖ਼ਤਿਆਰ ਸਿੰਘ ਅਤੇ ਲਾਈਟ ਮੁਨਸ਼ੀ ਹੌਲਦਾਰ (ਲੋਕਲ ਰੈਂਕ) ਓਮ ਪ੍ਰਕਾਸ਼ ਸ਼ਾਮਲ ਹਨ।



ਇਨ੍ਹਾਂ ਖ਼ਿਲਾਫ਼ ਵਿਭਾਗੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਡੀ.ਐਸ.ਪੀ. ਗੁਰਸ਼ੇਰ ਸਿੰਘ ਸੰਧੂ ਖ਼ਿਲਾਫ਼ ਖ਼ੁਦ ਹੀ ਝੂਠੀਆਂ ਸ਼ਿਕਾਇਤਾਂ ਕਰਵਾਉਣ ਅਤੇ ਖ਼ੁਦ ਹੀ ਜਾਂਚ ਕਰਨ ਅਤੇ ਪੀੜਤਾਂ ਨੂੰ ਡਰਾ ਧਮਕਾ ਕੇ ਮੋਟੀਆਂ ਰਕਮਾਂ ਮੰਗਣ ਦਾ ਵੱਖਰਾ ਕੇਸ ਦਰਜ ਹੈ। ਡੀ.ਐਸ.ਪੀ. ਗੁਰਸ਼ੇਰ ਸਿੰਘ ਸੰਧੂ ਨੇ ਪਿੱਛੇ ਜਿਹੇ ਕਈ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਡੀ.ਐਸ.ਪੀ. ਸੰਧੂ ਨੂੰ ਸ਼ਲਾਘਾਯੋਗ ਸੇਵਾਵਾਂ ਬਦਲੇ ਮੈਡਲ ਦੇ ਕੇ ਸਨਮਾਨਿਤ ਕੀਤਾ ਸੀ। ਜਦੋਂ ਪੁਲਿਸ ਵੱਲੋਂ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਗ੍ਰਿਫ਼ਤਾਰ ਕਰਨ ਮਗਰੋਂ ਪੁੱਛ ਪੜਤਾਲ ਲਈ ਜ਼ਿਲ੍ਹਾ ਸੀ.ਆਈ.ਏ. ਸਟਾਫ਼ ਮੁਹਾਲੀ ਦੇ ਕੈਂਪਸ ਆਫ਼ਿਸ ਖਰੜ ਵਿਚ ਰੱਖਿਆ ਗਿਆ ਸੀ ਤਾਂ ਉਦੋਂ 3 ਅਪਰੈਲ 2022 ਨੂੰ ਟੀਵੀ ਚੈਨਲ ਨੂੰ ਵਿਸ਼ੇਸ਼ ਇੰਟਰਵਿਊ ਕਰਵਾਈ ਗਈ ਸੀ। ਇਨ੍ਹਾਂ ਪੁਲਿਸ ਅਫ਼ਸਰਾਂ ਅਤੇ ਕਰਮਚਾਰੀਆਂ ਨੂੰ ਟੀਵੀ ਇੰਟਰਵਿਊ ਲਈ ਵਿਸ਼ੇਸ਼ ਪ੍ਰਬੰਧ ਕਰਨ ਦਾ ਦੋਸ਼ੀ ਪਾਇਆ ਗਿਆ ਹੈ। ਇਸ ਸਬੰਧੀ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਦੇ ਵਿਸ਼ੇਸ਼ ਡੀ.ਜੀ.ਪੀ. ਪ੍ਰਬੋਧ ਕੁਮਾਰ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਨੇ ਆਪਣੀ ਰਿਪੋਰਟ ਵਿਚ ਕੁੱਝ ਪੁਲਿਸ ਮੁਲਾਜ਼ਮਾਂ ਨੂੰ ਜ਼ਿੰਮੇਵਾਰ ਠਹਿਰਾਏ ਜਾਣ ਤੋਂ ਬਾਅਦ ਗ੍ਰਹਿ ਵਿਭਾਗ ਦੇ ਸਕੱਤਰ ਗੁਰਕੀਰਤ ਕਿਰਪਾਲ ਸਿੰਘ ਵੱਲੋਂ ਮੁਅੱਤਲੀ ਦੇ ਹੁਕਮ ਜਾਰੀ ਕੀਤੇ ਗਏ ਹਨ। ਮੁਅੱਤਲੀ ਦੇ ਹੁਕਮਾਂ ਅਨੁਸਾਰ ਪੁਲਿਸ ਅਫ਼ਸਰ ਅਤੇ ਕਰਮਚਾਰੀ ਚੰਡੀਗੜ੍ਹ ਸਥਿਤ ਡੀ.ਜੀ.ਪੀ. ਦਫ਼ਤਰ ਵਿਚ ਤਾਇਨਾਤ ਰਹਿਣਗੇ ਅਤੇ ਉਹ ਕਿਸੇ ਸਮਰੱਥ ਅਧਿਕਾਰੀ ਦੀ ਇਜਾਜ਼ਤ ਤੋਂ ਬਿਨਾਂ ਸਟੇਸ਼ਨ ਛੱਡ ਕੇ ਕਿਤੇ ਵੀ ਬਾਹਰ ਨਹੀਂ ਜਾਣਗੇ। ਹਾਈ ਕੋਰਟ ਵੱਲੋਂ 21 ਦਸੰਬਰ 2023 ਨੂੰ ਨੋਟਿਸ ਲੈਣ ਤੋਂ ਬਾਅਦ ਵਿਸ਼ੇਸ਼ ਡੀ.ਜੀ.ਪੀ. ਪ੍ਰਬੋਧ ਕੁਮਾਰ ਦੀ ਅਗਵਾਈ ਹੇਠ ਸਿੱਟ ਦਾ ਗਠਨ ਕੀਤਾ ਗਿਆ ਸੀ ਤੇ ਜਾਂਚ ਰਿਪੋਰਟ ਜਨਵਰੀ 2024 ਵਿਚ ਹਾਈ ਕੋਰਟ ਨੂੰ ਸੌਂਪੀ ਗਈ ਸੀ।

## ਇੰਟਰਵਿਊ ਲਈ ਵਿਸ਼ੇਸ਼ ਪ੍ਰਬੰਧ ਕਰਨ ਦੇ ਦੋਸ਼ੀ

**ਮੁਹਾਲੀ:** ਪੁਲਿਸ ਅਫ਼ਸਰਾਂ ਅਤੇ ਕਰਮਚਾਰੀਆਂ ਨੂੰ ਟੀਵੀ ਇੰਟਰਵਿਊ ਲਈ ਵਿਸ਼ੇਸ਼ ਪ੍ਰਬੰਧ ਕਰਨ ਦਾ ਦੋਸ਼ੀ ਪਾਇਆ ਗਿਆ ਹੈ। ਇਸ ਸਬੰਧੀ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਦੇ ਵਿਸ਼ੇਸ਼ ਡੀ.ਜੀ.ਪੀ. ਪ੍ਰਬੋਧ ਕੁਮਾਰ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਨੇ ਆਪਣੀ ਰਿਪੋਰਟ ਵਿਚ ਕੁੱਝ ਪੁਲਿਸ ਮੁਲਾਜ਼ਮਾਂ ਨੂੰ ਜ਼ਿੰਮੇਵਾਰ ਠਹਿਰਾਏ ਜਾਣ ਤੋਂ ਬਾਅਦ ਗ੍ਰਹਿ ਵਿਭਾਗ ਦੇ ਸਕੱਤਰ ਗੁਰਕੀਰਤ ਕਿਰਪਾਲ ਸਿੰਘ ਵੱਲੋਂ ਮੁਅੱਤਲੀ ਦੇ ਹੁਕਮ ਜਾਰੀ ਕੀਤੇ ਗਏ ਹਨ।

# ਜ਼ਿਮਨੀ ਚੋਣਾਂ: ਭਾਜਪਾ ਨੇ ਸਿੱਖ ਚਿਹਰਿਆਂ ਨੂੰ ਮੈਦਾਨ ਵਿਚ ਉਤਾਰਿਆ

**ਚੰਡੀਗੜ੍ਹ:** ਹਰਿਆਣਾ ਵਿਚ ਲਗਾਤਾਰ ਤੀਜੀ ਵਾਰ ਸਰਕਾਰ ਬਣਾਉਣ ਮਗਰੋਂ ਭਾਰਤੀ ਜਨਤਾ ਪਾਰਟੀ ਨੇ ਪੰਜਾਬ ਦੀਆਂ ਜ਼ਿਮਨੀ ਵਿਧਾਨ ਸਭਾ ਚੋਣਾਂ ਲਈ ਸਿੱਖ ਚਿਹਰਿਆਂ ਨੂੰ ਮੈਦਾਨ ਵਿਚ ਉਤਾਰਿਆ ਹੈ। ਸ਼੍ਰੋਮਣੀ ਅਕਾਲੀ ਦਲ 'ਚ ਆਪਸੀ ਪਾਟੋ-ਧਾੜ ਦੌਰਾਨ ਇਨ੍ਹਾਂ ਸਿੱਖ ਹਸਤੀਆਂ ਦੀ ਅਹਿਮ ਭੂਮਿਕਾ ਰਹਿਣ ਦੀ ਹੁਣ ਉਮੀਦ ਬੱਝ ਗਈ ਹੈ। ਭਾਜਪਾ ਵੱਲੋਂ ਗਿੱਦੜਬਾਹਾ ਤੋਂ ਮਨਪ੍ਰੀਤ ਸਿੰਘ ਬਾਦਲ, ਬਰਨਾਲਾ ਤੋਂ ਕੇਵਲ ਸਿੰਘ ਢਿੱਲੋਂ, ਡੇਰਾ ਬਾਬਾ ਨਾਨਕ ਤੋਂ ਰਵੀਕਰਨ ਸਿੰਘ ਕਾਹਲੋਂ ਅਤੇ ਚੱਬੇਵਾਲ ਤੋਂ ਸੋਹਣ ਸਿੰਘ ਠੰਡਲ ਨੂੰ ਉਮੀਦਵਾਰ ਬਣਾਇਆ ਗਿਆ ਹੈ। ਭਾਜਪਾ ਨੇ ਇਨ੍ਹਾਂ ਸਿੱਖ ਚਿਹਰਿਆਂ ਦੀ ਸੂਚੀ ਜਾਰੀ ਕਰਕੇ ਫ਼ਿਲਹਾਲ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂ ਹੈਰਾਨ ਕਰ ਦਿੱਤੇ ਹਨ।

ਬੇਸ਼ੱਕ ਭਾਜਪਾ ਵੱਲੋਂ ਮਨਪ੍ਰੀਤ ਬਾਦਲ ਅਤੇ ਕੇਵਲ ਢਿੱਲੋਂ ਨੂੰ ਉਮੀਦਵਾਰ ਬਣਾਉਣ ਦੀਆਂ ਚਰਚਾ ਕਈ ਦਿਨਾਂ ਤੋਂ ਚੱਲ ਰਹੀ ਸੀ ਪਰ ਕੁੱਝ ਹਲਕੇ ਇਨ੍ਹਾਂ ਨਾਵਾਂ ਦੇ ਐਲਾਨ ਹੋ ਜਾਣ ਨੂੰ ਮੰਨ ਨਹੀਂ ਸੀ ਰਹੇ, ਪਰ ਅਚਾਨਕ ਸੂਚੀ ਜਾਰੀ ਹੋਣ ਤੋਂ ਬਾਅਦ ਨਵੇਂ ਸਿਆਸੀ ਮੁਕਾਬਲਿਆਂ ਦੀ ਆਸ ਬੱਝ ਗਈ ਹੈ।



ਮਨਪ੍ਰੀਤ ਬਾਦਲ ਵੱਲੋਂ ਆਪਣੇ ਰਵਾਇਤੀ ਵਿਧਾਨ ਸਭਾ ਹਲਕੇ ਗਿੱਦੜਬਾਹਾ ਤੋਂ ਅੰਦਰ ਖਾਤੇ ਲੰਬੇ ਸਮੇਂ ਤੋਂ ਸਰਗਰਮੀਆਂ ਵਿੱਢੀਆਂ ਹੋਈਆਂ ਸਨ। ਉਨ੍ਹਾਂ ਦੀਆਂ ਸਰਗਰਮੀਆਂ ਨੂੰ ਗੰਭੀਰਤਾ ਨਾਲ ਲੈ ਕੇ ਹੀ ਹਰਦੀਪ ਸਿੰਘ ਡਿੰਪੀ ਢਿੱਲੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦਾ ਸਾਥ ਛੱਡ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਸਨ, ਜਿਨ੍ਹਾਂ ਨੂੰ ਮਗਰੋਂ ਹੁਣ ਸੱਤਾਧਾਰੀ 'ਆਪ' ਵੱਲੋਂ ਗਿੱਦੜਬਾਹਾ ਤੋਂ ਉਮੀਦਵਾਰ ਐਲਾਨਿਆ ਗਿਆ ਹੈ। ਮਨਪ੍ਰੀਤ ਬਾਦਲ ਨੇ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਗਿੱਦੜਬਾਹਾ ਤੋਂ ਕੀਤੀ ਸੀ। ਉਨ੍ਹਾਂ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਸਰਕਾਰ ਵੇਲੇ 1995 ਵਿਚ ਇੱਥੋਂ ਜ਼ਿਮਨੀ ਚੋਣ ਦੌਰਾਨ ਸੱਤਾਧਾਰੀ ਕਾਂਗਰਸ ਧਿਰ ਦੇ ਉਮੀਦਵਾਰ ਨੂੰ ਹਰਾਇਆ ਸੀ। ਉਹ ਅਕਾਲੀ-ਭਾਜਪਾ ਗੱਠਜੋੜ ਅਤੇ ਕਾਂਗਰਸ ਦੀ ਸਰਕਾਰ ਸਮੇਂ ਖਜ਼ਾਨਾ ਮੰਤਰੀ ਰਹਿ ਚੁੱਕੇ ਹਨ। ਉਹ 1997, 2002 ਅਤੇ 2007 ਵਿਚ ਗਿੱਦੜਬਾਹਾ ਤੋਂ ਵਿਧਾਇਕ ਰਹੇ ਹਨ ਅਤੇ ਉਹ 2012 ਵਿੱਚ ਉਥੋਂ ਚੋਣ ਹਾਰ ਗਏ ਸਨ।

ਇਸੇ ਤਰ੍ਹਾਂ ਭਾਜਪਾ ਵੱਲੋਂ ਡੇਰਾ ਬਾਬਾ ਨਾਨਕ ਤੋਂ ਰਵੀਕਰਨ ਸਿੰਘ ਕਾਹਲੋਂ ਨੂੰ ਉਮੀਦਵਾਰ ਬਣਾਇਆ ਗਿਆ ਹੈ। ਉਹ ਅਕਾਲੀ ਆਗੂ ਨਿਰਮਲ ਸਿੰਘ ਕਾਹਲੋਂ ਦੇ ਪੁੱਤਰ ਹਨ।

ਉਨ੍ਹਾਂ ਦੇ ਪਿਤਾ ਅਕਾਲੀ-ਭਾਜਪਾ ਸਰਕਾਰ ਦੌਰਾਨ 2007 ਅਤੇ 2012 ਵਿਚ ਵਿਧਾਨ ਸਭਾ ਦੇ ਸਪੀਕਰ ਰਹੇ ਹਨ ਅਤੇ ਸਾਬਕਾ ਮੰਤਰੀ ਵੀ ਰਹੇ ਹਨ। 2022 ਵਿਚ ਅਕਾਲੀ ਦਲ ਨੇ ਰਵੀਕਰਨ ਸਿੰਘ ਕਾਹਲੋਂ ਨੂੰ ਡੇਰਾ ਬਾਬਾ ਨਾਨਕ ਤੋਂ ਸੁਖਜਿੰਦਰ ਸਿੰਘ ਰੰਧਾਵਾ ਦੇ ਮੁਕਾਬਲੇ ਮੈਦਾਨ ਵਿਚ ਉਤਾਰਿਆ ਸੀ ਅਤੇ ਉਹ ਥੋੜ੍ਹੀਆਂ ਵੋਟਾਂ ਨਾਲ ਹਾਰ ਗਏ ਸਨ।

ਇਸੇ ਤਰ੍ਹਾਂ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਰਹੇ ਕੇਵਲ ਸਿੰਘ ਢਿੱਲੋਂ ਨੂੰ ਬਰਨਾਲਾ ਤੋਂ ਉਮੀਦਵਾਰ ਬਣਾਇਆ ਗਿਆ ਹੈ। ਉਹ 2007, 2012 ਵਿਚ ਦੋ ਵਾਰ ਬਰਨਾਲਾ ਤੋਂ ਵਿਧਾਇਕ ਰਹੇ ਅਤੇ 2017 ਵਿਚ ਉਹ 'ਆਪ' ਦੇ ਗੁਰਮੀਤ ਸਿੰਘ ਮੀਤ ਹੇਅਰ ਤੋਂ ਲਗਪਗ 2300 ਵੋਟਾਂ ਦੇ ਫ਼ਰਕ ਨਾਲ ਚੋਣ ਹਾਰ ਗਏ ਸਨ। ਉਨ੍ਹਾਂ ਨੇ 2019 ਵਿਚ ਸੰਗਰੂਰ ਲੋਕ ਸਭਾ ਹਲਕੇ ਤੋਂ ਚੋਣ ਲੜੀ, ਪਰ ਭਗਵੰਤ ਮਾਨ ਤੋਂ ਚੋਣ ਹਾਰ ਗਏ ਸਨ।

## ਸ਼੍ਰੋਮਣੀ ਕਮੇਟੀ ਵੱਲੋਂ ਭਾਜਪਾ ਆਗੂ ਨੂੰ ਚਿਤਾਵਨੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਜਪਾ ਆਗੂ ਆਰਪੀ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਖ਼ਿਲਾਫ਼ ਕੀਤੀ ਗਈ ਬਿਆਨਬਾਜ਼ੀ ਦਾ ਸਖ਼ਤ ਨੋਟਿਸ ਲਿਆ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਉਹ ਅਜਿਹੀ ਬਿਆਨੀ ਤੋਂ ਬਾਜ਼ ਨਾ ਆਏ ਤਾਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਵੱਡੀਆਂ ਕੁਰਬਾਨੀਆਂ ਤੋਂ ਬਾਅਦ ਹੋਂਦ ਵਿਚ ਆਈ ਸੰਸਥਾ ਹੈ।

ਇਸ ਸੰਸਥਾ ਨੇ ਆਪਣੇ 104 ਸਾਲ ਦੇ ਇਤਿਹਾਸ ਅੰਦਰ ਸਿੱਖੀ ਪ੍ਰਚਾਰ ਪਸਾਰ ਦੇ ਨਾਲ-ਨਾਲ ਵਿੱਦਿਆ, ਸਿਹਤ ਤੇ ਖੇਡਾਂ 'ਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਭਾਜਪਾ ਆਗੂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਾਂ ਵਿਗਾੜ ਕੇ 'ਸ਼੍ਰੋਮਣੀ ਕ੍ਰਿਸਚਨ ਕਮੇਟੀ' ਕਹਿਣਾ ਉਨ੍ਹਾਂ ਦੀ ਬੌਧਿਕ ਕੰਗਾਲੀ ਤੇ ਪੰਥਕ ਸਮਝ ਦੇ ਪੇਤਲੇਪਨ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਆਗੂ ਦੀ ਗ਼ਲਤ ਬਿਆਨਬਾਜ਼ੀ



ਕਾਰਨ ਸਿੱਖ ਭਾਵਨਾਵਾਂ ਨੂੰ ਸੱਟ ਵੱਜੀ ਹੈ ਅਤੇ ਆਰਪੀ ਸਿੰਘ ਮੁਆਫ਼ੀ ਮੰਗਣ।

### ਆਰਪੀ ਸਿੰਘ ਖਿਲਾਫ ਫ਼ੌਜਦਾਰੀ ਕੇਸ ਦਰਜ ਹੋਵੇ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਮੰਗ ਕੀਤੀ ਕਿ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 'ਸ਼੍ਰੋਮਣੀ ਕ੍ਰਿਸਚੀਅਨ ਕਮੇਟੀ' ਦੱਸ ਕੇ ਸਿਵਲ ਸਮਾਜ ਵਿਚ ਨਫ਼ਰਤ ਫੈਲਾਉਣ ਲਈ ਭਾਜਪਾ ਦੇ ਕੌਮੀ ਬੁਲਾਰੇ ਆਰਪੀ ਸਿੰਘ ਦੇ ਖ਼ਿਲਾਫ਼ ਫ਼ੌਜਦਾਰੀ ਕੇਸ ਦਰਜ ਕੀਤਾ ਜਾਵੇ। ਪਾਰਟੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਜਾਰੀ ਬਿਆਨ ਵਿਚ ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਡਾ ਨੂੰ ਵੀ ਆਖਿਆ ਕਿ ਉਹ ਆਰਪੀ ਸਿੰਘ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕਰ ਅਤੇ ਸਿੱਖ ਕੌਮ ਤੋਂ ਤੁਰਤ ਮੁਆਫ਼ੀ ਮੰਗਣ।

## ਨਕਲੀ ਬੀਜਾਂ ਦੀ ਸਮੱਸਿਆ ਨਾਲ ਨਜਿੱਠਣ ਲਈ ਨਵੀਂ ਪਹਿਲ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਦੇ ਕਿਸਾਨਾਂ ਨੂੰ ਵਧੀਆ ਬੀਜ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਕਿਊਆਰ ਕੋਡ ਸਿਸਟਮ ਦੀ ਸ਼ੁਰੂਆਤ ਕੀਤੀ ਹੈ। ਕਿਊਆਰ ਕੋਡ ਸਿਸਟਮ ਦੀ ਸ਼ੁਰੂਆਤ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕੀਤੀ।

ਉਨ੍ਹਾਂ ਕਿਹਾ ਕਿ ਕਿਊਆਰ ਕੋਡ ਪ੍ਰਣਾਲੀ ਨਕਲੀ ਬੀਜਾਂ ਦੀ ਮਾਰਕੀਟ ਖ਼ਤਮ ਕਰਦਿਆਂ ਬੀਜ ਸਪਲਾਈ ਚੇਨ ਦੀ ਇਕਸਾਰਤਾ ਤੇ ਮਿਆਰ ਨੂੰ ਯਕੀਨੀ ਬਣਾਉਣ ਵਿਚ ਮਦਦ ਕਰੇਗੀ। ਇਸ ਨਾਲ ਕਿਸਾਨ ਬੀਜਾਂ ਦੀ ਗੁਣਵੱਤਾ, ਸਰੋਤ ਅਤੇ ਪ੍ਰਮਾਣੀਕਰਣ ਬਾਰੇ ਆਸਾਨੀ ਨਾਲ ਜਾਣਕਾਰੀ ਹਾਸਲ ਕਰ ਸਕਦਾ ਹੈ।

ਖੁੱਡੀਆਂ ਨੇ ਕਿਹਾ ਕਿ ਕਿਸਾਨ ਬੀਜ ਖ਼ਰੀਦਣ ਤੋਂ ਪਹਿਲਾਂ ਬੀਜ ਦੇ ਥੈਲਿਆਂ 'ਤੇ ਲੱਗੇ ਕਿਊਆਰ ਕੋਡ ਟੈਗ ਨੂੰ ਸਕੈਨ ਕਰਕੇ ਉਸ ਬੀਜ ਬਾਰੇ ਸਾਰੀ ਜਾਣਕਾਰੀ ਹਾਸਲ ਕਰ ਸਕਦੇ ਹਨ। ਕਿਊਆਰ ਕੋਡ ਸਕੈਨ ਕਰਕੇ ਬੀਜਾਂ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਹੋ ਜਾਵੇਗੀ। ਇਸ ਦੇ ਨਾਲ ਹੀ ਬੀਜ ਉਤਪਾਦਕ ਬਾਰੇ ਮੁਕੰਮਲ ਜਾਣਕਾਰੀ ਤੋਂ ਇਲਾਵਾ ਨਿਰੀਖਣ ਰਿਪੋਰਟਾਂ ਅਤੇ ਲੈਬ ਟੈਸਟਾਂ ਦੇ ਨਤੀਜਿਆਂ ਦੇ ਵੇਰਵੇ ਵੀ ਹੋਣਗੇ। ਇਸ ਨਾਲ ਲਾਇਸੰਸਸ਼ੁਦਾ ਡੀਲਰਾਂ ਵੱਲੋਂ ਕਿਸਾਨਾਂ ਨੂੰ ਸਰਟੀਫਾਈਡ ਬੀਜ ਹੀ ਵੇਚੇ ਜਾਣਗੇ, ਜਿਸ ਨਾਲ ਬੀਜਾਂ ਦੀ ਸਪਲਾਈ ਦੇ ਮਿਆਰ ਦੀ ਇਕਸਾਰਤਾ ਯਕੀਨੀ ਬਣੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖੇਤੀਬਾੜੀ ਖੇਤਰ ਨੂੰ ਦਰਪੇਸ਼ ਚੁਣੌਤੀਆਂ ਅਤੇ ਮੁਸ਼ਕਲਾਂ ਦੇ ਹੱਲ ਲਈ ਲਗਾਤਾਰ ਯਤਨ ਕਰ ਰਹੀ ਹੈ। ਇਹ ਪ੍ਰਣਾਲੀ ਵਿਸ਼ੇਸ਼ ਤੌਰ 'ਤੇ ਬੀਜ ਉਤਪਾਦਨ, ਗੁਣਵੱਤਾ ਵਾਲੇ ਬੀਜ ਦੀ ਪਛਾਣ ਅਤੇ ਬੀਜ ਪ੍ਰਮਾਣੀਕਰਣ ਨਾਲ ਸਬੰਧਤ ਮੁੱਦਿਆਂ ਨਾਲ ਨਜਿੱਠਣ ਲਈ ਤਿਆਰ ਕੀਤੀ ਗਈ ਹੈ।

## ਰਾਜਪਾਲ ਵੱਲੋਂ ਪੰਜਾਬ ਫਾਇਰ ਐਂਡ ਐਮਰਜੈਂਸੀ ਸਰਵਿਸ ਬਿੱਲ ਮਨਜ਼ੂਰ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਪੰਜਾਬ ਫਾਇਰ ਐਂਡ ਐਮਰਜੈਂਸੀ ਸਰਵਿਸ ਬਿੱਲ-2024 ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਇਸ ਬਿੱਲ ਦੇ ਲਾਗੂ ਹੋਣ ਨਾਲ ਸੂਬੇ ਵਿਚ ਫਾਇਰ ਐਨ.ਓ.ਸੀ. ਇਕ ਸਾਲ ਦੀ ਥਾਂ ਤਿੰਨ ਸਾਲਾਂ ਦੀ ਇਕੱਠੀ ਮਿਲੇਗੀ। ਇਸ ਤੋਂ ਇਲਾਵਾ ਬਿੱਲ ਵਿਚ ਫਾਇਰ ਨਾਲ ਜੁੜੀਆਂ ਗਤੀਵਿਧੀਆਂ ਦੀ ਜਾਂਚ ਤੇ ਅਣਗਹਿਲੀ ਵਰਤਣ 'ਤੇ ਸਖ਼ਤ ਸਜ਼ਾ ਦੀ ਵਿਉਂਤਬੰਦੀ ਵੀ ਕੀਤੀ ਗਈ ਹੈ। ਇਸ ਬਿੱਲ ਵਿਚ ਲੜਕੀਆਂ ਦੀ ਭਰਤੀ ਨਾਲ ਜੁੜੇ ਨਿਯਮਾਂ ਵਿਚ ਵੀ ਬਦਲਾਅ ਕੀਤਾ ਗਿਆ ਹੈ।

ਪੰਜਾਬ ਫਾਇਰ ਐਂਡ ਐਮਰਜੈਂਸੀ ਸਰਵਿਸ ਬਿੱਲ-2024 ਦੇ ਅਮਲ ਵਿਚ ਆਉਣ ਨਾਲ ਫਾਇਰ ਵਿਭਾਗ ਨੂੰ ਸੂਬੇ ਦੀਆਂ



ਇਮਾਰਤਾਂ 'ਤੇ ਫਾਇਰ ਸੇਫਟੀ ਸਿਸਟਮ ਲਗਾਉਣ ਦਾ ਅਧਿਕਾਰ ਦਿੱਤਾ ਜਾਵੇਗਾ।

## ਮੁੜ ਸਰਗਰਮ ਹੋਏ ਕੈਪਟਨ ਅਮਰਿੰਦਰ ਸਿੰਘ

**ਖੰਨਾ:** ਲੰਬੀ ਚੁੱਪ ਮਗਰੋਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਮੁੜ ਸਰਗਰਮ ਦਿਖਾਈ ਦਿੱਤੇ। ਉਨ੍ਹਾਂ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਖੰਨਾ ਵਿਚ ਝੋਨੇ ਦੇ ਖ਼ਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ। ਕੈਪਟਨ ਦੀ ਇਹ ਸਰਗਰਮੀ ਕਾਂਗਰਸ ਛੱਡ ਕੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਣ ਉਪਰੰਤ ਪਹਿਲੀ ਵਾਰ ਨਜ਼ਰ ਆਈ। ਉਨ੍ਹਾਂ ਨਾਲ ਫ਼ਤਹਿਜੰਗ ਸਿੰਘ ਬਾਜਵਾ, ਬੀਬੀ ਜੈਇੰਦਰ ਕੌਰ, ਸਾਬਕਾ ਵਿਧਾਇਕ ਦੀਦਾਰ ਸਿੰਘ ਭੱਟੀ, ਗੁਰਪ੍ਰੀਤ ਸਿੰਘ ਭੱਟੀ, ਇਕਬਾਲ ਸਿੰਘ ਚੰਨੀ, ਹਰਸਿਮਰਤ ਸਿੰਘ ਰਿਚੀ, ਅਮਰਿੰਦਰ ਢੀਂਡਸਾ ਅਤੇ ਹੋਰ ਸੀਨੀਅਰ ਭਾਜਪਾ ਆਗੂ ਹਾਜ਼ਰ ਸਨ। ਕੈਪਟਨ ਨੇ ਝੋਨੇ ਦੇ ਖ਼ਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਮੰਡੀ ਵਿਚ ਝੋਨੇ ਦੀਆਂ ਬੋਰੀਆਂ ਦੇ ਢੇਰਾਂ



ਨੂੰ ਦੇਖਿਆ ਅਤੇ ਆੜ੍ਹਤੀਆਂ, ਸ਼ੈਲਰ ਮਾਲਕਾਂ, ਕਿਸਾਨਾਂ ਅਤੇ ਵੱਖ-ਵੱਖ ਮਜ਼ਦੂਰ ਜਥੇਬੰਦੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਝੋਨੇ ਦੀ ਖ਼ਰੀਦ ਅਤੇ ਲਿਫਟਿੰਗ ਦਾ ਸਹੀ ਪ੍ਰਬੰਧ ਨਾ ਹੋਣ ਕਾਰਨ ਕਿਸਾਨਾਂ ਨੂੰ ਭਾਰੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਮੰਡੀਆਂ ਵਿਚ ਖ਼ਰੀਦ ਪ੍ਰਬੰਧ ਮੁਕੰਮਲ ਹੋਣ ਦੇ ਦਾਅਵੇ ਝੂਠੇ ਸਾਬਤ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ 44 ਹਜ਼ਾਰ ਕਰੋੜ ਰੁਪਏ ਝੋਨੇ ਦੀ ਖ਼ਰੀਦ ਲਈ ਜਾਰੀ ਕੀਤੇ ਗਏ ਸਨ ਪਰ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਖ਼ਰੀਦੇ ਝੋਨੇ ਦੀ ਸਹੀ ਢੰਗ ਨਾਲ ਅਦਾਇਗੀ ਨਹੀਂ ਕੀਤੀ ਨਹੀਂ।

ਕੈਪਟਨ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਹਮੇਸ਼ਾ ਕਿਸਾਨ ਪੱਖੀ ਰਹੀ ਹੈ ਅਤੇ ਕਿਸਾਨਾਂ ਦੇ ਕਈ ਅਹਿਮ ਮਸਲਿਆਂ ਨੂੰ ਹੱਲ ਕੀਤਾ ਹੈ, ਬਾਕੀ ਰਹਿੰਦੇ ਮਸਲੇ ਵੀ ਜਲਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਕਰਕੇ ਹੱਲ ਕੀਤੇ ਜਾਣਗੇ।

### ਬੇਰੁਜ਼ਗਾਰਾਂ ਅਧਿਆਪਕਾਂ ਨੇ ਬਾਜ਼ਾਰਾਂ 'ਚ ਮੰਗੀ ਭੀਖ

**ਸ੍ਰੀ ਆਨੰਦਪੁਰ ਸਾਹਿਬ:** ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿੰਡ ਗੰਭੀਰਪੁਰ ਵਿਚ ਧਰਨਾ ਦੇ ਰਹੇ ਈ.ਟੀ.ਟੀ. ਟੈੱਟ ਪਾਸ ਬੇਰੁਜ਼ਗਾਰ 5994 ਅਧਿਆਪਕ ਯੂਨੀਅਨ ਪੰਜਾਬ ਦੇ ਨੁਮਾਇੰਦਿਆਂ ਨੇ ਸ੍ਰੀ ਆਨੰਦਪੁਰ ਸਾਹਿਬ ਦੇ ਮੁੱਖ ਬਾਜ਼ਾਰਾਂ ਵਿਚ ਭੀਖ ਮੰਗ ਕੇ ਅਤੇ ਬੱਸ ਸਟੈਂਡ ਵਿਚ ਲੋਕਾਂ ਦੇ ਬੂਟ ਪਾਲਿਸ਼ ਕਰਕੇ 'ਆਪ' ਸਰਕਾਰ ਖਿਲਾਫ਼ ਅਨੋਖਾ ਪ੍ਰਦਰਸ਼ਨ ਕੀਤਾ। ਇਸ ਦੇ ਨਾਲ ਹੀ ਯੂਨੀਅਨ ਦੇ ਨੁਮਾਇੰਦਿਆਂ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਖ਼ਿਲਾਫ਼ ਪੈਂਫਲੇਟ ਵੀ ਵੰਡੇ ਜਿਸ ਵਿਚ ਈ.ਟੀ.ਟੀ. 5994 ਭਰਤੀ ਸਬੰਧੀ ਵੱਖ-ਵੱਖ ਮੰਗਾਂ ਦਾ ਜ਼ਿਕਰ ਕੀਤਾ ਗਿਆ ਹੈ।

## ਕਾਂਗਰਸੀ ਆਗੂ ਦੇ ਘਰੋਂ 105 ਕਿਲੋ ਹੈਰੋਇਨ ਬਰਾਮਦ

**ਰਈਆ:** ਅੰਮ੍ਰਿਤਸਰ ਕਾਊਂਟਰ ਇੰਟੈਲੀਜੈਂਸੀ ਨੇ ਨਸ਼ੇ ਨਾਲ ਸਬੰਧਤ ਰੈਕਟ ਦਾ ਪਰਦਾਫਾਸ਼ ਕਰਦਿਆਂ ਬਾਬਾ ਬਕਾਲਾ ਸਾਹਿਬ ਦੇ ਇਕ ਕਾਂਗਰਸੀ ਆਗੂ ਦੇ ਘਰ ਵਿਚੋਂ 105 ਕਿਲੋ ਹੈਰੋਇਨ, 31 ਕਿਲੋ ਕੈਫ਼ੀਨ, 17 ਕਿਲੋ ਡੀ.ਐਮ.ਆਰ, ਪੰਜ ਵਿਦੇਸ਼ੀ ਪਿਸਤੌਲ, ਇਕ ਦੇਸੀ ਕੱਟੇ ਸਣੇ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਸੂਤਰਾਂ ਅਨੁਸਾਰ ਅੰਮ੍ਰਿਤਸਰ ਕਾਊਂਟਰ ਇੰਟੈਲੀਜੈਂਸ ਨੇ ਕਾਰਵਾਈ ਕਰਕੇ ਬਾਬਾ ਬਕਾਲਾ ਸਾਹਿਬ ਕਸਬੇ ਦੇ ਇਕ ਕਿਰਾਏ ਦੇ ਮਕਾਨ ਵਿਚੋਂ 500 ਕਰੋੜ ਤੋਂ ਵੱਧ ਦੀ ਹੈਰੋਇਨ ਅਤੇ ਹੋਰ ਨਸ਼ੀਲੇ ਪਦਾਰਥਾਂ ਸਣੇ ਦੋ ਨਸ਼ਾ ਤਸਕਰਾਂ



ਨਵਜੋਤ ਸਿੰਘ ਬਾਬਾ ਬਕਾਲਾ ਅਤੇ ਲਵਪ੍ਰੀਤ ਕੁਮਾਰ ਨੂੰ ਗ੍ਰਿਫ਼ਤਾਰ ਕੀਤਾ ਹੈ।

ਨਸ਼ਾ ਤਸਕਰ ਜਦੋਂ ਰਾਤ ਕਰੀਬ ਨੌਂ ਵਜੇ ਇਕ ਗੱਡੀ ਵਿਚ ਨਸ਼ੀਲੇ ਪਦਾਰਥ ਲੈ ਕੇ ਆਏ ਤਾਂ ਪੁਲਿਸ ਨੇ ਪਹਿਲਾਂ ਤੋਂ ਕੀਤੀ ਨਾਕੇਬੰਦੀ ਦੌਰਾਨ ਉਨ੍ਹਾਂ ਨੂੰ ਕਾਬੂ ਕਰ ਲਿਆ। ਮਕਾਨ ਕਿਰਾਏ 'ਤੇ ਲੈ ਕੇ ਨਸ਼ਾ ਤਸਕਰੀ ਦਾ ਗੈਰ-ਕਾਨੂੰਨੀ ਧੰਦਾ ਕਰ ਰਹੇ ਮੁਲਜ਼ਮ ਨਵਜੋਤ ਸਿੰਘ ਦੇ ਕਾਂਗਰਸ ਦੇ ਵੱਡੇ ਆਗੂਆਂ ਨਾਲ ਸਬੰਧ ਹਨ।

ਨਵਜੋਤ ਸਿੰਘ ਲਹੌਰੀਆ ਪਿੰਡ ਵਡਾਲਾ ਦਾ ਰਹਿਣ ਵਾਲਾ ਹੈ ਅਤੇ ਅੱਜ-ਕੱਲ੍ਹ ਬਾਬਾ ਬਕਾਲਾ ਵਿਚ ਲੱਖੋਵਾਲ ਰੋਡ 'ਤੇ ਆਪਣੇ ਪਿਤਾ ਨਾਲ ਰਹਿੰਦਾ ਸੀ ਅਤੇ ਬਾਬਾ ਬਕਾਲਾ ਤਹਿਸੀਲ ਕੰਪਲੈਕਸ ਵਿਚ ਉਸ ਦੀ ਨਵਜੋਤ ਫੋਟੋ ਸਟੇਟ ਦੇ ਨਾਮ 'ਤੇ ਛੋਟੀ ਜਿਹੀ ਦੁਕਾਨ ਹੈ। ਉਹ ਪਹਿਲਾਂ ਸਾਈਂ ਕਾਲਜ ਦਾ ਪ੍ਰਧਾਨ ਵੀ ਰਿਹਾ ਹੈ ਅਤੇ ਅੱਜ-ਕੱਲ੍ਹ ਯੂਥ ਕਾਂਗਰਸ ਸਰਕਲ ਬਾਬਾ ਬਕਾਲਾ ਦਾ ਪ੍ਰਧਾਨ ਹੈ। ਪੁਲਿਸ ਨੇ ਦੋਵਾਂ ਮੁਲਜ਼ਮਾਂ ਦਾ ਤਿੰਨ ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਹੈ। ਲਵਪ੍ਰੀਤ ਸਿੰਘ ਆਈਲੈਟਸ ਕਰ ਰਿਹਾ ਸੀ ਅਤੇ ਨਵਜੋਤ ਫੋਟੋਗ੍ਰਾਫਰ ਦਾ ਕੰਮ ਕਰਦਾ ਹੈ। ਪੁਲਿਸ ਅਨੁਸਾਰ ਉਹ ਪਿਛਲੇ ਤਿੰਨ ਮਹੀਨਿਆਂ ਤੋਂ ਨਸ਼ੀਲੇ ਪਦਾਰਥਾਂ ਦਾ ਧੰਦਾ ਕਰ ਰਹੇ ਸਨ। ਸ਼ੱਕ ਹੈ ਕਿ ਭਾਰਤ-ਪਾਕਿਸਤਾਨ ਸਰਹੱਦ ਨਾਲ ਲੱਗਦੀ ਦਰਿਆ ਈ ਖੇਤਰ ਰਾਹੀਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਕੀਤੀ ਗਈ ਸੀ।

# ਟਰੂਡੋ ਸਰਕਾਰ ਵਿਦੇਸ਼ੀ ਕਾਮਿਆਂ 'ਤੇ ਨਿਰਭਰਤਾ ਘਟਾਉਣ ਦੇ ਰੌਂਅ 'ਚ

**ਵੈਨਕੂਵਰ:** ਜਸਟਿਨ ਟਰੂਡੋ ਸਰਕਾਰ ਵੱਲੋਂ ਆਵਾਸ ਨੀਤੀਆਂ ਵਿਚ ਤਬਦੀਲੀ ਕੀਤੇ ਜਾਣ ਕਾਰਨ ਕੈਨੇਡਾ 'ਚ ਪੱਕੇ ਹੋਣ ਦੇ ਇੱਛੁਕ ਵਿਦੇਸ਼ੀਆਂ ਦੇ ਪੱਲੇ ਨਿਰਾਸ਼ਾ ਪਈ ਹੈ। ਲੰਘੇ 6 ਮਹੀਨਿਆਂ ਵਿਚ ਸਰਕਾਰ ਵੱਲੋਂ ਇੱਥੇ ਰਹਿੰਦੇ ਵਿਦੇਸ਼ੀਆਂ ਦੇ ਵੱਖ-ਵੱਖ ਵਰਗਾਂ ਦੀ ਗਿਣਤੀ ਉੱਤੇ ਪੰਜਵੀਂ ਵਾਰ ਕੱਟ ਲਾਇਆ ਹੈ। ਇਸ ਤੋਂ ਪਹਿਲਾਂ ਸਟੱਡੀ ਵੀਜ਼ਿਆਂ ਦੀ ਗਿਣਤੀ ਤਿੰਨ ਵਾਰ ਘਟਾਈ ਜਾ ਚੁੱਕੀ ਹੈ ਅਤੇ ਉਸ ਮਗਰੋਂ ਪਿਛਲੇ ਮਹੀਨੇ ਵਰਕ ਪਰਮਿਟਧਾਰਕਾਂ ਦੀਆਂ ਅਰਜ਼ੀਆਂ ਲੈਣੀਆਂ ਬੰਦ ਕੀਤੀਆਂ ਤੇ ਹੁਣ ਪੱਕੇ ਹੋਣ ਵਾਲਿਆਂ ਦੀ ਗਿਣਤੀ 21 ਫ਼ੀਸਦੀ ਤੱਕ ਘਟਾਉਣ ਦਾ ਐਲਾਨ ਕੀਤਾ ਗਿਆ ਹੈ।



ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 'ਐਕਸ' ਹੈਂਡਲ 'ਤੇ ਲਿਖਿਆ ਕਿ ਸਰਕਾਰ ਵਿਦੇਸ਼ੀ ਕਾਮਿਆਂ 'ਤੇ ਆਪਣੀ ਨਿਰਭਰਤਾ ਹੋਰ ਘਟਾ ਰਹੀ ਹੈ। ਉਨ੍ਹਾਂ ਅੱਗੇ ਲਿਖਿਆ ਕਿ ਹੁਣ ਰੁਜ਼ਗਾਰ ਦਾਤਾ ਕੰਪਨੀਆਂ ਲਈ ਕੈਨੇਡੀਅਨ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਪਹਿਲ ਵਾਲੇ ਨਿਯਮ ਵਧੇਰੇ ਸਖਤ ਕੀਤੇ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਟਰੂਡੋ ਦੀ ਲਿਬਰਲ ਸਰਕਾਰ ਦੀ ਅਗਲੇ ਦੋ ਸਾਲਾਂ ਅੰਦਰ ਹਰ ਸਾਲ ਪੰਜ ਲੱਖ ਨਵੇਂ ਵਸਨੀਕਾਂ ਨੂੰ ਦੇਸ਼ 'ਚ ਇਜਾਜ਼ਤ ਦੇਣ ਦੀ ਯੋਜਨਾ ਲਈ ਆਲੋਚਨਾ ਕੀਤੀ ਗਈ ਸੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕੋਵਿਡ ਕਾਲ 'ਚ ਵਿਗੜੇ ਅਬਾਦੀ ਸੰਤੁਲਨ ਨੂੰ ਠੀਕ ਕਰਨ ਲਈ ਇਸ ਸਾਲ ਸਿਰਫ਼ ਪੰਜ ਲੱਖ ਲੋਕਾਂ ਨੂੰ ਪੱਕਾ ਕੀਤਾ ਜਾਵੇਗਾ, ਜਦਕਿ 2025 'ਚ ਇਹ ਗਿਣਤੀ 3 ਲੱਖ 95 ਹਜ਼ਾਰ ਹੋਵੇਗੀ।

ਅਗਲੇ ਦੋ ਸਾਲਾਂ 'ਚ ਹਰ ਸਾਲ 15-15 ਹਜ਼ਾਰ ਹੋਰ ਕਟੌਤੀਆਂ ਹੋਣਗੀਆਂ ਤੇ 2027 'ਚ ਗਿਣਤੀ ਘਟ ਕੇ 3 ਲੱਖ 65 ਹਜ਼ਾਰ ਰਹਿ ਜਾਵੇਗੀ। ਉਨ੍ਹਾਂ ਕਿਹਾ, 'ਕੈਨੇਡਾ ਦੇ ਭਵਿੱਖ ਲਈ ਪਰਵਾਸ ਜ਼ਰੂਰੀ ਹੈ ਪਰ ਇਹ ਕੰਟਰੋਲ ਹੇਠ ਤੇ ਸਥਿਰ ਹੋਣਾ ਚਾਹੀਦਾ ਹੈ।' ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਅਗਲੇ ਤਿੰਨ ਸਾਲ ਅੰਦਰ ਕੈਨੇਡਾ ਆਉਣ ਵਾਲੇ ਪਰਵਾਸੀਆਂ ਦੀ ਗਿਣਤੀ ਘਟਾਏਗੀ ਅਤੇ ਇਸ ਨਾਲ ਕੈਨੇਡਾ 'ਚ ਹੋ ਰਹੇ ਅਬਾਦੀ ਦੇ ਵਾਧੇ ਨੂੰ ਵੀ ਠੱਲ੍ਹ ਪਵੇਗੀ।

ਉਨ੍ਹਾਂ ਕਿਹਾ ਕਿ ਕੈਨੇਡਾ ਨੂੰ ਅਬਾਦੀ 'ਚ ਵਾਧੇ ਨੂੰ ਸਥਿਰ ਕਰਨ ਦੀ ਲੋੜ ਹੈ ਤਾਂ ਜੋ ਸਰਕਾਰ ਦੇ ਹਰ ਪੱਧਰ 'ਤੇ ਸਿਹਤ ਸੰਭਾਲ, ਰਿਹਾਇਸ਼ ਤੇ ਸਮਾਜਿਕ ਸੇਵਾਵਾਂ 'ਚ ਲੋੜੀਂਦੀ ਤਬਦੀਲੀ ਕਰਨ ਦੀ ਇਜਾਜ਼ਤ ਮਿਲ ਸਕੇ। ਆਵਾਸ ਮੰਤਰੀ ਮਾਈਕ ਮਿੱਲਰ ਨੇ ਕਿਹਾ ਕਿ ਵਿਦੇਸ਼ਾਂ 'ਚੋਂ ਕਾਮੇ ਸੱਦਣ ਦੀ ਥਾਂ ਹੁਣ ਇੱਥੇ ਵਸਦੇ ਅਸਥਾਈ ਲੋਕਾਂ ਨੂੰ ਪੱਕੇ ਕਰਨ ਨੂੰ ਪਹਿਲ ਦਿੱਤੀ ਜਾਏਗੀ, ਜੋ ਘਰਾਂ ਦੀ ਘਾਟ ਪੂਰੀ ਕਰਨ ਅਤੇ ਸਭ ਲਈ ਰੁਜ਼ਗਾਰ ਦੇ ਮੌਕੇ ਬਣਾਉਣ ਲਈ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਅਗਲੇ ਤਿੰਨ ਸਾਲਾਂ ਵਿਚ 6 ਲੱਖ 70 ਹਜ਼ਾਰ ਘਰ ਬਣਾਉਣੇ ਜ਼ਰੂਰੀ ਹਨ ਤਾਂ ਜੋ ਸਭ ਨੂੰ ਛੱਤ ਮੁਹੱਈਆ ਕਰਵਾਈ ਜਾ ਸਕੇ। ਉਨ੍ਹਾਂ ਕਿਹਾ ਕਿ ਪੱਕੇ ਕਰਨ ਦੀ ਗਿਣਤੀ 'ਚੋਂ ਹੁਣ 40 ਫ਼ੀਸਦੀ ਕੋਟਾ ਅਸਥਾਈ ਲੋਕਾਂ ਲਈ ਰਾਖਵਾਂ ਹੋਵੇਗਾ। ਉਨ੍ਹਾਂ ਕਿਹਾ ਕਿ ਕੈਨੇਡਾ ਇਕ ਖੁੱਲ੍ਹਾ ਦੇਸ਼ ਹੈ ਪਰ ਹਰ ਕੋਈ ਇਸ ਦੇਸ਼ 'ਚ ਨਹੀਂ ਆ ਸਕਦਾ। ਉਨ੍ਹਾਂ ਕਿਹਾ ਕਿ ਕੈਨੇਡਾ ਬਾਹਰੀ ਲੋਕਾਂ ਦਾ ਸਵਾਗਤ ਕਰਨਾ ਜਾਰੀ ਰੱਖੇਗਾ।

## ਟਰੂਡੋ ਨੇ ਵੋਟਾਂ ਖਾਤਰ ਭਾਰਤ ਤੇ ਕੈਨੇਡਾ ਵਿਚਾਲੇ ਰਿਸ਼ਤੇ ਵਿਗਾੜੇ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਸੀਨੀਅਰ ਭਾਜਪਾ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ-ਭਾਰਤ ਵਿਚਾਲੇ ਰਿਸ਼ਤੇ ਵਿਗਾੜਨ ਲਈ ਕੈਨੇਡਿਆਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਦੀ ਦਿਲਚਸਪੀ ਸਿਰਫ਼ ਚੋਣਾਂ ਦੌਰਾਨ ਸਿੱਖਾਂ ਦੀਆਂ ਵੋਟਾਂ ਹਾਸਲ ਕਰਨ ਵਿਚ ਹੈ। ਹਰਦੀਪ ਸਿੰਘ ਨਿੱਝਰ ਦੀ ਹੱਤਿਆ ਮਗਰੋਂ ਦੋਵਾਂ ਮੁਲਕਾਂ ਵਿਚਾਲੇ ਬਣੇ ਤਣਾਅ ਦਰਮਿਆਨ ਕੈਪਟਨ ਨੇ ਇਹ ਟਿੱਪਣੀ ਕੀਤੀ ਹੈ।

## ਵਿਦਿਆਰਥੀ ਸੋਚ-ਸਮਝ ਕੇ ਕੈਨੇਡਾ ਜਾਣ: ਸੰਜੈ ਵਰਮਾ

**ਨਵੀਂ ਦਿੱਲੀ:** ਭਾਰਤ ਦੇ ਸਿਖਰਲੇ ਕੂਟਨੀਤਕ ਦਾ ਕਹਿਣਾ ਹੈ ਕਿ ਕੈਨੇਡਾ 'ਚ ਪੜ੍ਹਾਈ ਕਰਨ ਦੀ ਇੱਛਾ ਰੱਖਣ ਵਾਲੇ ਭਾਰਤੀਆਂ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਕਿਉਂਕਿ ਲੱਖਾਂ ਰੁਪਏ ਖਰਚ ਕਰਨ ਦੇ ਬਾਵਜੂਦ ਕਈ ਵਿਦਿਆਰਥੀ ਘਟੀਆ ਕਾਲਜਾਂ 'ਚ ਦਾਖਲਾ ਲੈ ਲੈਂਦੇ ਹਨ ਅਤੇ ਉਨ੍ਹਾਂ ਨੂੰ ਨੌਕਰੀ ਦਾ ਕੋਈ ਮੌਕਾ ਨਹੀਂ ਮਿਲਦਾ, ਜਿਸ ਕਾਰਨ ਉਹ ਨਿਰਾਸ਼ ਹੋ ਕੇ ਖੁਦਕੁਸ਼ੀ ਜਿਹੇ ਕਦਮ ਚੁੱਕਣ ਲਈ ਮਜਬੂਰ ਹੁੰਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਇਹ ਅਪੀਲ ਖੁਦ ਪਿਤਾ ਹੋਣ ਦੇ ਨਾਤੇ ਕੀਤੀ ਹੈ। ਉਨ੍ਹਾਂ ਕਿਹਾ, 'ਉਹ (ਵਿਦਿਆਰਥੀ) ਰੋਸ਼ਨ ਭਵਿੱਖ ਦਾ ਸੁਫ਼ਨਾ ਲੈ ਕੇ ਜਾਂਦੇ ਹਨ ਪਰ ਉਨ੍ਹਾਂ ਦੀਆਂ ਲਾਸ਼ਾਂ 'ਬਾਡੀ ਬੈਗ' ਵਿਚ ਵਾਪਸ ਆਉਂਦੀਆਂ ਹਨ।'

# ਝੁਲਸ ਕੇ ਮਰੀ ਮੁਟਿਆਰ ਦੇ ਪਰਿਵਾਰ ਦੀ ਮਦਦ ਲਈ ਲੋਕ ਅੱਗੇ ਆਏ

**ਵੈਨਕੂਵਰ:** ਹਫ਼ਤਾ ਪਹਿਲਾਂ ਕੈਨੇਡਾ ਦੇ ਪੂਰਬ ਤੱਟੀ ਸੂਬੇ ਨੋਵਾ ਸਕੋਸ਼ੀਆ ਦੇ ਸੈਲਾਨੀ ਸ਼ਹਿਰ ਹੈਲੀਫੈਕਸ ਸਥਿਤ ਵਾਲਮਾਰਟ ਸਟੋਰ ਵਿਚ ਕੰਮ ਕਰਦੀ 19 ਸਾਲਾ ਗੁਰਸਿਮਰਨ ਕੌਰ ਦੀ ਭੇਤ-ਭਰੀ ਹਾਲਤ ਵਿਚ ਬੇਕਰੀ ਦੇ ਓਵਨ 'ਚ ਝੁਲਸਣ ਮਗਰੋਂ ਮੌਤ ਹੋ ਗਈ। ਗੁਰਦੁਆਰਾ ਸਭਾ ਨੇ 'ਗੋ ਫੰਡ' ਰਾਹੀਂ ਲੋਕਾਂ ਤੋਂ ਪੀੜਤ ਪਰਿਵਾਰ ਦੀ ਮਦਦ ਕਰਨ ਦੀ ਅਪੀਲ ਕੀਤੀ, ਜਿਸ ਤਹਿਤ 10 ਘੰਟਿਆਂ ਵਿਚ 1,95,949 ਡਾਲਰ (ਕਰੀਬ ਸਵਾ ਕਰੋੜ ਰੁਪਏ) ਇਕੱਠੇ ਹੋ ਗਏ। ਰਕਮ ਉਮੀਦ ਤੋਂ ਚਾਰ ਗੁਣਾ ਵੱਧ ਹੋਣ ਕਾਰਨ ਪ੍ਰਬੰਧਕਾਂ ਨੂੰ ਫੰਡ ਰੋਕਣਾ ਪਿਆ। ਮੈਰੀਟਾਈਮ ਸਿੱਖ ਸਭਾ ਵੱਲੋਂ ਫੰਡ ਵਿਚੋਂ ਮ੍ਰਿਤਕ ਦੀਆਂ ਅੰਤਿਮ ਰਸਮਾਂ ਦਾ ਖਰਚਾ ਕੱਢ ਕੇ ਬਾਕੀ ਰਕਮ ਮਾਪਿਆਂ ਨੂੰ ਸੌਂਪੀ ਜਾਵੇਗੀ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਸਿਮਰਨ ਕੌਰ ਤਿੰਨ ਸਾਲ ਪਹਿਲਾਂ ਆਪਣੀ ਮਾਂ ਤੇ ਭਰਾ ਸਣੇ ਸਟੱਡੀ ਵੀਜ਼ੇ 'ਤੇ ਕੈਨੇਡਾ ਆਈ ਸੀ ਅਤੇ ਦੋ ਸਾਲ ਤੋਂ ਵਾਲਮਾਰਟ ਸਟੋਰ ਵਿਚ ਕੰਮ ਕਰਦੀ ਸੀ। ਬੀਤੀ 19 ਅਕਤੂਬਰ ਦੀ ਰਾਤ ਸਟੋਰ ਦੇ ਪੋਰਟੇਬਲ ਬਾਕਸ ਓਵਨ ਵਿਚ ਭੇਤਭਰੀ ਹਾਲਤ ਵਿਚ ਝੁਲਸਣ ਮਗਰੋਂ ਉਸ ਦੀ ਮੌਤ ਹੋ ਗਈ। ਹਫ਼ਤੇ ਮਗਰੋਂ ਵੀ ਪੁਲਿਸ ਨੇ ਘਟਨਾ ਸਬੰਧੀ ਚੁੱਪ ਵੱਟੀ ਹੋਈ ਹੈ, ਜਦਕਿ ਡਾਕਟਰੀ ਟੀਮ ਮੌਤ ਦੇ ਕਾਰਨ ਸਬੰਧੀ ਉਡੀਕ ਕਰਨ ਦਾ ਕਹਿ ਕੇ ਟਾਲ ਰਹੀ ਹੈ। ਪ੍ਰਬੰਧਕਾਂ ਨੇ ਕਿਹਾ ਹੈ ਕਿ ਸਟੋਰ ਬੰਦ ਹੋਣ ਕਾਰਨ ਵਿਹਲੇ ਹੋਏ ਮੁਲਾਜ਼ਮਾਂ ਦੀ ਤਨਖਾਹ ਵਿਚ ਕਟੌਤੀ ਨਹੀਂ ਕੀਤੀ ਜਾਵੇਗੀ।



# ਅਮਰੀਕਾ ਨੇ ਵਿਸ਼ੇਸ਼ ਜਹਾਜ਼ ਰਾਹੀਂ ਗੈਰ-ਕਾਨੂੰਨੀ ਭਾਰਤੀ ਵਾਪਸ ਭੇਜੇ

**ਵਾਸ਼ਿੰਗਟਨ:** ਅਮਰੀਕਾ ਨੇ ਦੇਸ਼ 'ਚ ਗ਼ੈਰਕਾਨੂੰਨੀ ਢੰਗ ਨਾਲ ਰਹਿ ਰਹੇ ਭਾਰਤੀ ਨਾਗਰਿਕਾਂ ਨੂੰ ਕਿਰਾਏ ਉਤੇ ਲਏ ਵਿਸ਼ੇਸ਼ ਚਾਰਟਰਡ ਜਹਾਜ਼ ਰਾਹੀਂ ਭਾਰਤ ਸਰਕਾਰ ਦੇ ਸਹਿਯੋਗ ਨਾਲ ਵਤਨ ਵਾਪਸ ਭੇਜਿਆ। ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ ਨੇ ਇਹ ਜਾਣਕਾਰੀ ਦਿੱਤੀ। ਵਿਭਾਗ ਨੇ ਦੱਸਿਆ ਕਿ ਇਹ ਜਹਾਜ਼ 22 ਅਕਤੂਬਰ ਨੂੰ ਭਾਰਤ ਭੇਜਿਆ ਗਿਆ ਸੀ।



ਕਾਰਜਕਾਰੀ ਗ੍ਰਹਿ ਸੁਰੱਖਿਆ ਉਪ ਮੰਤਰੀ ਕ੍ਰਿਸਟੀ ਏ. ਕੈਨੇਗੈਲੋ ਨੇ ਕਿਹਾ ਕਿ ਜਿਨ੍ਹਾਂ ਭਾਰਤੀਆਂ ਕੋਲ ਅਮਰੀਕਾ 'ਚ ਰਹਿਣ ਦਾ ਕੋਈ ਕਾਨੂੰਨੀ ਆਧਾਰ ਨਹੀਂ ਹੈ, ਉਨ੍ਹਾਂ ਨੂੰ ਤੁਰਤ ਵਾਪਸ ਭੇਜਿਆ ਜਾ ਸਕਦਾ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਗ੍ਰਹਿ ਸੁਰੱਖਿਆ ਵਿਭਾਗ (ਡੀ.ਐਚ.ਐਸ) ਅਮਰੀਕੀ ਪਰਵਾਸ ਕਾਨੂੰਨ ਲਾਗੂ ਕਰਨਾ ਜਾਰੀ ਰੱਖੇਗਾ ਅਤੇ ਗੈਰਕਾਨੂੰਨੀ ਢੰਗ ਨਾਲ ਦਾਖਲ ਹੋਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰੇਗਾ ਤੇ ਸਹੀ ਢੰਗ ਨਾਲ ਦੇਸ਼ ਆਉਣ ਨੂੰ ਉਤਸ਼ਾਹਿਤ ਕਰੇਗਾ। ਇਸ 'ਚ ਕਿਹਾ ਗਿਆ ਹੈ ਕਿ ਇਹ ਉਨ੍ਹਾਂ ਕਈ ਉਪਾਅ 'ਚੋਂ ਇਕ ਹੈ ਜਿਸ ਦੀ ਵਰਤੋਂ ਅਮਰੀਕਾ ਨੇ ਗ਼ੈਰਕਾਨੂੰਨੀ ਪਰਵਾਸ ਘਟਾਉਣ, ਸੁਰੱਖਿਅਤ, ਵੈਧ ਤੇ ਪ੍ਰਵਾਨਤ ਮਾਰਗਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਅਤੇ ਕਮਜ਼ੋਰ ਲੋਕਾਂ ਦੇ ਸ਼ੋਸ਼ਣ ਤੇ ਤਸਕਰੀ ਲਈ ਕੌਮਾਂਤਰੀ ਅਪਰਾਧਿਕ ਨੈੱਟਵਰਕ ਨੂੰ ਜ਼ਿੰਮੇਵਾਰ ਠਹਿਰਾਉਣ ਲਈ ਕੀਤੀ।

ਇਸ 'ਚ ਕਿਹਾ ਗਿਆ ਹੈ ਕਿ ਡੀ.ਐਚ.ਐਸ. ਨੇ ਵਿੱਤੀ ਸਾਲ 2024 'ਚ 1,60,000 ਤੋਂ ਵੱਧ ਵਿਅਕਤੀਆਂ ਨੂੰ ਵਾਪਸ ਭੇਜਿਆ ਤੇ ਭਾਰਤ ਸਮੇਤ 145 ਤੋਂ ਵੱਧ ਮੁਲਕਾਂ ਲਈ 495 ਤੋਂ ਵੱਧ ਕੌਮਾਂਤਰੀ ਉਡਾਣਾਂ ਚਲਾਈਆਂ। ਡੀ.ਐਚ.ਐਸ. ਨੇ ਪਿਛਲੇ ਸਾਲ ਦੁਨੀਆ ਭਰ ਦੇ ਕਈ ਮੁਲਕਾਂ ਦੇ ਲੋਕਾਂ ਨੂੰ ਅਮਰੀਕਾ 'ਚੋਂ ਕੱਢਿਆ ਗਿਆ ਹੈ ਜਿਨ੍ਹਾਂ 'ਚ ਕੋਲੰਬੀਆ, ਇਕੁਆਡੋਰ, ਪੇਰੂ, ਮਿਸਰ, ਮੌਰੀਟਾਨੀਆ, ਸੇਨੇਗਲ, ਉਜ਼ਬੇਕਿਸਤਾਨ, ਚੀਨ ਤੇ ਭਾਰਤ ਸ਼ਾਮਲ ਹਨ।

# ਐਨ.ਆਈ.ਏ. ਨੂੰ ਹਾਲੇ ਨਹੀਂ ਮਿਲਿਆ ਨਿੱਝਰ ਦੀ ਮੌਤ ਦਾ ਸਰਟੀਫਿਕੇਟ

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੂੰ ਹਾਲੇ ਤੱਕ ਖਾਲਿਸਤਾਨੀ ਕੱਟੜਪੰਥੀ ਹਰਦੀਪ ਸਿੰਘ ਨਿੱਝਰ ਦੀ ਮੌਤ ਦਾ ਸਰਟੀਫਿਕੇਟ ਨਹੀਂ ਮਿਲਿਆ। ਐਨ.ਆਈ.ਏ. ਦੇ ਸੂਤਰਾਂ ਨੇ ਦੱਸਿਆ ਕਿ ਕੈਨੇਡਾ ਸਰਕਾਰ ਨੇ ਐਨ.ਆਈ.ਏ. ਤੋਂ ਨਿੱਝਰ ਦੀ ਮੌਤ ਦਾ ਸਰਟੀਫਿਕੇਟ ਮੰਗਣ ਦਾ ਕਾਰਨ ਪੁੱਛਿਆ ਹੈ। ਨਿੱਝਰ ਦੀ ਪਿਛਲੇ ਸਾਲ ਜੂਨ 'ਚ ਸਰੀ ਦੇ ਗੁਰਦੁਆਰੇ ਦੇ ਬਾਹਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

ਕੈਨੇਡਾ ਦੀ ਨਾਗਰਿਕਤਾ ਰੱਖਣ ਵਾਲੇ ਨਿੱਝਰਨੂੰ 2020 'ਚ ਕੌਮੀ ਜਾਂਚ ਏਜੰਸੀ ਵੱਲੋਂ ਅਤਿਵਾਦੀ ਐਲਾਨਿਆ ਗਿਆ ਸੀ। ਭਾਰਤ ਤੇ ਕੈਨੇਡਾ ਦੇ ਸਬੰਧਾਂ ਵਿਚਾਲੇ ਉਸ ਸਮੇਂ ਤਣਾਅ ਆ ਗਿਆ ਸੀ, ਜਦੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪਿਛਲੇ ਸਾਲ ਕੈਨੇਡਿਆਈ ਸੰਸਦ 'ਚ ਦੋਸ਼ ਲਾਇਆ ਕਿ ਨਿੱਝਰ ਦੀ ਹੱਤਿਆ ਪਿੱਛੇ ਭਾਰਤ ਦਾ ਹੱਥ ਹੈ।



ਭਾਰਤ ਨੇ ਹਾਲਾਂਕਿ ਸਾਰੇ ਦੋਸ਼ਾਂ ਨੂੰ ਨਕਾਰਦਿਆਂ ਇਨ੍ਹਾਂ ਨੂੰ ਬੇਬੁਨਿਆਦ ਦੱਸਿਆ ਸੀ ਤੇ ਦੋਸ਼ ਲਾਇਆ ਸੀ ਕਿ ਕੈਨੇਡਾ ਆਪਣੇ ਮੁਲਕ 'ਚ ਕੱਟੜਪੰਥੀਆਂ ਤੇ ਭਾਰਤ ਵਿਰੋਧੀ ਤੱਤਾਂ ਨੂੰ ਪਨਾਹ ਦਿੰਦਾ ਹੈ। ਬਾਅਦ ਵਿਚ ਕੈਨੇਡਿਆਈ ਪ੍ਰਧਾਨ ਮੰਤਰੀ ਟਰੂਡੋ ਨੇ ਮੰਨਿਆ ਕਿ ਉਨ੍ਹਾਂ ਦੀ ਸਰਕਾਰ ਨੇ ਕੈਨੇਡਾ ਦੀ ਧਰਤੀ 'ਤੇ ਖਾਲਿਸਤਾਨੀ ਅਤਿਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਸਬੰਧ 'ਚ ਭਾਰਤ ਨੂੰ ਪੁਖਤਾ ਸਬੂਤ ਨਹੀਂ ਬਲਕਿ ਸਿਰਫ਼ ਖੁਫੀਆ ਜਾਣਕਾਰੀ ਮੁਹੱਈਆ ਕਰਵਾਈ ਸੀ। ਐਨ.ਆਈ.ਏ. ਭਾਰਤ ਵੱਲੋਂ ਅਤਿਵਾਦੀ ਐਲਾਨੇ ਗੁਰਪਤਵੰਤ ਸਿੰਘ ਪੰਨੂ ਨਾਲ ਸਬੰਧਤ ਛੇ ਕੇਸਾਂ ਦੀ ਜਾਂਚ ਕਰ ਰਹੀ ਹੈ। ਪੰਨੂ ਖ਼ਿਲਾਫ਼ ਆਪਣੀ ਜਾਂਚ 'ਚ ਏਜੰਸੀ ਨੇ ਹੁਣ ਤੱਕ ਚੰਡੀਗੜ੍ਹ 'ਚ ਪੰਨੂ ਦੀ ਮਾਲਕੀ ਵਾਲੀਆਂ ਤਿੰਨ ਜਾਇਦਾਦਾਂ ਜ਼ਬਤ ਕੀਤੀਆਂ ਹਨ। ਇਸ ਤੋਂ ਇਲਾਵਾ ਅੰਮ੍ਰਿਤਸਰ 'ਚ ਉਸ ਨਾਲ ਸਬੰਧਤ ਜ਼ਮੀਨ ਵੀ ਜ਼ਬਤ ਕੀਤੀ ਹੈ।

# ਧੋਖੇ ਨਾਲ ਪਰਵਾਸੀ ਪੰਜਾਬੀਆਂ ਦੀ ਜ਼ਮੀਨ ਵੇਚਣ ਵਾਲਾ ਗਰੋਹ ਬੇਨਕਾਬ

**ਮੋਗਾ:** ਇਥੇ ਜ਼ਿਲ੍ਹਾ ਪੁਲਿਸ ਦੀ ਆਰਥਿਕ ਅਪਰਾਧ ਸ਼ਾਖਾ (ਈਓ ਵਿੰਗਾ) ਇੰਚਾਰਜ ਇੰਸਪੈਕਟਰ ਹਰਜੀਤ ਕੌਰ ਢੀਂਡਸਾ ਨੇ ਪਰਵਾਸੀ ਪੰਜਾਬੀਆਂ ਦੀਆਂ ਜ਼ਮੀਨਾਂ ਜਾਅਲਸਾਜ਼ੀ ਨਾਲ ਵੇਚਣ ਵਾਲੇ 8 ਮੈਂਬਰੀ ਗਰੋਹ ਨੂੰ ਬੇਨਕਾਬ ਕਰਕੇ ਮੁਲਜ਼ਮ ਗੁਰਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਗਰੋਹ ਨੇ ਐਨ.ਆਰ.ਆਈ. ਦੀ ਬਹੁਕਰੋੜੀ ਜ਼ਮੀਨ ਵੇਚਣ ਲਈ ਉਨ੍ਹਾਂ ਦੇ ਆਧਾਰ ਕਾਰਡ, ਪੈਨ ਕਾਰਡ ਤੇ ਵਿਦੇਸ਼ੀ ਪਾਸਪੋਰਟਾਂ ਦੀਆਂ ਫ਼ੋਟੋ ਕਾਪੀਆਂ 'ਤੇ ਆਪਣੀਆਂ ਫੋਟੋਆਂ ਚਿਪਕਾ ਕੇ ਇਕ ਕਰੋੜ ਤੋਂ ਵੱਧ ਦੀ ਰਕਮ ਹਾਸਲ ਕੀਤੀ।




ਇਥੇ ਐਸ.ਪੀ. ਸੰਦੀਪ ਕੁਮਾਰ ਵਡੇਰਾ ਅਤੇ ਈਓ ਵਿੰਗਾ ਇੰਚਾਰਜ ਇੰਸਪੈਕਟਰ ਹਰਜੀਤ ਕੌਰ ਢੀਂਡਸਾ ਨੇ ਦੱਸਿਆ ਕਿ ਕੈਨੇਡਾ ਵਿਚ ਗੁਰਜਿੰਦਰਪਾਲ ਸਿੰਘ ਅਤੇ ਇੰਗਲੈਂਡ ਰਹਿੰਦੇ ਸਤਬੀਰ ਸਿੰਘ ਦੀ ਇੱਥੇ ਸਾਢੇ 17 ਏਕੜ ਜ਼ਮੀਨ ਹੈ। ਇਹ ਮੂਲ ਰੂਪ ਵਿਚ ਪਿੰਡ ਚੂਹੜ ਚੱਕ ਦੇ ਨਿਵਾਸੀ ਹਨ। ਉਨ੍ਹਾਂ ਦੱਸਿਆ ਕਿ ਮੁਲਜ਼ਮ ਗੁਰਪ੍ਰੀਤ ਸਿੰਘ ਨੇ ਐਨ.ਆਰ.ਆਈ. ਗੁਰਜਿੰਦਰਪਾਲ ਸਿਘ ਦੇ ਆਧਾਰ ਕਾਰਡ, ਪੈਨ ਕਾਰਡ ਅਤੇ ਵਿਦੇਸ਼ੀ ਪਾਸਪੋਰਟ 'ਤੇ ਆਪਣੀ ਫੋਟੋ ਚਿਪਕਾ ਕੇ ਅਤੇ ਦੂਜੇ ਮੁਲਜ਼ਮ ਰਵੀ ਕੁਮਾਰ ਨੇ ਐਨ.ਆਰ.ਆਈ. ਸਤਬੀਰ ਸਿੰਘ ਦੇ ਦਸਤਾਵੇਜ਼ਾਂ 'ਤੇ ਆਪਣੀ ਫੋਟੋ ਲਗਾ ਕੇ ਇਹ ਜ਼ਮੀਨ ਮੋਗਾ ਵਾਸੀ ਟਾਇਲ ਫੈਕਟਰੀ ਸੰਚਾਲਕ ਰਜਨੀਸ਼ ਕੁਮਾਰ ਨੂੰ ਵੇਚਣ ਦਾ ਸੌਦਾ ਕਰਕੇ 66 ਲੱਖ ਰੁਪਏ ਨਕਦ ਤੇ 42 ਲੱਖ ਦੇ ਚੈੱਕ ਹਾਸਲ ਕੀਤੇ। ਸ਼ੱਕ ਹੋਣ 'ਤੇ ਜਦੋਂ ਖਰੀਦਦਾਰ ਨੇ ਐਨ.ਆਰ.ਆਈਜ਼. ਨੂੰ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਇਹ ਜ਼ਮੀਨ ਨਹੀਂ ਵੇਚੀ। ਪੁਲਿਸ ਮੁਤਾਬਕ ਰਵੀ ਵਾਸੀ ਸਿੱਧਵਾਂ ਬੇਟ ਨੇ ਸੁਖਦੇਵ ਸਿੰਘ ਬਣ ਕੇ ਪ੍ਰਾਪਰਟੀ ਡੀਲਰ ਦੀ ਭੂਮਿਕਾ ਨਿਭਾਈ। ਮੁਲਜ਼ਮ ਦੀ ਮੁੱਢਲੀ ਪੁੱਛ-ਪੜਤਾਲ ਤੋਂ ਪਤਾ ਲੱਗਾ ਕਿ ਇਸ ਜਾਅਲਸਾਜ਼ੀ ਦੀ ਯੋਜਨਾ ਦਲਜੀਤ ਸਿੰਘ ਉਰਫ਼ ਬਬਲੀ ਵਾਸੀ ਲੁਧਿਆਣਾ ਨੇ ਬਣਾਈ ਸੀ।

ਐਨ.ਆਰ.ਆਈਜ਼. ਦੀ ਜ਼ਮੀਨ ਨਾਲ ਜੁੜਿਆ ਹੋਣ ਕਰਕੇ ਐਸ.ਐਸ.ਪੀ. ਅਜੈ ਗਾਂਧੀ ਨੇ ਇਹ ਮਾਮਲਾ ਗੰਭੀਰਤਾ ਨਾਲ ਲਿਆ। ਉਨ੍ਹਾਂ ਖਰੀਦਦਾਰ ਰਾਹੀਂ ਮੁਲਜ਼ਮ ਗੁਰਪ੍ਰੀਤ ਗੋਪੀ ਨੂੰ ਹੋਰ ਅਦਾਇਗੀ ਕਰਨ ਲਈ ਮੋਗਾ ਸੱਦ ਲਿਆ ਅਤੇ ਜਾਲ ਵਿਛਾ ਕੇ ਉਸ ਨੂੰ ਕਾਬੂ ਕਰ ਲਿਆ। ਖਰੀਦਦਾਰ ਮੁਤਾਬਕ ਮੋਗਾ ਤਹਿਸੀਲ 'ਚ ਗਰੋਹ ਨਾਲ ਦੋ ਔਰਤਾਂ ਤੇ ਦੋ ਹੋਰ ਅਣਪਛਾਤੇ ਵਿਅਕਤੀ ਸਨ, ਜਿਨ੍ਹਾਂ ਦੀ ਹੁਣ ਪੁਲਿਸ ਭਾਲ ਕਰ ਰਹੀ ਹੈ। ਇਸ ਸਬੰਧੀ ਥਾਣਾ ਅਜੀਤਵਾਲ ਵਿਚ ਕੇਸ ਦਰਜ ਕੀਤਾ ਗਿਆ ਹੈ।

## ਪੰਜਾਬ 'ਚ ਭੰਡਾਰਨ ਸਮਰੱਥਾ ਵਧਾਉਣ ਨੂੰ ਮਨਜ਼ੂਰੀ

**ਚੰਡੀਗੜ੍ਹ:** ਪੰਜਾਬ ਵਿਚ ਝੋਨੇ ਦੀ ਖਰੀਦ ਨੂੰ ਲੈ ਕੇ ਪੇਸ਼ ਆ ਰਹੀਆਂ ਸਮੱਸਿਆਵਾਂ ਦਰਮਿਆਨ ਕੇਂਦਰੀ ਫੂਡ ਪ੍ਰਾਸੈਸਿੰਗ ਉਦਯੋਗ ਤੇ ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਚੰਡੀਗੜ੍ਹ ਵਿਚ ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਪੰਜਾਬ ਵਿਚ ਅਨਾਜ ਲਿਆਉਣ ਸਬੰਧੀ ਆਵਾਜਾਈ ਤੇ ਖਰੀਦ ਪ੍ਰਬੰਧਾਂ ਦੀ ਸਮੀਖਿਆ ਕੀਤੀ। ਪੰਜਾਬ ਐਫ.ਸੀ.ਆਈ. ਦੇ ਜਨਰਲ ਮੈਨੇਜਰ ਬੀ ਸ੍ਰੀਨਿਵਾਸਨ ਤੇ ਐਫ.ਸੀ.ਆਈ. ਦੇ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ। ਸ੍ਰੀ ਬਿੱਟੂ ਨੇ ਕਿਹਾ ਕਿ ਪੰਜਾਬ ਵਿਚ ਇਸ ਸੀਜ਼ਨ ਵਿਚ ਝੋਨੇ ਦੀ ਪੈਦਾਵਾਰ 186 ਲੱਖ ਮੀਟ੍ਰਿਕ ਟਨ ਤੱਕ ਪਹੁੰਚਣ ਦਾ ਅਨੁਮਾਨ ਹੈ, ਜਿਸ ਵਿਚੋਂ ਲਗਪਗ 49.88 ਲੱਖ ਮੀਟ੍ਰਿਕ ਟਨ ਦੀ ਖਰੀਦ ਕੀਤੀ ਜਾ ਚੁੱਕੀ ਹੈ। ਪੰਜਾਬ ਵਿਚ 174 ਐਲ.ਐਮ.ਟੀ. ਦਾ ਭੰਡਾਰ ਕੀਤਾ ਜਾ ਰਿਹਾ ਹੈ। f

ਪੰਜਾਬ ਟਾਈਮਜ਼

ਸ਼ਨਿਚਰਵਾਰ, 2 ਨਵੰਬਰ, 2024

## ਹੁਣ ਨੁਮਾਇੰਦਗੀ ਦਾ ਹੱਲਾ

*ਮੋਦੀ ਸਰਕਾਰ ਨੇ ਆਖਿਰਕਾਰ ਮਰਦਮਸ਼ੁਮਾਰੀ ਕਰਵਾਉਣ ਦਾ ਐਲਾਨ ਕਰ ਦਿੱਤਾ ਹੈ। ਖਬਰਾਂ ਅਨੁਸਾਰ ਮਰਦਮਸ਼ੁਮਾਰੀ ਦੀ ਪ੍ਰਕਿਰਿਆ ਅਗਲੇ ਸਾਲ 2025 ਵਿਚ ਆਰੰਭ ਕੀਤੀ ਜਾਣੀ ਹੈ ਅਤੇ ਸਾਰੇ ਅੰਕੜੇ 2026 ਤੱਕ ਮੁਕੰਮਲ ਕਰ ਲਏ ਜਾਣਗੇ। ਚੇਤੇ ਰਹੇ ਕਿ ਭਾਰਤ ਅੰਦਰ ਮਰਦਮਸ਼ੁਮਾਰੀ 2021 ਵਿਚ ਹੋਣੀ ਸੀ ਪਰ ਉਸ ਵਕਤ ਕੋਵਿਡ-19 ਮਹਾਮਾਰੀ ਫੈਲਣ ਕਰ ਕੇ ਇਸ ਵਿਚ ਵਿਘਨ ਪੈ ਗਿਆ ਸੀ। ਫਿਰ ਮੋਦੀ ਸਰਕਾਰ ਨੇ ਇਹ ਮਰਦਮਸ਼ੁਮਾਰੀ 2022 ਵਿਚ ਕਰਵਾਉਣ ਦਾ ਐਲਾਨ ਕੀਤਾ ਪਰ 2022 ਵਿਚ ਵੀ ਇਹ ਸੰਭਵ ਨਹੀਂ ਹੋ ਸਕੀ। ਉਦੋਂ ਜਾਤੀ ਮਰਦਮਸ਼ੁਮਾਰੀ ਦਾ ਰੌਲਾ ਵੀ ਪੈ ਚੁੱਕਾ ਸੀ ਜਿਸ ਤੋਂ ਮੋਦੀ ਸਰਕਾਰ ਭੱਜ ਰਹੀ ਸੀ। ਫਿਰ 2023-24 ਵਿਚ ਮਰਦਮਸ਼ੁਮਾਰੀ ਕਰਵਾਉਣ ਬਾਰੇ ਕਿਹਾ ਜਾਣ ਲੱਗਾ। ਸਾਲ 2024 ਵੀ ਲੰਘ ਚੱਲਿਆ ਹੈ ਅਤੇ ਸਰਕਾਰ ਨੇ ਹੁਣ ਮਰਦਮਸ਼ੁਮਾਰੀ 2025 ਵਿਚ ਕਰਵਾਉਣ ਦਾ ਐਲਾਨ ਕੀਤਾ ਹੈ। ਮਰਦਮਸ਼ੁਮਾਰੀ ਸਰਕਾਰ ਦੇ ਨੀਤੀ ਨਿਰਮਾਣ ਲਈ ਬਹੁਤ ਹੀ ਅਹਿਮ ਸਮਝੀ ਜਾਂਦੀ ਹੈ। ਆਮ ਕਰ ਕੇ ਮਰਦਮਸ਼ੁਮਾਰੀ ਇਕ ਦਹਾਕੇ ਬਾਅਦ ਕੀਤੀ ਜਾਂਦੀ ਹੈ। ਇਸ ਰਾਹੀਂ ਆਬਾਦੀ ਦੇ ਰੁਝਾਨਾਂ ਅਤੇ ਸਮਾਜਿਕ ਤੇ ਆਰਥਿਕ ਹਾਲਤਾਂ ਬਾਰੇ ਜ਼ਰੂਰੀ ਜਾਣਕਾਰੀਆਂ ਇਕੱਤਰ ਕੀਤੀਆਂ ਜਾਂਦੀਆਂ ਸਨ। ਮਰਦਮਸ਼ੁਮਾਰੀ ਮਹਿਜ਼ ਅੰਕੜੇ ਨਹੀਂ ਮੁਹੱਈਆ ਕਰਵਾਉਂਦੀ ਸੀ ਸਗੋਂ ਇਹ ਸਰਕਾਰ ਦੀਆਂ ਤਰਜੀਹਾਂ, ਸਾਧਨਾਂ ਦੀ ਵੰਡ ਅਤੇ ਕਲਿਆਣਕਾਰੀ ਪ੍ਰੋਗਰਾਮ ਤਿਆਰ ਕਰਨ ਵਿਚ ਮਦਦਗਾਰ ਸਾਬਿਤ ਹੁੰਦੀ ਸੀ। ਮਰਦਮਸ਼ੁਮਾਰੀ ਦੇ ਅੰਕੜੇ ਭਾਰਤ ਦੇ ਜਟਿਲ ਸਮਾਜਿਕ ਮੁੱਦਿਆਂ ਨੂੰ ਸਮਝਣ ਲਈ ਹਨ। ਘਰਾਂ ਦੀ ਬਣਤਰ, ਬੁਨਿਆਦੀ ਸਹੂਲਤਾਂ ਤੱਕ ਪਹੁੰਚ ਅਤੇ ਰੁਜ਼ਗਾਰ ਢੰਗਾਂ ਜਿਹੀ ਮੂਲ ਜਾਣਕਾਰੀ ਸਿਹਤ ਸੰਭਾਲ, ਸਿੱਖਿਆ, ਮਕਾਨਸਾਜ਼ੀ ਅਤੇ ਬੁਨਿਆਦੀ ਢਾਂਚੇ ਬਾਰੇ ਜਨਤਕ ਨੀਤੀਆਂ ਦਾ ਰਾਹ ਦਰਸਾਉਣ ਦਾ ਕੰਮ ਦਿੰਦੀ ਰਹੀ ਹੈ। ਸਰਕਾਰ ਕੋਲ ਸਟੀਕ ਅੰਕੜੇ ਹੋਣ ਸਦਕਾ ਉਹ ਉਨ੍ਹਾਂ ਖੇਤਰਾਂ ਦੀ ਨਿਸ਼ਾਨਦੇਹੀ ਕਰ ਸਕਦੀ ਹੈ ਜਿਨ੍ਹਾਂ ਵਿਚ ਇਸ ਦੇ ਦਖ਼ਲ ਦੀ ਲੋੜ ਹੁੰਦੀ ਹੈ ਤਾਂ ਕਿ ਸਾਰੇ ਖੇਤਰਾਂ ਵਿਚ ਸਾਵੇਂ ਵਿਕਾਸ ਦੇ ਟੀਚੇ ਹਾਸਿਲ ਕੀਤੇ ਜਾ ਸਕਣ।*

*ਹੁਣ ਵੱਡਾ ਸਵਾਲ ਹੈ ਕਿ ਮੋਦੀ ਸਰਕਾਰ ਇਸ ਮਰਦਮਸ਼ੁਮਾਰੀ ਨੂੰ ਟਾਲ ਕਿਉਂ ਰਹੀ ਸੀ? ਅਸਲ ਵਿਚ, ਸਾਲ 2002 ਵਿਚ ਵਾਜਪਈ ਸਰਕਾਰ ਨੇ ਵਸੋਂ ਦੇ ਆਧਾਰ 'ਤੇ ਲੋਕ ਸਭਾ ਹਲਕਿਆਂ ਦੀ ਹੱਦਬੰਦੀ ਦਾ ਮਾਮਲਾ ਹੱਥ ਲਿਆ ਸੀ। ਕੁਝ ਕੁ ਵਿਚਾਰ-ਵਟਾਂਦਰੇ ਤੋਂ ਬਾਅਦ ਇਹ ਇਹ ਮਾਮਲਾ 25 ਸਾਲ ਲਈ ਅੱਗੇ ਪਾ ਦਿੱਤਾ ਗਿਆ; ਭਾਵ, ਸਾਲ 2027 ਤੱਕ ਲੋਕ ਸਭਾ ਹਲਕਿਆਂ ਵਿਚ ਨਵੇਂ ਸਿਰਿਓਂ ਕੋਈ ਹੱਦਬੰਦੀ ਨਹੀਂ ਹੋਵੇਗੀ। ਹੁਣ ਮੋਦੀ ਸਰਕਾਰ ਇਸ ਹੱਦਬੰਦੀ ਨੂੰ ਆਪਣੇ ਹੱਕ ਵਿਚ ਭੁਗਤਾਉਣਾ ਚਾਹੁੰਦੀ ਹੈ। ਇਸ ਦਾ ਅਸਫਲ ਯਤਨ ਇਸ ਨੇ ਜੰਮੂ ਕਸ਼ਮੀਰ ਵਿਚ ਵੀ ਕੀਤਾ। ਇਸ ਨੇ ਜੰਮੂ ਖੇਤਰ ਜਿਸ ਨੂੰ ਜੰਮੂ ਕਸ਼ਮੀਰ ਵਿਚ ਭਾਰਤੀ ਜਨਤਾ ਪਾਰਟੀ ਦਾ ਮੁੱਖ ਆਧਾਰ ਮੰਨਿਆ ਜਾਂਦਾ ਹੈ, ਵਿਚ ਵਿਧਾਨ ਸਭਾ ਹਲਕਿਆਂ ਦੀ ਗਿਣਤੀ ਵਧਾ ਲਈ। ਇਸ ਦਾ ਖਿਆਲ ਸੀ ਕਿ ਜੰਮੂ ਖੇਤਰ ਵਿਚੋਂ ਵੱਧ ਤੋਂ ਸੀਟਾਂ ਉਤੇ ਜਿੱਤ ਹਾਸਲ ਕੀਤੀ ਜਾਵੇ ਅਤੇ ਫਿਰ ਮਨੋਨੀਤ ਮੈਂਬਰਾਂ ਦੀ ਮਦਦ ਨਾਲ ਜੰਮੂ ਕਸ਼ਮੀਰ ਵਿਚ ਸਰਕਾਰ ਬਣਾ ਲਈ ਜਾਵੇਗੀ ਪਰ ਹਾਲ ਹੀ ਵਿਚ ਹੋਈਆਂ ਜੰਮੂ ਕਸ਼ਮੀਰ ਵਿਧਾਨ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਆਪਣੇ ਅੰਦਾਜ਼ਿਆਂ ਅਨੁਸਾਰ ਸੀਟਾਂ ਜਿੱਤ ਨਹੀਂ ਸਕੀ ਅਤੇ ਉਥੇ ਨੈਸ਼ਨਲ ਕਾਨਫਰੰਸ ਤੇ ਕਾਂਗਰਸ ਗਠਜੋੜ ਦੀ ਸਰਕਾਰ ਬਣ ਗਈ ਹੈ। ਹੁਣ ਮੋਦੀ ਸਰਕਾਰ ਇਹੀ ਕੁਝ ਸਮੁੱਚੇ ਮੁਲਕ ਵਿਚ ਦੁਹਰਾਉਣਾ ਚਾਹੁੰਦੀ ਹੈ। ਦੱਖਣੀ ਸੂਬੇ ਇਸੇ ਕਰ ਕੇ ਰੌਲਾ ਪਾ ਰਹੇ ਹਨ ਕਿਉਂਕਿ ਉਨ੍ਹਾਂ ਦੀ ਆਬਾਦੀ ਘਟ ਹੈ; ਇਸ ਲਈ ਜੇ ਵਸੋਂ ਦੇ ਆਧਾਰ 'ਤੇ ਲੋਕ ਸਭਾ ਹਲਕਿਆਂ ਦਾ ਫੈਸਲਾ ਹੋਇਆ ਤਾਂ ਦੱਖਣੀ ਸੂਬਿਆਂ ਦੀ ਨੁਮਾਇੰਦਗੀ ਘਟ ਜਾਵੇਗੀ ਅਤੇ ਉਤਰ ਪ੍ਰਦੇਸ਼ ਵਰਗੇ ਸੰਘਣੀ ਵਸੋਂ ਵਾਲੇ ਸੂਬੇ ਵਿਚ ਲੋਕ ਸਭਾ ਹਲਕਿਆਂ ਦੀ ਗਿਣਤੀ ਹੋਰ ਵਧ ਜਾਵੇਗੀ। ਮੋਦੀ ਸਰਕਾਰ ਚਾਹੁੰਦੀ ਹੈ ਕਿ ਆਪਣੇ ਆਧਾਰ ਵਾਲੇ ਵੱਧ ਵਸੋਂ ਵਾਲੇ ਸੂਬਿਆਂ ਅੰਦਰ ਲੋਕ ਸਭਾ ਹਲਕਿਆਂ ਦੀ ਗਿਣਤੀ ਵਧਾ ਲਈ ਜਾਵੇ।*

*ਉਂਝ, ਮਰਦਮਸ਼ੁਮਾਰੀ ਨਾਲ ਹੱਦਬੰਦੀ ਦੀ ਕਵਾਇਦ ਔਰਤਾਂ ਲਈ ਨੁਮਾਇੰਦਗੀ ਨਾਲ ਵੀ ਜੁੜੀ ਹੋਈ ਹੈ। ਮਰਦਮਸ਼ੁਮਾਰੀ ਨਾਲ ਪਾਰਲੀਮੈਂਟ ਵਿਚ ਔਰਤਾਂ ਲਈ 33 ਫ਼ੀਸਦੀ ਨੁਮਾਇੰਦਗੀ ਯਕੀਨੀ ਬਣਾਉਣ ਲਈ ਔਰਤਾਂ ਦੇ ਰਾਖ਼ਵਾਂਕਰਨ ਬਿਲ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਵੀ ਸ਼ੁਰੂ ਹੋ ਜਾਵੇਗੀ। ਇਸ ਤਰ੍ਹਾਂ ਦੀ ਨੁਮਾਇੰਦਗੀ ਲਿੰਗਕ ਮਾਮਲਿਆਂ ਨਾਲ ਜੁੜੇ ਨੀਤੀ ਨਿਰਧਾਰਨ ਨੂੰ ਬਿਹਤਰ ਕਰ ਸਕਦੀ ਹੈ, ਸਮਾਜਿਕ ਸਮਾਨਤਾ ਤੇ ਵਿੱਤੀ ਘੇਰੇ ਦਾ ਵਿਸਤਾਰ ਕਰ ਸਕਦੀ ਹੈ। ਇਸੇ ਦੌਰਾਨ ਇਸ 'ਚ ਜਾਤੀ ਜਨਗਣਨਾ ਨੂੰ ਸ਼ਾਮਿਲ ਕੀਤੇ ਜਾਣ ਦੀ ਸੰਭਾਵਨਾ ਨੇ ਵੱਖਰੀ ਚਰਚਾ ਛੇੜ ਦਿੱਤੀ ਹੈ। ਵੱਖ-ਵੱਖ ਸਿਆਸੀ ਪਾਰਟੀਆਂ ਜਾਤੀ ਜਨਗਣਨਾ ਦੇ ਆਧਾਰ 'ਤੇ ਬਿਹਤਰ ਨੁਮਾਇੰਦਗੀ ਤੇ ਸਰੋਤਾਂ ਦੀ ਵੰਡ ਯਕੀਨੀ ਬਣਾਉਣ ਦੀ ਵਕਾਲਤ ਕਰ ਰਹੀਆਂ ਹਨ। ਜ਼ਾਹਿਰ ਹੈ ਕਿ ਮੋਦੀ ਸਰਕਾਰ ਹਰ ਹੀਲੇ-ਵਸੀਲੇ ਚੋਣ ਸਿਆਸਤ ਨੂੰ ਆਪਣੇ ਹੱਕ ਵਿਚ ਭੁਗਤਾਉਣਾ ਚਾਹੁੰਦੀ ਹੈ। ਇਸ ਕਾਰਜ ਨੂੰ ਸਿਰੇ ਲਾਉਣ ਲਈ ਇਸ ਨੇ ਹਰ ਕਾਨੂੰਨੀ ਅਤੇ ਗੈਰ-ਕਾਨੂੰਨੀ ਹਰਬਾ ਵਰਤਣ ਦਾ ਯਤਨ ਕੀਤਾ ਹੈ। ਇਸੇ ਕਰ ਕੇ ਕੁਝ ਵਿਦਵਾਨ ਸਪਸ਼ਟ ਕਹਿ ਰਹੇ ਹਨ ਕਿ ਮੋਦੀ ਸਰਕਾਰ ਇਕ ਤਰ੍ਹਾਂ ਨਾਲ ਮੁਲਕ ਨੂੰ ਤਾਨਾਸ਼ਾਹੀ ਵੱਲ ਧੱਕ ਰਹੀ ਹੈ। ਕਮਿਊਨਿਸਟ ਪਾਰਟੀਆਂ ਤਾਂ ਇਸ ਨੂੰ ਫਾਸ਼ੀਵਾਦ ਨਾਲ ਵੀ ਜੋੜ ਰਹੀਆਂ ਹਨ। ਉਂਝ, ਜੇ ਮੋਦੀ ਸਰਕਾਰ ਦੇ ਪਿਛਲੇ ਦਸ ਸਾਲਾਂ ਦੇ ਕਾਰਜਕਾਲ ਉਤੇ ਨਿਗ੍ਹਾ ਮਾਰੀਏ ਤਾਂ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਭਾਰਤੀ ਜਨਤਾ ਪਾਰਟੀ ਅਤੇ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਮੁਲਕ ਨੂੰ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦੇ ਹਨ। ਇਸ ਲਈ ਵਿਰੋਧੀ ਧਿਰ ਨੂੰ ਅਜਿਹੇ ਫੈਸਲਿਆਂ ਬਾਰੇ ਡੂੰਘੀ ਵਿਚਾਰ ਚਰਚਾ ਕਰ ਕੇ ਹੀ ਅਗਾਂਹ ਵਧਣਾ ਚਾਹੀਦਾ ਹੈ। ਹੁਣ ਮਸਲਾ ਸਿਰਫ ਚੋਣਾਂ ਦਾ ਨਹੀਂ ਰਹਿ ਗਿਆ। ਭਾਰਤੀ ਜਨਤਾ ਪਾਰਟੀ ਚੋਣਾਂ ਦੇ ਪਰਦੇ ਹੇਠ ਸੱਚਮੁੱਚ ਤਾਨਾਸ਼ਾਹੀ ਵੱਲ ਵਧ ਰਹੀ ਹੈ। ਇਸ ਦਾ ਹਰ ਕਦਮ ਇਸੇ ਗੱਲ ਦੀ ਗਵਾਹੀ ਭਰਦਾ ਹੈ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਤਨਖਾਹੀਏ ਦੇ ਸਿਪਾਹੀ

*ਚਿਹਨ ਚਕਰ ਜਾਂ ਦੇਖ ਪਹਿਰਾਵਿਆਂ ਨੂੰ ਸਾਡੇ ਬਾਰੇ ਕੋਈ ਭਰਮ ਨਾ ਪਾ.ਲਿਉ ਜੀ।*
*ਆਪਾਂ 'ਮਾਲਕ' ਦੇ ਬੱਧੇ ਗੁਲਾਮ ਹਾਂ ਜੀ ਕੋਈ ਆਜ਼ਾਦੀ ਦਾ ਕੰਮ ਨਾ ਭਾ.ਲਿਉ ਜੀ।*
*ਕੌਮੀ .ਗੈਰਤ ਜਾਂ ਅਣਖੀ ਇਤਿਹਾਸ ਵਾ.ਲੇ 'ਟੀਕੇ' ਲਾਉਣ ਦੇ ਜ਼ਫਰ ਨਾ ਜਾ.ਲਿਉ ਜੀ।*
*ਪਾਇਉ 'ਪੰਥਕ ਅਵਾਜ਼ਾਂ' ਨਾ ਕੰਨ ਸਾਡੇ ਨੀਂਦ ਗਫਲਤ 'ਚੋਂ ਸੁੱਤੇ ਨਾ 'ਠਾ.ਲਿਉ ਜੀ।*
*ਭਾਈ ਲਾਲੋਆਂ ਨਾ.ਲ ਨਹੀਂ ਤੁਰਨ ਦਿੰਦਾ ਮਲਿਕ ਭਾਗੋ ਦੀਆਂ ਖਾਣੀਆਂ ਵੈਲ ਸਾਡਾ।*
*ਉਹ ਅਕਾਲੀ ਨਹੀਂ 'ਕਾਲੀ' ਹੀ ਜਾਣੀਏਂ ਜੀ ਜੋ ਤਨਖਾਹੀਏ ਨੂੰ ਕਹਿਣ 'ਜਰਨੈਲ' ਸਾਡਾ!*

# ਜ਼ਿਮਨੀ ਚੋਣਾਂ ਅਤੇ ਸਿਆਸੀ ਪਾਰਟੀਆਂ ਦੀ ਮੌਕਾਪ੍ਰਸਤੀ

ਪੰਜਾਬ ਵਿਚ ਇਹਨੀਂ ਦਿਨੀਂ ਇਕ ਵਿਲੱਖਣ ਤਸਵੀਰ ਵੇਖਣ ਨੂੰ ਮਿਲ ਰਹੀ ਹੈ ਕਿ ਇਕ ਪਾਸੇ ਸੂਬੇ ਦੇ ਕਿਸਾਨ ਮੰਡੀਆਂ ਵਿਚ ਝੋਨੇ ਦੀ ਵਿਕਰੀ ਨਾ ਹੋਣ ਕਾਰਨ ਸੜਕਾਂ ਉੱਪਰ ਸੰਘਰਸ਼ ਕਰ ਰਹੇ ਹਨ; ਦੂਜੇ ਪਾਸੇ ਸੂਬੇ ਦੀ ਹਾਕਮ ਜਮਾਤ ਕਿਸਾਨਾਂ ਦੇ ਚਲੰਤ ਮਾਮਲੇ ਤੋਂ ਮੂੰਹ ਫੇਰ ਕੇ ਵੋਟਾਂ ਮੰਗਣ ਤੁਰੀ ਹੋਈ ਹੈ। ਤਿਉਹਾਰਾਂ ਦੇ ਇਹਨਾਂ ਦਿਨਾਂ ਵਿਚ ਮਹਿੰਗਾਈ ਨੇ ਬੇਰੁਜ਼ਗਾਰੀ ਦੇ ਝੰਬੇ ਮਜ਼ਦੂਰਾਂ ਦੇ ਘਰਾਂ ਵਿਚੋਂ ਖੁਸ਼ੀਆਂ ਖੋਹ ਲਈਆਂ ਹਨ ਪਰ ਰਾਜਨੀਤਕ ਆਗੂ ਮਜ਼ਦੂਰ ਵਿਹੜਿਆਂ ਵਿਚ ਵੋਟਾਂ ਮੰਗਣ ਲਈ ਕਾਹਲੇ ਪਏ ਹੋਏ ਹਨ। ਜਦ ਕਿਸਾਨ, ਮਜ਼ਦੂਰ, ਮੁਲਾਜ਼ਮ ਇੱਥੋ ਤੱਕ ਕਿ ਵਪਾਰੀ (ਆੜ੍ਹਤੀਏ) ਆਪਣੀਆਂ ਮੰਗਾਂ ਲਈ ਸੰਘਰਸ਼ ਕਰ ਰਹੇ ਹਨ ਤਾਂ ਰਾਜਨੀਤਕ ਪਾਰਟੀਆਂ ਵਿਚ ਲੱਗੀ ਵੋਟਾਂ ਮੰਗਣ ਦੀ ਹੋੜ ਤੋਂ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਇਨ੍ਹਾਂ ਨੂੰ ਲੋਕ ਮੁੱਦਿਆਂ ਨਾਲ ਕੋਈ ਸਰੋਕਾਰ ਹੀ ਨਾ ਹੋਵੇ।

ਵੈਸੇ ਤਾਂ ਕਿਸੇ ਸੂਬੇ ਵਿਚ ਵਿਧਾਨ ਸਭਾ ਦੀ ਜ਼ਿਮਨੀ ਚੋਣ ਤਦ ਹੀ ਜ਼ਿਆਦਾ ਚਰਚਾ ਵਿਚ ਆਉਂਦੀ ਹੁੰਦੀ ਹੈ ਜਦ ਉਸ ਚੋਣ ਦੀ ਜਿੱਤ/ਹਾਰ ਦਾ ਅਸਰ ਸਰਕਾਰ ਦੀ ਬਣਤਰ ਉੱਪਰ ਪੈਂਦਾ ਹੋਵੇ। ਲੇਕਿਨ ਪੰਜਾਬ ਦੇ ਚਾਰ



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਵਿਧਾਨ ਸਭਾ ਹਲਕਿਆਂ ਵਿਚ 13 ਨਵੰਬਰ ਨੂੰ ਹੋ ਰਹੀਆਂ ਜ਼ਿਮਨੀ ਚੋਣਾਂ ਹੋਰ ਕਈ ਕਾਰਨਾਂ ਕਰ ਕੇ ਚਰਚਾ ਦਾ ਵਿਸ਼ਾ ਬਣੀਆਂ ਹੋਈਆ ਹਨ; ਖਾਸਕਰ ਪ੍ਰਮੁੱਖ ਪਾਰਟੀਆਂ ਸਿਆਸੀ ਮੌਕਾਪ੍ਰਸਤੀ ਦੇ ਮਾਮਲੇ ਵਿਚ ਇਕ ਦੂਜੇ ਨੂੰ ਮਾਤ ਦੇ ਰਹੀਆਂ ਹਨ।

ਆਮ ਆਦਮੀ ਪਾਰਟੀ ਦੀ ਸਭ ਤੋਂ ਪਹਿਲੀ ਮੌਕਾਪ੍ਰਸਤੀ ਤਾਂ ਇਹੋ ਹੈ ਕਿ ਇਹ ਚੋਣਾਂ ਪੰਜ ਦੀ ਬਜਾਏ ਚਾਰ ਵਿਧਾਨ ਸਭਾ ਹਲਕਿਆਂ ਵਿਚ ਹੋ ਰਹੀਆਂ ਹਨ। ਆਮ ਆਦਮੀ ਪਾਰਟੀ ਨੇ ਬੰਗਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਸੁਖਵਿੰਦਰ ਸੁੱਖੀ ਨੂੰ ਪਾਰਟੀ ਵਿਚ ਸ਼ਾਮਲ ਕਰ ਲਿਆ ਤਾਂ ਨੈਤਿਕ ਤੌਰ 'ਤੇ ਉਸ ਸੀਟ 'ਤੇ ਜ਼ਿਮਨੀ ਚੋਣ ਕਰਵਾਉਣੀ ਬਣਦੀ ਸੀ ਪਰ ਸਰਕਾਰ ਇਸ ਸਭ ਤੋਂ ਟਾਲਾ ਵੱਟ ਗਈ। 'ਆਪ' ਵੱਲੋਂ ਇਹਨਾਂ ਚੋਣਾਂ ਵਿਚ ਐਲਾਨੇ ਚਾਰ ਉਮੀਦਵਾਰਾਂ ਵਿਚੋਂ ਇਕ ਦਾ ਪਿਛੋਕੜ ਅਕਾਲੀ ਦਲ, ਦੂਜੇ ਦਾ ਪਿਛੋਕੜ ਕਾਂਗਰਸ ਜਦਕਿ ਤੀਜੇ ਦੀ ਯੋਗਤਾ ਇਹ ਹੈ ਕਿ ਉਹ ਇਕ ਸੰਸਦ ਮੈਂਬਰ ਦਾ 'ਚਹੇਤਾ' ਹੈ।

ਗਿੱਦੜਵਾਹਾ ਤੋਂ ਐਲਾਨਿਆਂ 'ਆਪ' ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਅਕਾਲੀ ਦਲ ਦੇ ਪਿਛੋਕੜ ਵਾਲਾ ਹੈ ਅਤੇ ਉਹ ਸੁਖਬੀਰ ਸਿੰਘ ਬਾਦਲ ਦਾ ਸਭ ਤੋਂ ਕਰੀਬੀ ਰਿਹਾ ਹੈ। ਕਿਸੇ ਸਮੇਂ ਜਿਸ ਡਿੰਪੀ ਢਿੱਲੋਂ ਅਤੇ ਉਸ ਦੀ ਟਰਾਂਸਪੋਰਟ ਖਿਲਾਫ 'ਆਪ' ਆਗੂ ਖੁੱਲ੍ਹੇਆਮ ਮੀਡੀਆ ਵਿਚ ਬੋਲਦੇ ਸਨ, ਹੁਣ ਉਹੋ ਡਿੰਪੀ ਢਿੱਲੋਂ 'ਆਪ' ਦਾ ਚਹੇਤਾ ਆਮ ਆਦਮੀ ਹੈ। ਚੱਬੇਵਾਲ ਤੋਂ 'ਆਪ' ਨੇ ਕਾਂਗਰਸੀ ਪਿਛੋਕੜ ਵਾਲੇ ਐਮ.ਪੀ. ਰਾਜ ਕੁਮਾਰ ਚੱਬੇਵਾਲ ਦੇ ਮੁੰਡੇ ਡਾ. ਇਸ਼ਾਂਕ ਕੁਮਾਰ ਨੂੰ ਜ਼ਿਮਨੀ ਚੋਣ ਵਿਚ ਪਾਰਟੀ ਉਮੀਦਵਾਰ ਬਣਾਇਆ ਹੈ। 'ਆਪ' ਲੀਡਰਸ਼ਿਪ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਕਿ ਐਮ.ਪੀ. ਦੇ ਮੁੰਡੇ ਨੂੰ ਵਿਧਾਨ ਸਭਾ ਚੋਣਾਂ ਵਿਚ ਉਤਾਰਨਾ ਪਰਿਵਾਰਵਾਦ ਨਹੀਂ ਹੈ ਤਾਂ ਹੋਰ ਕੀ ਹੈ? ਜਿਹੜੇ ਕਹਿੰਦੇ ਸੀ ਕਿ ਹੁਣ ਆਮ ਘਰਾਂ ਦੇ ਮੁੰਡੇ, ਕੁੜੀਆਂ ਵਿਧਾਇਕ/ਸੰਸਦ ਮੈਂਬਰ ਬਣਿਆ ਕਰਨਗੇ, ਉਨ੍ਹਾਂ ਨੂੰ ਪੁੱਛਣਾ ਬਣਦਾ ਹੈ ਕਿ ਸੰਸਦ ਮੈਂਬਰ ਦਾ ਮੁੰਡਾ ਆਮ ਘਰ ਦਾ ਕਿਵੇਂ ਹੋਇਆ? 'ਆਪ' ਨੇ ਬਰਨਾਲਾ ਤੋਂ ਟਿਕਟ ਦੇ ਪ੍ਰਮੁੱਖ ਦਾਅਵੇਦਾਰ ਗੁਰਦੀਪ ਸਿੰਘ ਬਾਠ ਦੀ ਥਾਂ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਦੇ ਚਹੇਤੇ ਹਰਿੰਦਰ ਸਿੰਘ ਧਾਲੀਵਾਲ ਨੂੰ ਟਿਕਟ ਦੇ ਕੇ ਇਹ ਸਿੱਧ ਕਰ ਦਿੱਤਾ ਹੈ ਕਿ ਪਾਰਟੀ ਵਿਚ ਪਿਛਲੇ ਸਾਲਾਂ ਤੋਂ ਕੰਮ ਕਰਨ ਵਾਲੇ ਆਮ ਘਰਾਂ ਦੇ ਮਿਹਨਤੀ ਨੌਜਵਾਨਾਂ ਦੀ ਥਾਂ ਭਾਈ-ਭਤੀਜਾਵਾਦ ਭਾਰੂ ਹੈ। ਕੀ ਇਹ ਪੈਰਾਸ਼ੂਟ ਰਾਹੀਂ ਉਮੀਦਵਾਰ ਉਤਾਰਨ ਦਾ ਰਵਾਇਤੀ ਪਾਰਟੀਆਂ ਵਾਲਾ ਉਹੀ ਤਰੀਕਾ ਨਹੀਂ ਹੈ ਜਿਸ ਖਿਲਾਫ 'ਆਪ' ਹੋਂਦ ਵਿਚ ਆਈ ਸੀ। ਹੁਣ 'ਆਪ' ਤੋਂ ਬਾਗੀ ਹੋ ਕੇ ਚੋਣ ਲੜ ਰਹੇ ਆਜ਼ਾਦ ਉਮੀਦਵਾਰ ਗੁਰਦੀਪ ਸਿੰਘ ਬਾਠ ਪਾਰਟੀ ਲਈ ਸਮੱਸਿਆ ਪੈਦਾ ਕਰ ਰਹੇ ਹਨ ਅਤੇ ਉਸ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਹੈ। 'ਆਪ' ਨੇ ਡੇਰਾ ਬਾਬਾ ਨਾਨਕ ਤੋਂ ਗੁਰਦੀਪ ਸਿੰਘ ਰੰਧਾਵਾ ਨੂੰ ਉਮੀਦਵਾਰ ਬਣਾਇਆ ਹੈ।

ਕਾਂਗਰਸ ਵੱਲੋਂ ਜ਼ਿਮਨੀ ਚੋਣ ਲਈ ਐਲਾਣੇ ਉਮੀਦਵਾਰਾਂ ਵਿਚੋਂ ਭਾਈ-ਭਤੀਜਾਵਾਦ ਸਾਫ ਝਲਕਦਾ ਹੈ। ਕਾਂਗਰਸ ਨੇ ਗਿੱਦੜਬਾਹਾ ਤੋਂ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਅਤੇ ਡੇਰਾ ਬਾਬਾ ਨਾਨਕ ਤੋਂ ਸਾਬਕਾ ਉਪ ਮੁੱਖ ਮੰਤਰੀ ਤੇ ਮੌਜੂਦਾ ਐਮ.ਪੀ. ਸੁਖਜਿੰਦਰ ਸਿੰਘ ਰੰਧਾਵਾ ਦੀ ਪਤਨੀ ਜਤਿੰਦਰ ਕੌਰ ਰੰਧਾਵਾ ਨੂੰ ਉਮੀਦਵਾਰ ਬਣਾਇਆ ਹੈ। ਹਾਲਾਂਕਿ ਲੋਕ ਸਭਾ



ਚੋਣਾਂ ਦੌਰਾਨ ਇਹ ਚਰਚਾ ਚੱਲੀ ਸੀ ਕਿ ਬਠਿੰਡਾ ਤੋਂ ਅੰਮ੍ਰਿਤਾ ਵੜਿੰਗ ਹਰਸਿਮਰਤ ਕੌਰ ਬਾਦਲ ਨੂੰ ਟੱਕਰ ਦੇ ਸਕਦੀ ਹੈ ਪਰ ਵੜਿੰਗ ਪਰਿਵਾਰ ਇਸ ਸੀਟ ਤੋਂ ਟਾਲਾ ਵੱਟ ਗਿਆ ਸੀ। ਉਸ ਸਮੇਂ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਆਪਣੀ ਪਤਨੀ ਅੰਮ੍ਰਿਤਾ ਵੜਿੰਗ ਨੂੰ ਬਠਿੰਡਾ ਤੋਂ ਉਮੀਦਵਾਰ ਨਾ ਐਲਾਨੇ ਜਾਣ 'ਤੇ ਇਹ ਤਰਕ ਦਿੰਦੇ ਰਹੇ ਹਨ ਕਿ ਉਹ ਪਰਿਵਾਰਵਾਦ ਖਿਲਾਫ ਹਨ ਪਰ ਹੁਣ ਇਹ ਕੀ ਹੈ? ਇਸ ਮਾਮਲੇ ਮੁੱਖ ਧਾਰਾ ਸਿਆਸਤ ਦਾ ਸਿਆਸੀ ਸੰਦੇਸ਼ ਸਾਫ਼ ਸੰਕੇਤ ਦਿੰਦਾ ਹੈ ਕਿ ਪੋਸਟਰ ਲਾਉਣ ਜਾਂ ਦਰੀਆਂ ਵਿਛਾਉਣ ਵਾਲੇ ਪਾਰਟੀ ਵਰਕਰਾਂ ਦੀ ਬਜਾਏ ਲੀਡਰਾਂ ਦੇ ਪਰਿਵਾਰਕ ਮੈਂਬਰਾਂ ਦੀ ਅਹਿਮੀਅਤ ਵੱਧ ਹੈ। ਪਿਛਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਨੇ 'ਇੱਕ ਪਰਿਵਾਰ ਇੱਕ ਟਿਕਟ' ਦਾ ਨੇਮ ਸਥਾਪਿਤ ਕਰਨ ਦਾ ਦਾਅਵਾ ਕੀਤਾ ਸੀ ਪਰ ਪੰਜਾਬ ਦੀਆਂ ਜ਼ਿਮਨੀ ਚੋਣਾਂ ਵਿਚ ਟਿਕਟਾਂ ਦੀ ਵੰਡ ਨੇ ਕਾਂਗਰਸ ਦੇ ਇਸ ਦਾਅਵੇ ਦੀ ਹਵਾ ਕੱਢ ਕੇ ਰੱਖ ਦਿੱਤੀ ਹੈ। ਕਾਂਗਰਸ ਨੇ ਚੱਬੇਵਾਲ ਤੋਂ ਬਸਪਾ ਦੇ ਪਿਛੋਕੜ ਵਾਲੇ ਉਮੀਦਵਾਰ ਰਣਜੀਤ ਕੁਮਾਰ ਨੂੰ ਟਿਕਟ ਦਿੱਤੀ ਹੈ।

ਪਰਿਵਾਰਵਾਦ ਦੇ ਮਾਮਲੇ ਵਿਚ ਸਾਬਕਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਵੀ ਘੱਟ ਨਹੀਂ ਹਨ। ਉਨ੍ਹਾਂ ਬਰਨਾਲਾ ਤੋਂ ਆਪਣੇ ਦੋਹਤੇ ਗੋਬਿੰਦ ਸਿੰਘ ਸੰਧੂ ਨੂੰ ਟਿਕਟ ਦੇ ਕੇ ਚੋਣ ਮੈਦਾਨ ਵਿਚ ਉਤਾਰਿਆ ਹੈ ਹਾਲਾਂਕਿ ਉਹਨਾਂ ਦਾ ਦੋਹਤਾ ਬਰਨਾਲਾ ਖੇਤਰ ਨਾਲ ਸਬੰਧਤ ਵੀ ਨਹੀਂ ਹੈ।

ਭਾਜਪਾ ਵੱਲੋਂ ਕੀਤੀ ਟਿਕਟ ਵੰਡ ਇਸ ਪੱਖੋਂ ਹੈਰਾਨੀਜਨਕ ਹੈ ਕਿ ਇਹਨਾਂ ਉਮੀਦਵਾਰਾਂ ਵਿਚੋਂ ਇਕ ਵੀ ਟਕਸਾਲੀ ਭਾਜਪਾ ਆਗੂ ਨਹੀਂ ਹੈ। ਭਾਜਪਾ ਉਮੀਦਵਾਰਾਂ ਵਿਚੋਂ ਦੋ ਉਮੀਦਵਾਰ ਕਾਂਗਰਸ ਪਿਛੋਕੜ ਵਾਲੇ ਹਨ ਜਦਕਿ ਦੋ ਉਮੀਦਵਾਰਾਂ ਦਾ ਪਿਛੋਕੜ ਸ਼੍ਰੋਮਣੀ ਅਕਾਲੀ ਦਲ (ਬਾਦਲ) ਤੋਂ ਹੈ। ਭਾਜਪਾ ਨੇ ਗਿੱਦੜਬਾਹਾ ਤੋਂ ਸਾਬਕਾ ਕਾਂਗਰਸੀ ਮੰਤਰੀ ਮਨਪ੍ਰੀਤ ਬਾਦਲ, ਬਰਨਾਲਾ ਤੋਂ ਸਾਬਕਾ ਕਾਂਗਰਸੀ ਵਿਧਾਇਕ ਕੇਵਲ ਢਿੱਲੋਂ, ਡੇਰਾ ਬਾਬਾ ਨਾਨਕ ਤੋਂ ਅਕਾਲੀ ਦਲ ਨਾਲ ਸਬੰਧਿਤ ਰਹੇ ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ ਦੇ ਪੁੱਤਰ ਰਵੀਕਰਨ ਸਿੰਘ ਕਾਹਲੋਂ ਅਤੇ ਚੱਬੇਵਾਲ ਤੋਂ ਭਾਜਪਾ ਨੇ ਹੁਣ-ਹੁਣੇ ਪਾਰਟੀ ਵਿਚ ਸ਼ਾਮਲ ਹੋਏ ਸਾਬਕਾ ਅਕਾਲੀ ਵਿਧਾਇਕ ਸੋਹਣ ਸਿੰਘ ਠੰਡਲ ਨੂੰ ਚੋਣ ਮੈਦਾਨ ਵਿਚ ਉਤਾਰ ਦਿੱਤਾ ਹੈ।

ਇਹ ਵੀ ਹੈਰਾਨੀਜਨਕ ਹੈ ਕਿ ਪੰਜਾਬ ਦੀ ਸਭ ਤੋਂ ਪੁਰਾਣੀ ਖੇਤਰੀ ਪਾਰਟੀ ਅਤੇ ਕਈ ਵਰ੍ਹੇ ਸੂਬੇ ਦੀ ਸੱਤਾ ਉੱਪਰ ਕਾਬਜ਼ ਰਿਹਾ ਸ਼੍ਰੋਮਣੀ ਅਕਾਲੀ ਦਲ ਇਹ ਚੋਣਾਂ ਲੜਨ ਤੋਂ ਹੀ ਪਾਸੇ ਹਟ ਗਿਆ ਹੈ। ਇਹ ਫੈਸਲਾ ਅਕਾਲੀ ਦਲ ਦੇ ਸਿਆਸੀ ਨਿਘਾਰ ਦੀ ਨਿਸ਼ਾਨੀ ਹੈ ਜੋ 2017 ਦੀਆਂ ਲੋਕ ਸਭਾ ਚੋਣਾਂ ਵਿਚ ਹਾਰ ਤੋਂ ਬਾਅਦ ਲਗਾਤਾਰ ਨਿੱਘਰ ਰਿਹਾ ਹੈ। ਪਾਰਟੀ ਵੱਲੋਂ ਚੋਣਾਂ ਨਾ ਲੜਨ ਪਿੱਛੇ ਤਰਕ ਦਿੱਤਾ ਜਾ ਰਿਹਾ ਹੈ ਕਿ ਅਕਾਲ ਤਖਤ ਸਾਹਿਬ ਵੱਲੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦੇਣ ਕਾਰਨ ਪਾਰਟੀ ਚੋਣ ਨਹੀਂ ਲੜ ਰਹੀ ਹੈ। ਅਕਾਲੀ ਦਲ ਦੀ ਇਸ ਦਲੀਲ ਤੋਂ ਸਾਫ ਝਲਕਾਰਾ ਮਿਲਦਾ ਹੈ ਕਿ ਸੁਖਬੀਰ ਸਿੰਘ ਬਾਦਲ ਆਪਣੀ ਗੈਰ-ਹਾਜ਼ਰੀ ਵਿਚ ਕਿਸੇ ਵੀ ਆਗੂ ਨੂੰ ਸਥਾਪਤ ਨਹੀਂ ਹੋਣ ਦੇਣਾ ਚਾਹੁੰਦਾ ਹੈ। ਇਨੈਲੋ ਸਮੇਤ ਦੇਸ਼ ਦੀਆਂ ਜ਼ਿਆਦਾਤਰ ਖੇਤਰੀ ਪਾਰਟੀਆਂ ਦੇ ਨਿਘਾਰ ਦਾ ਮੁੱਖ ਕਾਰਨ ਇਹ ਹੈ ਕਿ ਪਾਰਟੀਆਂ ਕੁਝ 'ਖਾਸ' ਪਰਿਵਾਰਾਂ ਦਾ ਕਬਜ਼ਾ ਹੋ ਚੁੱਕਿਆ ਹੈ। ਇਹ ਕਹਿਣਾ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ ਅਕਾਲੀ ਦਲ ਦਾ ਚੋਣ ਪਿੜ ਵਿਚੋਂ ਬਾਹਰ ਹੋਣ ਦਾ ਫੈਸਲਾ ਭਾਵੇਂ ਅਕਾਲੀ ਦਲ ਨੂੰ ਬਹੁਤ ਵੱਡਾ ਸਿਆਸੀ ਨੁਕਸਾਨ ਪਹੁੰਚਾਉਣ ਵਾਲਾ ਹੈ ਪਰ ਇਸ ਫੈਸਲੇ ਦਾ ਇਹਨਾਂ ਦੇ ਪੁਰਾਣੇ ਭਾਈਵਾਲ ਭਾਜਪਾ ਨੂੰ ਕੁਝ ਸੀਟਾਂ 'ਤੇ ਫਾਇਦਾ ਦੇਵੇਗਾ।

ਹਕੀਕਤ ਇਹ ਹੈ ਕਿ ਚੋਣਾਂ ਜਿੱਤਣ ਲਈ ਕੀਤੀ ਜਾ ਰਹੀ ਸਿਆਸੀ ਮੌਕਾਪ੍ਰਸਤੀ ਦਰਮਿਆਨ ਲੋਕਾਂ ਦੇ ਹਕੀਕੀ ਮੁੱਦਿਆਂ ਨੂੰ ਤਿਲਾਂਜਲੀ ਦੇ ਦਿੱਤੀ ਗਈ ਹੈ। ਮੰਡੀਆਂ ਵਿਚ ਝੋਨੇ ਦੀ ਖਰੀਦ ਵਿਚ ਆ ਰਹੀਆਂ ਸਮੱਸਿਆਵਾਂ ਕਾਰਨ ਫਸੇ ਕਿਸਾਨਾਂ ਨੂੰ ਰਾਹਤ ਦੇਣ ਲਈ ਠੋਸ ਕਦਮ ਚੁੱਕਣ ਦੀ ਬਜਾਏ ਕੇਂਦਰ ਅਤੇ ਸੂਬਾ ਸਰਕਾਰ ਇਕ ਦੂਜੇ ਖਿਲਾਫ ਫੋਕੀ ਤੋਹਮਤਬਾਜ਼ੀ ਸਾਫ਼ ਨਜ਼ਰ ਆ ਰਹੀ ਹੈ। ਇਕ ਪਾਸੇ ਤਾਂ 'ਡਬਲ ਇੰਜਣ' ਸਰਕਾਰਾਂ ਦੀ ਹਾਮੀ ਭਾਜਪਾ ਹਕੂਮਤ ਦੀ ਗੈਰ-ਭਾਜਪਾ ਸੂਬਾ ਸਰਕਾਰਾਂ ਨਾਲ ਤਾਲਮੇਲ ਦੀ ਅਣਹੋਂਦ ਸਾਫ ਨਜ਼ਰ ਆ ਰਹੀ ਹੈ; ਦੂਜੇ ਪਾਸੇ 'ਆਪ' ਸਰਕਾਰ ਦਾ ਗੈਰ-ਸੰਵੇਦਨਸ਼ੀਲ ਰਵੱਈਆ ਸਾਫ ਝਲਕਦਾ ਹੈ। ਇਸ ਸਥਿਤੀ ਵਿਚ ਫਸਿਆ ਕਿਸਾਨਾਂ ਦਾ ਇਕ ਹਿੱਸਾ ਐੱਮ.ਐੱਸ.ਪੀ. ਤੋਂ ਘੱਟ ਮੁੱਲ 'ਤੇ ਝੋਨਾ ਵੇਚਣ ਲਈ ਮਜਬੂਰ ਹੈ।

ਝੋਨੇ ਦੀ ਖਰੀਦ ਨਾ ਹੋਣ ਦੇ ਮਾਮਲੇ ਵਿਚ 'ਆਪ' ਅਤੇ ਭਾਜਪਾ ਦੇ ਆਗੂਆਂ ਵਿਚਕਾਰ ਬਿਆਨਬਾਜ਼ੀ ਤਾਂ ਮੀਡੀਆ ਵਿਚ ਛਾਈ ਹੋਈ ਹੈ ਪਰ ਹਕੀਕਤ ਵਿਚ ਕਿਸਾਨਾਂ ਦੀ ਖੱਜਲ-ਖੁਆਰੀ ਲਈ ਇਹ ਦੋਵੇਂ ਸਰਕਾਰਾਂ ਜ਼ਿੰਮੇਵਾਰ ਹਨ। ਉਦਹਾਰਨ ਵਜੋਂ ਸ਼ੈਲਰ ਮਾਲਕਾਂ ਦਾ ਕਹਿਣਾ ਹੈ ਕਿ ਪਿਛਲੇ ਸਾਲ ਖਰੀਦੇ ਝੋਨੇ ਦੀ ਸੂਬੇ ਵਿਚੋਂ ਲਿਫਟਿੰਗ ਨਾ ਹੋਣ ਕਾਰਨ ਉਨ੍ਹਾਂ ਕੋਲ ਤਾਜ਼ਾ ਝੋਨਾ ਰੱਖਣ ਲਈ ਥਾਂ ਨਹੀਂ ਹੈ; ਬੇਸ਼ੱਕ ਇਸ ਮਾਮਲੇ ਵਿਚ ਮੁੱਖ ਜ਼ਿੰਮੇਵਾਰੀ ਕੇਂਦਰ ਸਰਕਾਰ ਨਾਲ ਸਬੰਧਤ ਹੈ ਪਰ ਸੂਬਾ ਸਰਕਾਰ ਨੇ ਪਿਛਲੇ ਇਕ ਸਾਲ ਵਿਚ ਇਸ ਮਾਮਲੇ ਨੂੰ ਕੇਂਦਰ ਸਰਕਾਰ ਕੋਲ ਸੁਹਿਰਦਤਾ ਨਾਲ ਉਠਾਉਣ ਦਾ ਯਤਨ ਤੱਕ ਨਹੀਂ ਕੀਤਾ। ਆੜ੍ਹਤੀਆਂ ਅਤੇ ਮੰਡੀਆਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਮਾਮਲੇ ਵੀ ਹੱਲ ਕਰਨ ਤੋਂ ਸੂਬਾ ਸਰਕਾਰ ਚੁੱਪ ਹੈ।

ਸੰਯੁਕਤ ਕਿਸਾਨ ਮੋਰਚਾ ਅਤੇ ਆੜ੍ਹਤੀਆਂ ਦੇ ਆਗੂਆਂ ਨੇ ਪੰਜਾਬ ਦੇ ਮੁੱਖ ਮੰਤਰੀ ਨਾਲ ਮੀਟਿੰਗ ਦੌਰਾਨ ਝੋਨੇ ਦੀ ਖਰੀਦ ਨੂੰ ਸੁਚਾਰੂ ਬਣਾਉਣ ਲਈ ਚਾਰ ਦਿਨ ਦਿੱਤੇ ਸਨ ਪਰ ਜਦ ਫਿਰ ਵੀ ਖਰੀਦ ਸੁਚਾਰੂ ਢੰਗ ਨਾਲ ਨਹੀਂ ਸ਼ੁਰੂ ਹੋਈ ਤਾਂ ਕਿਸਾਨਾਂ ਨੇ ਸੜਕਾਂ ਰੋਕ ਲਈਆ। ਜੇ 'ਆਪ' ਅਨੁਸਾਰ ਝੋਨੇ ਦੀ ਖਰੀਦ ਸੁਚਾਰੂ ਨਾ ਹੋਣ ਪਿੱਛੇ ਮੁੱਖ ਭੂਮਿਕਾ ਕੇਂਦਰ ਸਰਕਾਰ ਦੀ ਹੈ ਤਾਂ ਮੁੱਖ ਮੰਤਰੀ ਸਾਹਿਬ ਨੂੰ 'ਕਿਸਾਨਾਂ ਸੜਕਾਂ ਨਾ ਰੋਕਣ' ਜਿਹੇ ਬਿਆਨ ਦੇਣ ਦੀ ਬਜਾਏ ਕੇਂਦਰ ਸਰਕਾਰ ਖਿਲਾਫ ਕਿਸਾਨਾਂ ਦੇ ਧਰਨੇ ਦੀ ਹਮਾਇਤ ਕਰਨੀ ਚਾਹੀਦੀ ਹੈ।

ਸਥਿਤੀ ਇਹ ਬਣ ਸਕਦੀ ਹੈ ਕਿ ਕੇਂਦਰ ਸਰਕਾਰ ਆਉਣ ਵਾਲੇ ਸਮੇਂ 'ਚ ਐੱਮ.ਐੱਸ.ਪੀ. ਤਹਿਤ ਝੋਨੇ ਦੀ ਖਰੀਦ ਤੋਂ ਹੱਥ ਪਿੱਛੇ ਖਿੱਚ ਸਕਦੀ ਹੈ ਤਾਂ ਵੋਟਾਂ ਮੰਗਣ ਆਉਣ ਵਾਲਿਆਂ ਨੂੰ ਘੇਰ ਕੇ ਲੋਕ ਮੁੱਦਿਆਂ ਉੱਪਰ ਸਵਾਲ ਪੁੱਛੇ ਜਾਣੇ ਚਾਹੀਦੇ ਹਨ।

# ਰਾਮ ਮੰਦਰ ਬਾਰੇ ਫੈਸਲਾ ਅਤੇ ਚੀਫ ਜਸਟਿਸ

***ਰਾਮ ਮੰਦਰ-ਬਾਬਰੀ ਮਸਜਿਦ ਮਸਲੇ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਵਿਚ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਦਾ ਵੱਡਾ ਯੋਗਦਾਨ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਇਹ ਫੈਸਲਾ ਜਸਟਿਸ ਚੰਦਰਚੂੜ ਨੇ ਲਿਖਿਆ। ਇਹ ਵੀ ਸ਼ਾਇਦ ਪਹਿਲੀ ਵਾਰ ਸੀ ਕਿ ਸੁਪਰੀਮ ਕੋਰਟ ਦੇ ਕਿਸੇ ਫੈਸਲੇ ਉਤੇ ਇਸ ਨੂੰ ਲਿਖਣ ਵਾਲੇ ਜੱਜ ਦਾ ਨਾਂ ਦਰਜ ਨਹੀਂ ਕੀਤਾ ਗਿਆ। ਜਸਟਿਸ ਚੰਦਰਚੂੜ ਨੇ ਇਸ ਫੈਸਲੇ ਬਾਰੇ ਜਿਹੜੀ ਟਿੱਪਣੀ ਕੀਤੀ ਹੈ, ਰਾਜੇਂਦਰ ਸ਼ਰਮਾ ਨੇ ਉਸ 'ਤੇ ਤਿੱਖਾ ਵਿਅੰਗ ਕੱਸਿਆ ਹੈ। ਇਹ ਵਿਅੰਗ ਲਿਖਤ ਅਸੀਂ ਆਪਣੇ ਪਾਠਕਾਂ ਲਈ ਛਾਪ ਰਹੇ ਹਾਂ। ਇਸ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

**ਰਾਜੇਂਦਰ ਸ਼ਰਮਾ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਚੰਦਰਚੂੜ (ਚੀਫ ਜਸਟਿਸ ਡੀ.ਵਾਈ. ਚੰਦਰਚੂੜ) ਨੇ ਹਠ ਨਹੀਂ ਛੱਡਿਆ। ਪਿਛਲੇ ਨੱਬੇ ਦਿਨਾਂ ਦੀ ਤਰ੍ਹਾਂ, 91ਵੇਂ ਦਿਨ ਵੀ ਜਦ ਉਸ ਨੇ ਆਪਣੇ ਪੂਜਨੀਕ ਦੇ ਸਾਹਮਣੇ ਡਿਕਟਾਫ਼ੋਨ ਕੀਤਾ ਅਤੇ ਪ੍ਰਾਰਥਨਾ ਕਰਨ ਲੱਗਾ ਕਿ ਹੇ ਪ੍ਰਭੂ! ਮੁਲਕ ਨੂੰ ਸੰਕਟ ਤੋਂ ਬਚਾਓ, ਅਯੁਧਿਆ ਕੇਸ ਦਾ ਫ਼ੈਸਲਾ ਡਿਕਟੇਟ ਕਰਾਓ ਤਾਂ ਪ੍ਰਭੂ ਕੁਝ ਪਿਘਲ ਗਏ। ਬੋਲੇ, ਤੂੰ ਵੀ ਬੜਾ ਹਠੀ ਏਂ ਭਗਤਾ। ਉਂਞ ਮੈਨੂੰ ਹੁਣ ਵੀ ਲੱਗਦਾ ਹੈ ਕਿ ਮੈਨੂੰ ਅਜਿਹੇ ਕੇਸ-ਕੂਸ ਦੇ ਝਮੇਲਿਆਂ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ। ਕੋਈ ਨਾ ਕੋਈ ਅਸੰਤੁਸ਼ਟ ਹੋਵੇਗਾ। ਨਹੱਕ ਬਦਨਾਮੀ ਹੋਵੇਗੀ। ਇਹ ਤੁਹਾਡਾ ਕੰਮ ਹੈ, ਤੁਸੀਂ ਆਪ ਹੀ ਕਰੋ। ਆਪਣੇ ਕਾਨੂੰਨ, ਸੰਵਿਧਾਨ ਵਗੈਰਾ ਦੇ ਹਿਸਾਬ ਨਾਲ। ਤੇ ਹਾਂ! ਨਿਆਂ ਦੇ ਹਿਸਾਬ ਨਾਲ ਤੈਅ ਕਰੋ। ਮੈਨੂੰ ਤਾਂ ਬਖ਼ਸ਼ ਹੀ ਦਿਓ।

ਪਰ ਸੁਰ ਨਰਮ ਦੇਖ ਕੇ ਚੰਦਰਚੂੜ ਦਾ ਹੌਸਲਾ ਹੋਰ ਵਧ ਗਿਆ। ਉਸ ਨੇ ਜ਼ਿੱਦ ਫੜ ਲਈ। ਪ੍ਰਭੂ, ਤੁਸੀਂ ਆਪ ਵੀ ਸਾਡੇ ਆਮ ਇਨਸਾਨਾਂ ਵਰਗੀਆਂ ਚਿੰਤਾਵਾਂ ਕਰਨ ਲੱਗ ਗਏ। ਕੋਈ ਨਾਰਾਜ਼ ਹੋਵੇਗਾ, ਬਦਨਾਮੀ ਹੋਵੇਗੀ। ਭਲਾ ਤੁਹਾਡਾ ਕੋਈ ਕੀ ਵਿਗਾੜ ਲਏਗਾ? ਉਂਞ ਵਿਗਾੜ ਤਾਂ ਕੋਈ ਸਾਡੇ ਵਰਗਿਆਂ ਦਾ ਵੀ ਨਹੀਂ ਸਕਦਾ, ਜਦ ਤੱਕ ਦਿੱਲੀ ਦੇ ਤਖ਼ਤ ਉੱਪਰ ਬੈਠਣ ਵਾਲਾ ਸਾਡੇ ਉੱਪਰ ਮਿਹਰਬਾਨ ਹੈ। ਅਸੀਂ ਵੀ ਜੋ ਫ਼ੈਸਲਾ ਕਰ ਦਿਆਂਗੇ, ਬਿਨਾਂ ਸੋਚੇ-ਸਮਝੇ ਵਕਤ ਬਰਬਾਦ ਕਰਕੇ ਜਨਤਾ ਨੂੰ ਮੰਨਣਾ ਹੀ ਪਵੇਗਾ ਪਰ ਤੁਹਾਡੀ ਗੱਲ ਕੁਝ ਹੋਰ ਏ ਪ੍ਰਭੂ। ਤੁਹਾਡਾ ਕੀ ਜਾਂਦਾ ਹੈ? ਤੇ ਰਹੀ ਕਾਨੂੰਨ, ਸੰਵਿਧਾਨ ਵਗੈਰਾ ਦੇ ਹਿਸਾਬ ਨਾਲ ਫ਼ੈਸਲਾ ਕਰਨ ਦੀ ਗੱਲ, ਉਸੇ ਹਿਸਾਬ ਨਾਲ ਫ਼ੈਸਲਾ ਹੋਣਾ ਹੁੰਦਾ ਤਾਂ ਕਦੋਂ ਦਾ ਹੋ ਗਿਆ ਹੁੰਦਾ। ਮਸਜਿਦ ਵਿਚੋਂ ਮੂਰਤੀਆਂ ਹਟਾਉਣ ਦਾ ਆਦੇਸ਼ ਹੋ ਤਾਂ ਗਿਆ ਸੀ, ਕੀ ਹੋਇਆ? ਏਨਾ ਇੰਤਜ਼ਾਰ ਥੋੜ੍ਹਾ ਕਰਨਾ ਪੈਂਦਾ। ਫਿਰ ਉਹ ਤਾਂ ਸਿਰਫ਼ ਫ਼ੈਸਲਾ ਹੁੰਦਾ, ਮਾਮੂਲੀ ਫ਼ੈਸਲਾ। ਅਸੀਂ ਤਾਂ ਇਤਿਹਾਸਕ ਫ਼ੈਸਲਾ ਕਰਨਾ ਹੈ। ਸਾਡਾ ਫ਼ਿਕਰ ਇਹ ਹੈ ਕਿ ਇਤਿਹਾਸ ਸਾਨੂੰ ਕਿਵੇਂ ਚੇਤੇ ਕਰੇਗਾ?

ਭਗਤ ਦੀ ਸਾਧਨਾ ਅੱਗੇ ਪ੍ਰਭੂ ਦਾ ਮਨ ਬਦਲ ਚੱਲਿਆ ਸੀ। ਫਿਰ ਵੀ ਉਨ੍ਹਾਂ ਨੇ ਇਕ ਆਖ਼ਰੀ ਕੋਸ਼ਿਸ਼ ਕੀਤੀ। ਬੋਲੇ- ਇਹ ਇਤਿਹਾਸ ਦੇ ਚੱਕਰਾਂ 'ਚ ਕਿਉਂ ਪੈਂਦੇ ਹੋ? ਇਤਿਹਾਸ ਕਿਵੇਂ ਚੇਤੇ ਕਰੇਗਾ, ਇਸ ਦੀ ਚਿੰਤਾ ਛੱਡੋ। ਇਤਿਹਾਸ ਉਂਞ ਵੀ ਬਹੁਤ ਭੈੜੀ ਚੀਜ਼ ਹੈ। ਆਉਣ ਵਾਲਾ ਵਕਤ ਕਿਵੇਂ ਚੇਤੇ ਕਰੇਗਾ, ਇਹ ਸੋਚ ਕੇ ਕੰਮ ਕਰਨ ਵਾਲਿਆਂ ਦੀ ਬਹੁਤ ਦੁਰਗਤ ਹੁੰਦੀ ਦੇਖੀ ਹੈ। ਇਨ੍ਹਾਂ ਚੱਕਰਾਂ 'ਚ ਪੈਣ ਦਾ ਕੋਈ ਫ਼ਾਇਦਾ ਨਹੀਂ ਹੈ। ਇਸ ਨਾਲੋਂ ਤਾਂ ਚੰਗਾ ਹੈ ਕਿ ਆਪਣਾ ਕੰਮ ਕਰੋ ਅਤੇ ਬਾਕੀ ਸਭ ਕੁਝ ਆਉਣ ਵਾਲਿਆਂ ਉੱਪਰ ਛੱਡ ਦਿਓ ਕਿ ਕਿਵੇਂ ਚੇਤੇ ਕਰਦੇ ਹਨ ਅਤੇ ਕਿਵੇਂ ਚੇਤੇ ਨਹੀਂ ਕਰਦੇ ਹਨ। ਉਂਞ ਵੀ 'ਮੂੰਹ ਖਾਵੇ ਅੱਖ ਸ਼ਰਮਾਵੇ' ਕੁਝ ਨਹੀਂ! ਤੁਹਾਨੂੰ ਕੌਣ ਦੇਖਣ ਆਵੇਗਾ?

ਪਰ ਚੰਦਰਚੂੜ ਅੜਿਆ ਰਿਹਾ। ਤੁਹਾਨੂੰ ਇਤਿਹਾਸ ਦੀ ਚਿੰਤਾ ਸਮਝ ਨਹੀਂ ਆਵੇਗੀ ਮਹਾਰਾਜ ਪਰ ਮੇਰੀ ਤਾਂ ਰਾਤਾਂ ਦੀ ਨੀਂਦ ਇਹ ਸੋਚ-ਸੋਚ ਕੇ ਉੱਡ ਗਈ ਹੈ ਕਿ ਇਤਿਹਾਸ ਮੈਨੂੰ ਚੇਤੇ ਕਿਵੇਂ ਕਰੇਗਾ? ਅਦਾਲਤ ਦੇ ਬਾਹਰ ਮੇਰੇ ਸ਼ਾਨਦਾਰ ਭਾਸ਼ਣਾਂ, ਸੁਤੰਤਰਤਾ, ਮਨੁੱਖ ਹੱਕ ਵਗੈਰਾ ਦੇ ਵੱਡੇ-ਵੱਡੇ ਵਿਚਾਰਾਂ ਦੇ ਲਈ ਚੇਤੇ ਕਰੇਗਾ, ਜਾਂ ਅਦਾਲਤ ਦੇ ਅੰਦਰ ਦਿੱਤੇ ਗਏ ਮਾਮੂਲੀ ਫ਼ੈਸਲਿਆਂ ਦੇ ਲਈ ਚੇਤੇ ਕਰੇਗਾ ਜੋ ਦਿੱਲੀ ਦੇ ਤਖ਼ਤ ਉੱਪਰ ਬੈਠਣ ਵਾਲਿਆਂ ਦੀ ਮਰਜ਼ੀ ਦੇਖ-ਦੇਖ ਕੇ ਦਿੱਤੇ ਗਏ ਹਨ; ਜਾਂ ਇਤਿਹਾਸ ਮੈਨੂੰ ਹਰ ਵਕਤ ਮਿਣ-ਤੋਲ ਕੇ, ਸਰਕਾਰ ਅਤੇ ਜਨਤਾ ਦਰਮਿਆਨ ਪੱਲੜੇ ਬਰਾਬਰ ਕਰਨ 'ਚ ਲੱਗੇ ਰਹਿਣ ਲਈ ਚੇਤੇ ਕਰੇਗਾ। ਕਦੇ-ਕਦੇ ਤਾਂ ਮੈਨੂੰ ਇਹ ਡਰ ਸਤਾਉਂਦਾ ਹੈ ਕਿ ਕਿਤੇ ਇਤਿਹਾਸ ਮੈਨੂੰ ਮਸਖ਼ਰਾ ਜਿਹਾ ਬਣਾ ਕੇ, ਨਿਆਂ ਦੀ ਮੂਰਤੀ ਦੀਆਂ ਅੱਖਾਂ ਦੀ ਪੱਟੀ ਖੁੱਲ੍ਹਵਾਉਣ ਅਤੇ ਉਸ ਦਾ ਪਹਿਰਾਵਾ ਬਦਲਣ ਦੇ ਲਈ ਤਾਂ ਚੇਤੇ ਨਹੀਂ ਕਰੇਗਾ? ਤੁਸੀਂ ਤਾਂ ਕ੍ਰਿਪਾ ਕਰ ਕੇ ਫ਼ੈਸਲਾ ਦੱਸ ਦਿਓ ਸਗੋਂ ਫ਼ੈਸਲਾ ਡਿਕਟੇਟ ਹੀ ਕਰਾ ਦਿਓ।

ਪ੍ਰਭੂ ਬੋਲੇ ਕਿ ਠੀਕ ਹੈ ਪਰ ਇਹ ਦੱਸ ਕਿ ਫ਼ੈਸਲੇ 'ਚ ਉਲਝਣ ਕੀ ਹੈ? ਚੰਦਰਚੂੜ ਸਮਝਾਉਣ ਲੱਗ ਪਏ ਕਿ ਉਲਝਣ ਇਕ ਹੋਵੇ ਤਾਂ ਦੱਸਾਂ। ਇੱਥੇ ਤਾਂ ਇਕ ਫ਼ੈਸਲਾ, ਹਜ਼ਾਰ ਉਲਝਣਾਂ ਦਾ ਮਾਮਲਾ ਹੈ। ਹਜ਼ਾਰ ਉਲਝਣਾਂ ਦੀ ਇਕ ਉਲਝਣ ਇਹ ਹੈ ਕਿ ਫ਼ੈਸਲਾ ਹਿੰਦੂਆਂ ਦੇ ਹੱਕ 'ਚ ਨਾ ਦਿੱਤਾ ਤਾਂ ਇਸ ਜਹਾਨ ਤੋਂ ਵਿਦਾ ਹੋਣ ਤੋਂ ਬਾਅਦ ਇਤਿਹਾਸ ਤਾਂ ਜਿਵੇਂ ਚੇਤੇ ਕਰੇਗਾ ਸੋ ਕਰੇਗਾ ਪਰ ਦਿੱਲੀ ਦਾ ਤਖ਼ਤ ਰੰਜਿਸ਼ ਦੀ ਨਜ਼ਰ ਨਾਲ ਚੇਤੇ ਰੱਖੇਗਾ। ਜੋ ਮੁਰਦਾਬਾਦ-ਮੁਰਦਾਬਾਦ ਹੁੰਦੀ ਰਹੇਗੀ, ਉਹ ਵੱਖਰੀ, ਪਰ ਰਿਟਾਇਰਮੈਂਟ ਤੋਂ ਬਾਅਦ ਕੁਝ ਵੀ ਨਹੀਂ ਮਿਲੇਗਾ, ਫੋਕੀ ਪੈਨਸ਼ਨ ਤੋਂ ਸਿਵਾਏ। ਨਾ ਰਾਜ ਸਭਾ, ਨਾ ਕੋਈ ਕਮਿਸ਼ਨ ਦਾ ਅਹੁਦਾ ਵਗੈਰਾ, ਕੁਝ ਵੀ ਨਹੀਂ ਮਿਲੇਗਾ। ਹੋਰ ਤਾਂ ਹੋਰ ਭਾਸ਼ਣ ਦੇਣ ਲਈ ਸੱਦੇ ਵੀ ਨਹੀਂ ਆਉਣਗੇ, ਅਯੁਧਿਆ-ਵਯੁੱਧਿਆ ਤੋਂ ਕੋਈ ਸੱਦਾ ਆਉਣ ਦਾ ਤਾਂ ਖ਼ੈਰ ਸਵਾਲ ਹੀ ਪੈਦਾ ਨਹੀਂ ਹੁੰਦਾ। ਪ੍ਰਭੂ ਨੇ ਛੇੜਿਆ- ਤਾਂ ਇਤਿਹਾਸ ਦੀ ਵੀ ਜ਼ਿਆਦਾ ਚਿੰਤਾ, ਰਿਟਾਇਰਮੈਂਟ ਤੋਂ ਫੌਰਨ ਬਾਅਦ ਦੇ ਇਤਿਹਾਸ ਦੀ ਹੈ! ਫਿਰ ਸਰਲਤਾ ਨਾਲ ਪੁੱਛਿਆ- ਫਿਰ ਮਸਲਾ ਕੀ ਏ, ਦੇ ਦਿਓ ਹਿੰਦੂਆਂ ਦੇ ਹੱਕ 'ਚ ਫ਼ੈਸਲਾ!






*ਚੀਫ ਜਸਟਿਸ ਡੀ.ਵਾਈ. ਚੰਦਰਚੂੜ ਅਤੇ (ਸੱਜੇ) ਰਾਮ ਮੰਦਰ।*

ਚੰਦਰਚੂੜ ਸਮਝਾਉਣ ਲੱਗੇ ਕਿ ਇਹ ਵੀ ਏਨਾ ਸੌਖਾ ਨਹੀਂ ਹੈ। ਉੱਥੇ ਚਾਰ ਸੌ ਸਾਲ ਤੋਂ ਜ਼ਿਆਦਾ ਸਮੇਂ ਤੋਂ ਮਸਜਿਦ ਮੌਜੂਦ ਸੀ। ਪਹਿਲਾਂ ਮਸਜਿਦ 'ਚ ਰਾਤ ਦੇ ਹਨੇਰੇ 'ਚ ਚੋਰੀ-ਚੋਰੀ ਮੂਰਤੀਆਂ ਰੱਖ ਦਿੱਤੀਆਂ ਗਈਆਂ। ਫਿਰ ਮੁਕੱਦਮਾ ਠੋਕ ਦਿੱਤਾ ਕਿ ਮੂਰਤੀਆਂ ਦੀ ਪੂਜਾ ਕਰਨ ਦਾ ਹੱਕ ਮਿਲਣਾ ਚਾਹੀਦਾ ਹੈ। ਮੁਸਲਮਾਨਾਂ ਦਾ ਮਸਜਿਦ ਵਿਚ ਆਉਣਾ ਜਾਣਾ ਬੰਦ ਕਰਵਾ ਦਿੱਤਾ ਗਿਆ। ਫਿਰ ਮਸਜਿਦ ਨੂੰ ਪਰਦੇ ਦੇ ਓਹਲੇ ਲੁਕੋ ਕੇ ਉੱਥੇ ਸਿਰਫ਼ ਮੰਦਰ ਬਣਾ ਦਿੱਤਾ। ਫਿਰ ਮੰਗ ਕਰਨ ਲੱਗੇ ਕਿ ਮਸਜਿਦ ਤੋਂ ਜਗ੍ਹਾ ਖਾਲੀ ਕਰਾਈ ਜਾਵੇ, ਇੱਥੇ ਵਿਸ਼ਾਲ ਮੰਦਰ ਬਣ ਕੇ ਰਹੇਗਾ। ਫਿਰ ਧੱਕੇ ਨਾਲ ਮਸਜਿਦ ਢਾਹ ਦਿੱਤੀ ਗਈ ਅਤੇ ਜ਼ਮੀਨ ਉੱਪਰ ਦਾਅਵਾ ਠੋਕ ਦਿੱਤਾ ਗਿਆ। ਪ੍ਰਭੂ ਓਨੀ ਹੀ ਸਰਲਤਾ ਨਾਲ ਬੋਲੇ- ਫਿਰ ਸਮੱਸਿਆ ਕੀ ਹੈ? ਦੇ ਦਿਓ ਮੁਸਲਮਾਨਾਂ ਨੂੰ ਜ਼ਮੀਨ। ਮਸਜਿਦ ਉਨ੍ਹਾਂ ਦੀ, ਜ਼ਮੀਨ ਵੀ ਉਨ੍ਹਾਂ ਦੀ।

ਚੰਦਰਚੂੜ ਨੇ ਮੱਥੇ 'ਤੇ ਹੱਥ ਮਾਰਿਆ- ਪ੍ਰਭੂ ਕੀ ਮਸਲਾ ਏਨਾ ਸੌਖਾ ਹੈ, ਜਿਸ ਦੀ ਜ਼ਮੀਨ ਹੈ ਉਸ ਨੂੰ ਦੇ ਦੇਣਾ? ਹਿੰਦੂਆਂ ਦਾ ਵੀ ਤਾਂ ਦਾਅਵਾ ਹੈ ਕਿ ਚਾਰ ਸੌ ਸਾਲ ਪਹਿਲਾਂ ਮਸਜਿਦ ਬਣਾਏ ਜਾਣ ਤੋਂ ਪਹਿਲਾਂ ਉੱਥੇ ਉਨ੍ਹਾਂ ਦਾ ਮੰਦਰ ਹੁੰਦਾ ਸੀ। ਉਨ੍ਹਾਂ ਦੇ ਦਾਅਵੇ ਨੂੰ ਕਿਵੇਂ ਅਣਦੇਖਿਆ ਕਰ ਸਕਦੇ ਹਾਂ? ਪ੍ਰਭੂ ਥੋੜ੍ਹਾ ਜੱਕੋ-ਤੱਕੀ 'ਚ ਪੈ ਗਏ ਨਜ਼ਰ ਆਏ। ਪੁੱਛਣ ਲੱਗੇ ਕਿ ਤੁਹਾਡੇ ਲੋਕਾਂ ਦੇ ਕਾਨੂੰਨ 'ਚ ਚਾਰ ਸੌ-ਸਾਢੇ ਚਾਰ ਸੌ ਸਾਲ ਪੁਰਾਣੇ ਦਾਅਵਿਆਂ ਨੂੰ ਸਹੀ ਮੰਨ ਕੇ, ਉਨ੍ਹਾਂ ਥਾਵਾਂ ਉੱਪਰ ਮੌਜੂਦ ਇਮਾਰਤਾਂ ਨੂੰ ਢਾਹਿਆ-ਮਿਟਾਇਆ ਜਾ ਸਕਦਾ ਹੈ? ਚੰਦਰਚੂੜ ਬੋਲੇ- ਕਾਨੂੰਨ ਦੇ ਹਿਸਾਬ ਨਾਲ ਤਾਂ ਨਹੀਂ ਕਰ ਸਕਦੇ ਮਹਾਰਾਜ? ਫਿਰ ਪ੍ਰਭੂ ਪੁੱਛਣ ਲੱਗੇ ਕਿ ਕੀ ਇਹ ਸਾਬਤ ਹੋ ਗਿਆ ਕਿ ਮਸਜਿਦ ਤੋਂ ਪਹਿਲਾਂ ਉਸ ਜਗ੍ਹਾ 'ਤੇ ਹਿੰਦੂਆਂ ਦਾ ਮੰਦਰ ਹੁੰਦਾ ਸੀ? ਚੰਦਰਚੂੜ ਬੋਲੇ, ਉਸ ਜਗ੍ਹਾ ਮੰਦਰ ਰਿਹਾ ਹੋਵੇਗਾ, ਇਹ ਤਾਂ ਸਾਬਤ ਨਹੀਂ ਹੋਇਆ ਪਰ ਮੰਦਰ ਨਹੀਂ ਰਿਹਾ ਹੋਵੇਗਾ, ਇਸ ਦਾ ਵੀ ਤਾਂ ਕੋਈ ਪੱਕਾ ਸਬੂਤ ਨਹੀਂ ਹੈ। ਪ੍ਰਭੂ ਹੱਸ ਕੇ ਬੋਲੇ- ਨਾ ਰਿਹਾ ਹੋਣ ਦਾ ਪੱਕਾ ਸਬੂਤ ਕਿਵੇਂ ਹੁੰਦਾ ਏ ਭਾਈ! ਖ਼ੈਰ, ਤੁਸੀਂ ਤਾਂ ਬਸ ਇਹ ਦੱਸੋ ਕਿ ਫ਼ੈਸਲਾ ਕੀ ਕਰਨਾ ਹੈ?

ਚੰਦਰਚੂੜ ਬੋਲੇ, ਬਣਾਉਣਾ ਤਾਂ ਮੰਦਰ ਹੀ ਪਵੇਗਾ। ਹੋਰ ਕੁਝ ਨਹੀਂ ਬਣਵਾ ਸਕਦੇ। ਪ੍ਰਭੂ ਬੋਲੇ, ਤਾਂ ਠੀਕ ਹੈ ਇਹੀ ਫ਼ੈਸਲਾ ਸੁਣਾ ਦਿਓ।

ਚੰਦਰਚੂੜ ਦੁਖੀ ਸੁਰ 'ਚ ਬੋਲੇ, ਪ੍ਰਭੂ ਤੁਸੀਂ ਅਜੇ ਵੀ ਮਾਮਲੇ ਦੀ ਨਜ਼ਾਕਤ ਨਹੀਂ ਸਮਝੇ। ਅਜਿਹਾ ਫ਼ੈਸਲਾ ਸੁਣਾ ਦਿਆਂਗੇ ਤਾਂ ਦੁਨੀਆ ਕੀ ਕਹੇਗੀ? ਇਤਿਹਾਸ ਵਿਚ ਇਸ ਫ਼ੈਸਲੇ ਨੂੰ ਕਿਵੇਂ ਚੇਤੇ ਕੀਤਾ ਜਾਵੇਗਾ। ਲੋਕ ਕਹਿਣਗੇ ਕਿ ਨਿਆਂ ਨਹੀਂ, ਅਨਿਆਂ ਹੋਇਆ ਹੈ। ਤੁਸੀਂ ਕੋਈ ਅਜਿਹਾ ਰਾਹ ਦੱਸੋ ਕਿ ਫ਼ੈਸਲਾ ਤਾਂ ਇਹੀ ਰਹੇ ਪਰ ਨਿਆਂ ਨਾ ਵੀ ਲੱਗੇ ਤਾਂ ਵੀ ਘੱਟੋ-ਘੱਟ ਨੰਗਾ-ਚਿੱਟਾ ਅਨਿਆਂ ਨਾ ਕਹਾਵੇ। ਪ੍ਰਭੂ ਬੋਲੇ, ਇਹ ਮੇਰੇ ਤੋਂ ਨਹੀਂ ਹੋਵੇਗਾ। ਅਨਿਆਂ ਤਾਂ ਅਨਿਆਂ ਹੀ ਰਹੇਗਾ, ਮੇਰੇ ਕੋਲੋਂ ਇਸ ਨੂੰ ਨਿਆਂ ਨਹੀਂ ਕਿਹਾ ਜਾਣਾ। ਚੰਦਰਚੂੜ ਬੋਲੇ, ਪ੍ਰਭੂ ਰਾਹ ਤਾਂ ਤੁਹਾਨੂੰ ਹੀ ਦਿਖਾਉਣਾ ਪਵੇਗਾ। ਪ੍ਰਭੂ ਬੋਲੇ, ਇਹ ਮੇਰੇ ਤੋਂ ਨਹੀਂ ਹੋਵੇਗਾ। ਚੰਦਰਚੂੜ ਬੋਲੇ- ਇਹ ਤਾਂ ਹੋ ਵੀ ਗਿਆ। ਧੰਨ ਹੋ ਪ੍ਰਭੂ, ਤੁਸੀਂ ਰਾਹ ਦਿਖਾ ਦਿੱਤਾ। ਪ੍ਰਭੂ ਨੇ ਹੈਰਾਨੀ ਨਾਲ ਪੁੱਛਿਆ- ਕੀ ਰਾਹ ਦਿਖਾ ਦਿੱਤਾ ਭਗਤਾ। ਚੰਦਰਚੂੜ ਨੇ ਜੋਸ਼ 'ਚ ਆ ਕੇ ਕਿਹਾ- ਤੁਸੀਂ ਹੀ ਤਾਂ ਰਾਹ ਦਿਖਾਇਆ ਕਿ ਚਾਰ ਸੌ ਸਾਲ ਪੁਰਾਣੇ ਮੰਦਰ ਦੇ ਦਾਅਵੇ ਦੇ ਹੱਕ 'ਚ ਫ਼ੈਸਲਾ ਨਹੀਂ ਹੋ ਸਕਦਾ; ਯਾਨੀ ਬਾਅਦ ਦਾ ਦਾਅਵਾ ਹੋਵੇ ਜਾਂ ਬਾਅਦ ਤੱਕ ਦਾ ਦਾਅਵਾ ਹੋਵੇ, ਤਾਂ ਅਜਿਹਾ ਦਾਅਵਾ ਕਰਨ ਵਾਲੇ ਦੇ ਹੱਕ 'ਚ ਫ਼ੈਸਲਾ ਹੋ ਸਕਦਾ ਹੈ। ਲੱਭ ਗਿਆ, ਯੂਰੇਕਾ, ਯੂਰੇਕਾ (ਲੱਭ ਗਿਆ, ਹੱਲ ਲੱਭ ਗਿਆ)। ਪ੍ਰਭੂ ਬੋਲੇ, ਸਮਝ 'ਚ ਨਹੀਂ ਆਇਆ, ਕੀ ਹੱਲ ਲੱਭ ਗਿਆ।

ਹੁਣ ਚੰਦਰਚੂੜ ਤਹੱਮਲ ਨਾਲ ਸਮਝਾਉਣ ਲੱਗੇ- ਹਿੰਦੂਆਂ ਦਾ ਵਿਸ਼ਵਾਸ ਹੈ ਕਿ ਪਹਿਲਾਂ ਉੱਥੇ ਮੰਦਰ ਸੀ ਅਤੇ ਇਹ ਵਿਸ਼ਵਾਸ ਹੁਣ ਵੀ ਹੈ ਯਾਨੀ ਹਿੰਦੂਆਂ ਦੇ ਲਈ ਉੱਥੇ ਹਮੇਸ਼ਾ ਮੰਦਰ ਸੀ। ਤੇ ਜਿੱਥੇ ਮੰਦਰ ਹਮੇਸ਼ਾ ਸੀ, ਉੱਥੇ ਮੰਦਰ ਹਮੇਸ਼ਾ ਰਹੇਗਾ। ਆਖ਼ਿਰ, ਭਾਰਤ ਦਾ ਸੰਵਿਧਾਨ ਸਾਰਿਆਂ ਦੇ ਲਈ ਧਾਰਮਿਕ ਸੁਤੰਤਰਤਾ ਦੀ ਜ਼ਾਮਨੀ ਦਿੰਦਾ ਹੈ!

ਹੁਣ ਪ੍ਰਭੂ ਨੇ ਸਾਫ਼ ਕਹਿ ਦਿੱਤਾ- ਨਾਟ ਇਨ ਮਾਈ ਨੇਮ! (ਇਹ ਮੇਰੇ ਨਾਂ 'ਤੇ ਨਹੀਂ ਕਰਨਾ); ਚੰਦਰਚੂੜ ਬੋਲੇ ਕਿ ਫਿਰ ਮੈਂ ਇਸ ਨੂੰ ਆਪਣਾ ਹੀ ਫ਼ੈਸਲਾ ਮੰਨ ਲੈਂਦਾ ਹਾਂ।

ਉਸ ਨੇ ਇਸ ਨੂੰ ਆਪਣਾ ਫ਼ੈਸਲਾ ਮੰਨ ਲਿਆ। ਪਤਾ ਨਹੀਂ ਕਿਉਂ ਲੋਕ ਫਿਰ ਵੀ ਇਸ ਵਿਚ 'ਭਗਵਾਨ ਦਾ ਹੱਥ' ਖੋਜ ਰਹੇ ਹਨ। ਅਗਲੇ ਨੇ ਸਿਰਫ਼ ਏਨਾ ਹੀ ਕਿਹਾ ਸੀ ਕਿ ਮੈਂ ਪ੍ਰਭੂ ਦੇ ਸਾਹਮਣੇ ਮੁਕੱਦਮਾ ਰੱਖਿਆ ਸੀ। ਮੈਂ ਇਹ ਕਦ ਕਿਹਾ ਕਿ ਫ਼ੈਸਲਾ ਪ੍ਰਭੂ ਨੇ ਡਿਕਟੇਟ ਕਰਾਇਆ ਸੀ। ਡਿਕਟਾਫ਼ੋਨ ਦੀ ਤਾਂ ਵਰਤੋਂ ਹੀ ਨਹੀਂ ਹੋਈ!

---

# ਜੰਮੂ ਕਸ਼ਮੀਰ ਚੋਣਾਂ ਦੇ ਡੂੰਘੇ ਅਰਥ

**ਜ਼ੋਇਆ ਹਸਨ**

ਜੰਮੂ ਕਸ਼ਮੀਰ ਵਿਚ ਕਰਵਾਈਆਂ ਵਿਧਾਨ ਸਭਾ ਚੋਣਾਂ ਵਿਚ 'ਇੰਡੀਆ' ਗੱਠਜੋੜ ਨੇ ਜਿੱਤ ਦਰਜ ਕੀਤੀ ਹੈ। ਕਸ਼ਮੀਰ ਵਾਦੀ ਦੀਆਂ 49 ਸੀਟਾਂ 'ਚੋਂ ਨੈਸ਼ਨਲ ਕਾਨਫਰੰਸ ਨੇ 42, ਕਾਂਗਰਸ ਨੇ 6 ਅਤੇ ਸੀ.ਪੀ.ਆਈ.-ਐੱਮ. ਨੇ ਇੱਕ ਸੀਟ ਉੱਪਰ ਜਿੱਤ ਦਰਜ ਕੀਤੀ ਹੈ। ਭਾਰਤੀ ਜਨਤਾ ਪਾਰਟੀ ਅਤੇ ਆਜ਼ਾਦ ਉਮੀਦਵਾਰਾਂ ਨੂੰ ਵਾਦੀ 'ਚੋਂ ਇੱਕ ਵੀ ਸੀਟ ਨਹੀਂ ਮਿਲੀ। ਪਿਛਲੀਆਂ ਵਿਧਾਨ ਸਭਾ ਚੋਣਾਂ 2014 ਵਿਚ ਹੋਈਆਂ ਸਨ ਜਦੋਂ ਜੰਮੂ ਕਸ਼ਮੀਰ ਨੂੰ ਰਾਜ ਦਾ ਦਰਜਾ ਹਾਸਿਲ ਸੀ ਅਤੇ ਉਦੋਂ ਨੈਸ਼ਨਲ ਕਾਨਫਰੰਸ ਨੇ ਸਿਰਫ਼ 15 ਸੀਟਾਂ ਜਿੱਤੀਆਂ ਸਨ।

ਭੰਗ ਕੀਤੇ ਜਾ ਚੁੱਕੇ ਇਸ ਰਾਜ ਨੂੰ ਦੋ ਹਿੱਸਿਆਂ ਵਿਚ ਵੰਡ ਦੇਣ, ਵਿਧਾਨ ਸਭਾ ਦੀਆਂ ਸੀਟਾਂ ਵਿਚ ਭੰਨ ਤੋੜ ਕਰ ਕੇ ਜੰਮੂ ਨੂੰ ਜ਼ਿਆਦਾ ਸਿਆਸੀ ਵਜ਼ਨ ਦੇਣ ਅਤੇ ਪਾਰਲੀਮੈਂਟ ਵਿਚ ਪਾਸ ਕੀਤੇ ਜੰਮੂ ਕਸ਼ਮੀਰ ਪੁਨਰਗਠਨ ਐਕਟ ਵਿਚ ਮਨੋਨੀਤ ਸੀਟਾਂ ਦੀ ਵਿਵਸਥਾ ਕੀਤੇ ਜਾਣ ਦੇ ਬਾਵਜੂਦ ਚੋਣਾਂ ਵਿਚ ਭਾਜਪਾ ਦੀ ਕਾਰਕਰਦਗੀ ਕਾਫ਼ੀ ਮਾੜੀ ਰਹੀ ਹੈ। ਅਸੈਂਬਲੀ ਸੀਟਾਂ ਦੀ ਹਾਲੀਆ ਹੱਦਬੰਦੀ ਮੁਤਾਬਿਕ ਜੰਮੂ ਖੇਤਰ ਲਈ ਛੇ ਵਿਧਾਨ ਸਭਾ ਸੀਟਾਂ ਦਾ ਵਾਧਾ ਕਰ ਦਿੱਤਾ ਗਿਆ ਸੀ; ਵਾਦੀ ਲਈ ਇੱਕ ਸੀਟ ਹੀ ਵਧਾਈ ਗਈ ਸੀ।

ਉਂਞ ਇਸ ਤਰ੍ਹਾਂ ਦਾ ਕੋਈ ਵੀ ਜੁਗਾੜ ਕੰਮ ਨਾ ਆ ਸਕਿਆ ਕਿਉਂਕਿ ਰਾਜ ਦਾ ਦਰਜਾ ਘਟਾਉਣ, ਨੌਕਰੀਆਂ ਨਾ ਮਿਲਣ, ਧਾਰਾ 35ਏ ਦੀ ਮਨਸੂਖੀ, ਬਾਹਰਲੇ ਲੋਕਾਂ ਨੂੰ ਜੰਮੂ ਕਸ਼ਮੀਰ ਵਿਚ ਜ਼ਮੀਨਾਂ ਖਰੀਦਣ ਅਤੇ ਵੱਡੇ ਪੱਧਰ 'ਤੇ ਨਿਵੇਸ਼ ਕਰਨ ਦੀ ਖੁੱਲ੍ਹ ਦੇਣ ਕਰ ਕੇ ਲੋਕਾਂ ਅੰਦਰ ਤਿੱਖੀ ਨਾਖੁਸ਼ੀ ਹੈ। ਇਸ ਸਭ ਕਾਸੇ ਨਾਲ ਸਿਆਸੀ ਨਿਜ਼ਾਮ ਪ੍ਰਤੀ ਧਾਰਨਾ ਮਜ਼ਬੂਤ ਹੋਈ ਜੋ ਆਰਥਿਕ ਮਹਿਰੂਮੀ ਕਰ ਕੇ ਤੇਜ਼ ਹੋਣ ਨਾਲ ਮੁਕਾਮੀ ਬਦਗੁਮਾਨੀ ਵਿਚ ਸ਼ਿੱਦਤ ਆ ਗਈ। ਇਸ ਖਿੱਤੇ ਅੰਦਰ ਅਤਿਵਾਦ ਅਤੇ ਉਥਲ-ਪੁਥਲ ਜਾਰੀ ਰਹਿਣ ਕਰ ਕੇ ਮੁਕਾਮੀ ਅਰਥਚਾਰੇ ਨੂੰ ਲਗਾਤਾਰ ਸੰਤਾਪ ਝੱਲਣਾ ਪੈ ਰਿਹਾ ਹੈ। ਚੋਣਾਂ ਨੇ 5 ਅਗਸਤ 2019 ਨੂੰ ਰਾਜ ਦਾ ਦਰਜਾ ਖੁੱਸਣ ਤੋਂ ਬਾਅਦ ਪਹਿਲੀ ਸਿਆਸੀ ਤਬਦੀਲੀ ਦੇ ਸੰਕੇਤ ਦਿੱਤੇ ਹਨ। ਕਿਸੇ ਕੇਂਦਰ ਸ਼ਾਸਿਤ ਇਕਾਈ ਨੂੰ ਭਾਵੇਂ ਸੀਮਤ ਅਧਿਕਾਰ ਹੁੰਦੇ, ਫਿਰ ਵੀ ਚੋਣਾਂ ਦਾ ਵਿਆਪਕ ਸਵਾਗਤ ਕੀਤਾ ਗਿਆ। ਚੁਣੀ ਹੋਈ ਸਰਕਾਰ ਨੂੰ ਕੇਂਦਰ ਦੇ ਨਿਯੁਕਤ ਕੀਤੇ ਉਪ ਰਾਜਪਾਲ ਰਾਹੀਂ ਸ਼ਾਸਨ ਨਾਲੋਂ ਬਿਹਤਰ ਹੀ ਗਿਣਿਆ ਜਾਂਦਾ ਹੈ।

ਕਸ਼ਮੀਰੀ ਵੋਟਰਾਂ ਨੇ ਚੋਣਾਂ ਵਿਚ ਸਰਗਰਮ ਭੂਮਿਕਾ ਨਿਭਾਈ ਕਿਉਂਕਿ ਚੋਣਾਂ ਦੇ ਬਾਈਕਾਟ ਨਾਲ ਭਾਜਪਾ ਨੂੰ ਸਿਆਸੀ ਲਾਹਾ ਮਿਲਣਾ ਸੀ। ਉਨ੍ਹਾਂ ਨੇ ਇਨ੍ਹਾਂ ਚੋਣਾਂ ਵਿਚ ਹਿੱਸਾ ਲੈਣ ਦਾ ਰਾਹ ਚੁਣਿਆ ਕਿਉਂਕਿ ਉਨ੍ਹਾਂ ਇਨ੍ਹਾਂ ਚੋਣਾਂ ਨੂੰ ਧਾਰਾ 370 ਦੀ ਮਨਸੂਖੀ ਖ਼ਿਲਾਫ਼ ਆਪਣੀ ਨਾਰਾਜ਼ਗੀ ਦਰਸਾਉਣ ਦੇ ਮੌਕੇ ਵਜੋਂ ਦੇਖਿਆ ਸੀ ਪਰ ਧਾਰਾ 370 ਦੀ ਬਹਾਲੀ ਫਿਲਹਾਲ ਕੋਈ ਵੱਡਾ ਮੁੱਦਾ ਨਹੀਂ ਰਹਿ ਗਿਆ। ਦੋਵੇਂ ਪਾਰਟੀਆਂ ਅਤੇ ਲੋਕਾਂ ਦਾ ਧਿਆਨ ਰਾਜ ਦਾ ਦਰਜਾ ਬਹਾਲ ਕਰਾਉਣ 'ਤੇ ਕੇਂਦਰਿਤ ਹੈ ਜੋ ਧਾਰਾ 370 ਬਹਾਲ ਕਰਾਉਣ ਨਾਲੋਂ ਜ਼ਿਆਦਾ ਸੌਖਾ ਜਾਪਦਾ ਹੈ। ਕੇਂਦਰ ਸਰਕਾਰ ਭਾਵੇਂ ਇਹ ਪ੍ਰਭਾਵ ਸਿਰਜਣ ਵਿਚ ਕਾਮਯਾਬ ਰਹੀ ਹੈ ਕਿ ਰਾਜ ਵਿਚ ਆਮ ਵਰਗੇ ਹਾਲਾਤ ਕਾਇਮ ਹੋ ਗਏ ਹਨ ਪਰ ਇਸ ਦੇ ਬਾਵਜੂਦ ਭਾਜਪਾ ਪ੍ਰਤੀ ਕਾਫ਼ੀ ਜ਼ਿਆਦਾ ਬੇਵਿਸਾਹੀ ਦਾ ਮਾਹੌਲ ਹੈ।

ਸ੍ਰੀਨਗਰ ਵਿਚ ਹੋਈ ਸਾਡੀ ਗੱਲਬਾਤ ਦਾ ਲਬੋਲਬਾਬ ਇਹ ਸੀ ਕਿ ਇਸ ਚੋਣ ਦਾ ਸਭ ਤੋਂ ਤਕੜਾ ਪੱਖ ਇਹ ਰਿਹਾ ਕਿ 'ਭਾਜਪਾ ਦੇ ਕਸ਼ਮੀਰ ਪ੍ਰਾਜੈਕਟ' ਨੂੰ ਲੋਕਾਂ ਨੇ ਰੱਦ ਕਰ ਦਿੱਤਾ ਹੈ। ਜ਼ਰੂਰੀ ਨਹੀਂ, ਲੋਕਾਂ ਨੇ ਦਿਲੋਂ ਨੈਸ਼ਨਲ ਕਾਨਫਰੰਸ ਨੂੰ ਵੋਟਾਂ ਪਾਈਆਂ ਹੋਣ ਪਰ ਭਾਜਪਾ ਦੇ ਖ਼ਿਲਾਫ਼ ਡਟ ਕੇ ਵੋਟਾਂ ਪਾਈਆਂ। ਵੋਟਰਾਂ ਨੇ ਨੈਸ਼ਨਲ ਕਾਨਫਰੰਸ ਦੀ ਇਸ ਕਰ ਕੇ ਹਮਾਇਤ ਕੀਤੀ ਕਿਉਂਕਿ ਭਾਜਪਾ ਨੂੰ ਸੂਬੇ ਦੀ ਸੱਤਾ ਵਿਚ ਆਉਣ ਤੋਂ ਰੋਕਣ ਦਾ ਇਹੋ ਇੱਕੋ-ਇੱਕ ਕਾਰਗਰ ਰਾਹ ਸੀ।

ਇਹ ਚੋਣ ਰਾਜ ਦਾ ਦਰਜਾ ਬਹਾਲ ਕਰਾਉਣ ਦੇ ਖ਼ਿੱਤੇ ਦੇ ਸੰਘਰਸ਼ ਵਿਚਾਲੇ ਸਿਰੇ ਚੜ੍ਹੀ ਹੈ ਪਰ ਜ਼ਿਕਰਯੋਗ ਢੰਗ ਨਾਲ ਇਸ ਮੰਗ ਦਾ ਆਧਾਰ ਧਰਮ ਨਹੀਂ ਬਣਿਆ। ਇਸ ਪਿੱਛੇ ਜੰਮੂ ਕਸ਼ਮੀਰ ਦਾ ਸਾਂਝਾ ਇਤਿਹਾਸ ਸੀ ਪਰ ਕੋਈ ਸ਼ੱਕ ਨਹੀਂ ਕਿ ਇਸ ਮੁੱਦੇ ਨੇ ਕਸ਼ਮੀਰੀਆਂ ਦੇ ਦਿਲਾਂ ਤੇ ਦਿਮਾਗਾਂ ਵਿਚ ਥਾਂ ਬਣਾ ਲਈ ਹੈ। ਧਾਰਾ 370 ਤੇ 35ਏ ਦੇ ਅੰਤ ਅਤੇ ਰਾਜ ਦਾ ਦਰਜਾ ਘਟਾਏ ਜਾਣ ਨੂੰ ਉਨ੍ਹਾਂ ਦੀ ਪਛਾਣ, ਇੱਜ਼ਤ ਤੇ ਆਤਮ-ਸਨਮਾਨ ਦੇ ਖੰਡਨ ਵਜੋਂ ਦੇਖਿਆ ਗਿਆ ਸੀ। ਇਸ ਨੂੰ ਉਨ੍ਹਾਂ ਦੇ ਸਿਆਸੀ ਦਮਨ ਦੀ ਮਿਸਾਲ ਵਜੋਂ ਵੀ ਲਿਆ ਗਿਆ।

ਕਸ਼ਮੀਰੀਆਂ ਨੇ ਆਪਣੇ ਰਾਜ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ 'ਚ ਬਦਲਣ ਦੇ ਫ਼ੈਸਲੇ ਨੂੰ ਇੱਕਸੁਰ ਹੋ ਕੇ ਨਕਾਰਿਆ ਹੈ। ਉਮੀਦ ਮੁਤਾਬਿਕ ਜੰਮੂ ਕਸ਼ਮੀਰ ਕੈਬਨਿਟ ਨੇ ਆਪਣੀ ਪਹਿਲੀ ਹੀ ਮੀਟਿੰਗ ਵਿਚ ਰਾਜ ਦੇ ਦਰਜੇ ਲਈ ਮਤਾ ਪਾਸ ਕਰ ਦਿੱਤਾ। ਮਤੇ ਨੂੰ ਉਪ ਰਾਜਪਾਲ ਨੇ ਫੌਰੀ ਪ੍ਰਵਾਨ ਕਰ ਲਿਆ ਜਿਸ ਤੋਂ ਖੇਤਰ ਦੇ ਗੁੰਝਲਦਾਰ ਰਾਜਨੀਤਕ ਭੂ-ਦ੍ਰਿਸ਼ ਵਿਚ ਅਹਿਮ ਤਬਦੀਲੀਆਂ ਦਾ ਸੰਕੇਤ ਮਿਲਿਆ ਹੈ। ਬੇਸ਼ੱਕ ਜਮਹੂਰੀ ਹੱਕ ਇਨ੍ਹਾਂ ਤਬਦੀਲੀਆਂ ਦਾ ਆਧਾਰ ਬਣਨਗੇ।

ਪਤਝੜ ਦੀਆਂ ਇਨ੍ਹਾਂ ਚੋਣਾਂ (ਜਦ ਚਿਨਾਰ ਦਾ ਰੰਗ ਬਦਲਣਾ ਸ਼ੁਰੂ ਹੋ ਜਾਂਦਾ ਹੈ) ਨੇ ਕਸ਼ਮੀਰ ਵਿਚ ਸਿਆਸੀ ਜਮੂਦ ਤੋੜ ਦਿੱਤਾ ਹੈ ਅਤੇ ਇਹ ਤਬਦੀਲੀ ਤੇ ਉਮੀਦ ਦਾ ਪ੍ਰਤੀਕ ਬਣ ਗਈਆਂ ਹਨ। ਰਾਜ ਦਾ ਦਰਜਾ ਕੇਵਲ ਸੰਸਦ ਹੀ ਬਹਾਲ ਕਰ ਸਕਦੀ ਹੈ। ਇਸ ਨੂੰ 2019 ਦੇ ਜੰਮੂ ਕਸ਼ਮੀਰ ਪੁਨਰਗਠਨ ਕਾਨੂੰਨ ਵਿਚ ਸੋਧ ਕਰਨੀ ਪਵੇਗੀ ਜਾਂ ਇਸ ਨੂੰ ਵਾਪਸ ਲੈਣਾ ਪਏਗਾ। ਇਸੇ ਤਹਿਤ ਰਾਜ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਸੀ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਦਿੱਤੇ ਗਏ ਸਨ। ਇਹ ਜਲਦੀ ਤੋਂ ਜਲਦੀ ਕਰਨਾ ਜ਼ਰੂਰੀ ਹੈ ਤਾਂ ਕਿ ਲੋਕਤੰਤਰ, ਮਨੁੱਖਤਾ ਤੇ ਸਮਾਨ ਅਧਿਕਾਰਾਂ 'ਚ ਲੋਕਾਂ ਦਾ ਭਰੋਸਾ ਉਸਰ ਸਕੇ।

## ਨਿਰਵਿਘਨ ਪ੍ਰਕਾਸ਼ਨ ਦੇ 25ਵੇਂ ਸਾਲ 'ਚ (ਪਹਿਲੀ ਜਨਵਰੀ 2000-2024)

## ਅਦਾਰਾ ਪੰਜਾਬ ਟਾਈਮਜ਼ ਅਤੇ ਇਸ ਦੀ ਸਾਰੀ ਟੀਮ ਵਲੋਂ ਪਾਠਕਾਂ ਅਤੇ ਸੁਭਚਿੰਤਕਾਂ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਹਾੜੇ ਦੀਆਂ

# ਲੱਖ ਲੱਖ ਮੁਬਾਰਕਾਂ!

## ਅੱਜ ਦੇ ਦਿਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲੇ 'ਚੋਂ 52 ਰਾਜਿਆਂ ਨੂੰ ਜਹਾਂਗੀਰ ਦੀ ਕੈਦ 'ਚੋਂ ਰਿਹਾਅ ਕਰਵਾ ਕੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਪਹੁੰਚੇ ਸਨ।

## ਰੋਸ਼ਨੀ ਦਾ ਤਿਓਹਾਰ ਦੀਵਾਲੀ ਤੁਹਾਡੇ ਲਈ ਢੇਰ ਸਾਰੀਆਂ ਖੁਸ਼ੀਆਂ ਲੈ ਕੇ ਆਵੇ ਅਤੇ ਤੁਹਾਡੀ ਜ਼ਿੰਦਗੀ ਵਿਚ ਖੁਸ਼ੀਆਂ ਦਾ ਦੀਵਾ ਬਲਦਾ ਰਹੇ।

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਹਰਦਿਆਲ ਸਿੰਘ ਦਿਓਲ | ਡਾ. ਗੁਰਦਿਆਲ ਸਿੰਘ ਬਸਰਾਨ | ਜੈਦੇਵ ਸਿੰਘ ਭੱਠਲ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਮਨਦੀਪ ਸਿੰਘ ਭੂਰਾ | ਰਾਜਿੰਦਰ ਸਿੰਘ ਬੈਂਸ



ਰਘਬੀਰ ਸਿੰਘ ਘੁੰਨ | ਪਰਮਿੰਦਰ ਸਿੰਘ ਵਾਲੀਆ | ਅਮਰੀਕ ਸਿੰਘ | ਜਸਕਰਨ ਸਿੰਘ ਧਾਲੀਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਭੁਪਿੰਦਰ ਸਿੰਘ ਧਾਲੀਵਾਲ | ਗੁਰਦੇਵ ਸਿੰਘ ਜੌੜਾ | ਅੰਮ੍ਰਿਤਪਾਲ ਸਿੰਘ ਸੰਘਾ



ਜਸਵੀਰ ਕੌਰ ਢਿਲੋਂ | ਡਾ. ਇਨਕਲਾਬੀ ਥਾਂਦੀ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਹਰਵਿੰਦਰ ਪਾਲ ਸਿੰਘ ਲੈਲ | ਜਗਜੀਤ ਸਿੰਘ ਢੀਂਡਸਾ | ਸਰਵਣ ਸਿੰਘ ਟਿਵਾਣਾ | ਸੁਖਮੇਲ ਸਿੰਘ ਅਟਵਾਲ | ਸ. ਹੈਪੀ ਸਿੰਘ ਹੀਰ | ਅਮੋਲਕ ਸਿੰਘ ਗਾਖਲ | ਜੱਸੀ ਗਿੱਲ

**ਪੰਜਾਬ ਟਾਈਮਜ਼**

ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

Ph: 847-359-0746

Published simultaneously from Chicago, California & New York.

*e-mail: punjabtimes1@gmail.com, website: www.punjabtimesusa.com*

# ੴ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ॥

# { ਧਨ ਬਾਬਾ ਬੁੱਢਾ ਜੀ }

ਸਿੱਖੀ ਦੇ ਥੰਮ ਦਰਵੇਸ਼ , ਅਗੰਮੀ ਜੋਤ, ਗ੍ਰੰਥੀ ਸਿੰਘਾਂ ਦੇ ਪਿਤਾਮਾ ਸਾਦਾ ਜੀਵਨ ਜਿਉਣ ਤੇ ਗੁਰਮੁੱਖ ਰੂਹ ਵਾਲੇ, ਸੇਵਾ ਤੇ ਤਿਆਗ ਦੀ ਮੂਰਤ, ਕਰਨੀ ਵਾਲੇ ਮਹਾਂਪੁਰਖ, ਤੀਖਣ ਬੁਧੀ, ਪਰਉਪਕਾਰੀ, ਮਹਾਂ ਤੱਪਸਵੀ, ਸਿਦਕ ਤੇ ਭਰੋਸੇ ਵਾਲੇ, ਉੱਤਮ ਗੁਣਾਂ ਦੇ ਧਾਰਨੀ, ਅਪਾਰ ਗੁਰੂ ਬਖਸ਼ਿਸ਼ਾਂ ਦੇ ਪਾਤਰ ਤੇ ਗੁਰੂ ਨਾਨਕ ਦੇ ਪਿਆਰੇ ਬਾਬਾ ਬੁੱਢਾ ਜੀ। ਉਮਰ 125 ਸਾਲ ਤੇ 113 ਸਾਲ ਨਿਸ਼ਕਾਮ ਸੇਵਾ ਅਤੇ ਸਿੱਖੀ ਕਮਾਉਣ ਵਾਲੇ ਬ੍ਰਹਮਗਿਆਨੀ ਬਾਬਾ ਬੁੱਢਾ ਜੀ। (1506-1631)

ਬਚਪਨ: ਪਿਤਾ ਭਾਈ ਸੁਗਾ ਰੰਧਾਵਾ, ਮਾਤਾ ਗੌਰਾਂ ਰੰਧਾਵਾ, ਜਨਮ ਕੱਥੂਨੰਗਲ, ਜ਼ਿਲ੍ਹਾ ਅੰਮ੍ਰਿਤਸਰ, ਸੁਪਤਨੀ ਮਿਰੋਆ, ਪੁਤਰ: ਭਾਈ ਸਧਾਰੀ, ਭਿਖਾਰੀ, ਮਹਿਮੂ ਅਤੇ ਭਾਈ ਭਾਨਾ ਜੀ। ਤਕਰੀਬਨ ਇਕ ਸਦੀ ਤੋਂ ਵੱਧ ਕਿਰਤ ਕਰੋ, ਨਾਮ ਜਪੋ, ਵੰਡ ਛੱਕੋ, ਨਿਸ਼ਕਾਮ ਸੇਵਾ ਤੇ ਸਿਮਰਨ ਕੀਤਾ ਤੇ ਕਰਵਾਇਆ।

* ਸੰਨ 1518 ਵਿਚ ਬਾਬਾ ਬੁੱਢਾ ਜੀ ਦਾ ਮਿਲਾਪ ਦਰਿਆ ਰਾਵੀ ਕਿਨਾਰੇ, ਰਾਮਦਾਸ ਪਿੰਡ ਦੀ ਚਾਰਗਾਹ ਤੇ ਮੱਝਾਂ ਚਾਰਦੇ ਹੋਏ 12 ਸਾਲ ਦੀ ਉਮਰ ਵਿੱਚ ਨਿਰੰਕਾਰੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਹੋਇਆ। ਤਕਰੀਬਨ ਇਕ ਸਦੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਨਿਸ਼ਕਾਮ ਸੇਵਾ ਬਾਬਾ ਬੁੱਢਾ ਜੀ ਨੇ ਨਿਭਾਈ।

ਬਾਬਾ ਬੁੱਢਾ ਜੀ ਦੀਆਂ ਜੀਵਨ ਉਪਲੱਬਦੀਆ:

* ਬਾਬਾ ਬੁੱਢਾ ਜੀ ਨੂੰ ਅੱਠ ਗੁਰੂ ਸਾਹਿਬਾਨ ਜੀ ਦੇ ਦਰਸ਼ਨ ਹੋਏ (ਪਹਿਲੀਆਂ ਛੇ ਪਾਤਸ਼ਾਹੀਆਂ ਅਤੇ ਗੁਰੂ ਹਰ ਰਾਏ ਜੀ ਅਤੇ ਗੁਰੂ ਤੇਗ ਬਹਾਦੁਰ ਜੀ)।
* ਗੁਰਿਆਈ ਦੇਣ ਦੀ ਮਰਯਾਦਾ ਅਨੁਸਾਰ ਤਿਲਕ ਲਾਉਣ ਦੀ ਰਸਮ ਗੁਰੂ ਅੰਗਦ ਦੇਵ ਜੀ, ਗੁਰੂ ਅਮਰ ਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਹਰਗੋਬਿੰਦ ਜੀ ਤੱਕ ਬਾਬਾ ਬੁੱਢਾ ਜੀ ਹੁਣਾ ਨਿਭਾਈ।
* ਅੰਮ੍ਰਿਤਸਰ ਵਿਖੇ ਪੰਜ ਸਰੋਵਰ ਸੰਤੋਖ ਸਰ, ਅੰਮ੍ਰਿਤ ਸਰ, ਰਾਮ ਸਰ, ਬਾਬੇਕ ਸਰ, ਕੌਲ ਸਰ, ਦੀ ਅਰਦਾਸ ਉਪਰੰਤ ਟੱਕ ਲਾ ਖੁਦ ਖੁਦਾਈ ਕੀਤੀ ਤੇ ਕਰਵਾਈ।
* ਛੇਵੇਂ ਅਤੇ ਨੌਵੇਂ ਗੁਰੂ ਜੀ ਦੇ ਵਿੱਦਿਆ ਗੁਰੂ ਦੀ ਜਿਮੇਵਾਰੀ ਨਿਭਾਈ।
* ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਬਾਰਾਂ ਸਾਲ ਦੀ ਉਮਰ ਵਿਚ ਪਹਿਲੀ ਧਰਮਸ਼ਾਲਾ ਕਰਤਾਰਪੁਰ ਵਿਖੇ 1518 ਤੋਂ 1539 ਤੱਕ 21 ਸਾਲ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦੀ ਸਿੱਖਿਆ ਲੈ ਨਿਰੰਕਾਰੀ ਜੋਤ ਨਾਲ ਜੁੜ ਗਏ।
* ਕਰਤਾਰਪੁਰ ਵਿਖੇ ਪਾਵਨ ਗੁਰਬਾਣੀ ਦੀ ਵਿਦਿਆ ਲੈ, ਖੇਤਾਂ ਤੇ ਪਸ਼ੂਆਂ ਦੀ ਸੇਵਾ ਸੰਭਾਲ, ਖੂਹ ਵਾਹੁਣਾ ਪਾਣੀ ਲਾਉਣਾ, ਲੰਗਰ ਤਿਆਰ ਅਤੇ ਵਰਤਾਉਣ ਦੀ ਸੇਵਾ ਪਹਿਲੀ ਧਰਮਸ਼ਾਲਾ ਵਿਚ ਬਾਣੀ ਪੜ੍ਹਨ ਤੇ ਪੜ੍ਹਾਉਣ ਦੀ ਸੇਵਾ ਅਤੇ ਸਿਮਰਨ ਦੀਆਂ ਪ੍ਰਾਪਤੀਆਂ।
* "ਤੈਥੋਂ ਉਹਲੇ ਨਾ ਹੋਸਾਂ" ॥ ਪਹਿਲੀ ਪਾਤਸ਼ਾਹੀ ਦੀ ਅਸੀਸ ਪ੍ਰਾਪਤ ਕੀਤੀ
* ਦੂਜੇ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਵਿਚ 1539 ਤੋਂ 1552 ਤੱਕ 13 ਸਾਲ ਸੇਵਾ ਸਿਮਰਨ ਅਤੇ ਹੁਕਮ ਮੰਨਣ ਦੀ ਕਮਾਈ ਕੀਤੀ। ਗੁਰੂ ਕੇ ਲੰਗਰਾਂ ਦੀ ਸੇਵਾ ਉਪਰੰਤ ਨਿਆਣਿਆ -ਸਿਆਣਿਆ ਨੂੰ ਗੁਰਮੁਖੀ ਪੜ੍ਹਾਉਣ-ਲਖਵਾਉਣ ਦੀ ਸੇਵਾ ਕੀਤੀ।
* ਬਾਈ ਮੰਜੀਆਂ ਅਰਥਾਤ ਬਾਈ ਪ੍ਰਚਾਰਕਾਂ ਦੀ ਸਥਾਪਨਾ ਕਰਨ ਅਤੇ ਅਗਵਾਈ ਦੀ ਸੇਵਾ ਬਾਬਾ ਬੁੱਢਾ ਜੀ ਨਿਭਾਈ।
* ਗੁਰੂ ਅਮਰ ਦਾਸ ਜੀ ਹੋਰਾਂ ਨੂੰ ਲੱਭਣ ਅਤੇ ਵਾਪਿਸ ਗੋਇੰਦਵਾਲ ਸਾਹਿਬ ਲਿਉਣ ਦੀ ਸੇਵਾ ਨਿਭਾਈ।
* ਅੰਮ੍ਰਿਤਸਰ ਸਰੋਵਰ ਤੇ ਸ਼ਹਿਰ ਦੇ ਬਾਨੀ ਗੁਰੂ ਰਾਮਦਾਸ ਜੀ ਦੇ ਚਰਨਾਂ ਵਿਚ 1574 ਤੋਂ 1581 ਤੱਕ 7 ਸਾਲ ਸੇਵਾ- ਸਿਮਰਨ ਦੀ ਸੇਵਾ ਨਿਭਾਈ।
* " ਆਪ ਜੈਸਾ ਪਰਮ ਸੰਤ ਸੰਸਾਰ ਵਿਚ ਮਿਲਣਾ ਕੱਠਣ ਹੈ " ॥ (ਚੌਥੀ ਪਾਤਸ਼ਾਹੀ )
* ਸ਼ਹੀਦਾਂ ਦੇ ਸਰਤਾਜ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿਚ 1581 ਤੋਂ 1606 ਤੱਕ 25 ਸਾਲ ਤੱਕ ਸੇਵਾ ਸਿਮਰਨ ਅਤੇ ਗੁਰੂ ਜੀ ਦੇ ਹੁਕਮਾਂ ਦੀ ਪਾਲਨਾ ਕੀਤੀ।
* ਅੰਮ੍ਰਿਤ ਸਰ ਸਰੋਵਰ ਅਤੇ ਹਰਿਮੰਦਿਰ ਸਾਹਿਬ ਦੀ ਕਾਰ-ਸੇਵਾ ਦੇ ਆਪ ਜੀ ਨੂੰ ਮੁੱਖ ਪ੍ਰਬੰਧਕ ਦਾ ਮਾਣ ਮਿਲਿਆ।
* ਬਾਬਾ ਬੁੱਢਾ ਜੀ ਪਾਸੋਂ ਅਰਦਾਸ ਕਰਵਾ ਆਪ ਗੁਰੂ ਅਰਜਨ ਦੇਵ ਜੀ ਨੇ ਤਰਨਤਾਰਨ ਸਰੋਵਰ ਦਾ ਟੱਪ ਲਾਇਆ ਅਤੇ ਬਾਬਾ ਜੀ ਨੇ ਆਪ ਖੁਦ ਸੇਵਾ ਕੀਤੀ ਤੇ ਕਰਵਾਈ।









* ਬੀੜ ਬਾਬਾ ਬੁੱਢਾ ਸਾਹਿਬ ( ਝੁਬਾਲ ) ਵਿਖੇ ਮਾਤਾ ਗੰਗਾਂ ਪਾਸੇ ਪ੍ਰਸ਼ਾਦਾ ਛੱਕ ਕੇ ਮਹਾਬਲੀ ਪੁੱਤਰ ਦਾ ਵਰਦਾਨ ਦਿੱਤਾ।
* ਗੁਰੂ ਅਰਜਨ ਦੇਵ ਜੀ ਸਚੁ ਖੰਡ ਸ੍ਰੀ ਹਰਿਮੰਦਿਰ ਸਾਹਿਬ ਨੀਂਹ ਰੱਖਣ ਤੋਂ ਪਹਿਲਾਂ ਬਾਬਾ ਬੁੱਢਾ ਜੀ ਪਾਸੋਂ ਸਚੁ ਦੀ ਅਰਦਾਸ ਕਰਵਾਈ।
* ਸਚੁ ਖੰਡ ਸ੍ਰੀ ਹਰਿਮੰਦਿਰ ਦਰਬਾਰ ਸਾਹਿਬ ਦੇ ਪਹਿਲੇ ਮੁੱਖ ਗ੍ਰੰਥੀ ਦੀ ਸੇਵਾ ਅਤੇ ਪ੍ਰਕਾਸ਼ ਕਰਨ ਦਾ ਮਾਣ ਗੁਰੂ ਅਰਜਨ ਜੀ ਪਾਸੋਂ ਪਰਾਪਿਤ ਹੋਇਆ।
* ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੇ ਪਰਿਵਾਰ ਨੂੰ ਭਾਣਾ ਮੰਨਣ ਦੀ ਹੌਸਲਾ ਅਫ਼ਜਾਈ ਕੀਤੀ।
* ਸ੍ਰੀ ਗੁਰੂ ਰਾਮਦਾਸ ਵਲੋਂ ਗੁਰਿਆਈ ਗੁਰੂ ਅਰਜਨ ਦੇਵ ਸਮੇਂ ਬਾਬਾ ਪਿਰਥੀ ਚੰਦ ਨਾਲ ਹੋਏ ਝਗੜੇ ਨੂੰ ਨਿਪਟਾਉਣ ਵਿਚ ਵਾਹਿਗੁਰੂ ਦੀ ਬਖਸ਼ਸ਼ ਸਦਕਾ ਬਾਬਾ ਬੁੱਢਾ ਜੀ ਸਫਲਤਾ ਪਰਾਪਿਤ ਹੋਈ।
* ਗੁਰੂ ਅਰਜਨ ਦੇਵ ਜੀ ਨੂੰ ਜਾਲਮ ਮੁਗਲ ਬਾਦਸ਼ਾਹ ਜਹਾਂਗੀਰ ਨੇ ਲਹੌਰ ਬੁਲਾ ਕੇ ਸ਼ਹੀਦ ਕਰ ਦਿੱਤਾ ਗੁਰੂ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਗੁਰਗੱਦੀ ਤਿਲਕ ਦੇਣ ਦੀਆਂ ਰਸਮਾਂ ਬਾਬਾ ਬੁੱਢਾ ਜੀ ਨੇ ਨਿਭਾਈਆਂ।
* ਛੇਵੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਚਰਨਾਂ ਵਿੱਚ ਸੰਨ 1406 ਤੋਂ 1631 ਤਕ 25 ਸਾਲ ਸੇਵਾ ਕਰ ਗੁਰੂ ਹਰਗੋਬਿੰਦ ਜੀ ਨੂੰ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਾ ਜੰਗਾਂ ਯੁਦਾਂ ਦੇ ਹੁਨਰਾ ਦੀ ਸਿਖਲਾਈ ਦਿੱਤੀ।
* ਬਾਬਾ ਬੁੱਢਾ ਜੀ ਗੁਰੂ ਹਰਗੋਬਿੰਦ ਜੀ ਨੂੰ ਅੱਖਰੀ ਤੇ ਸ਼ਾਸਤਰ ਵਿਦਿਆ, ਘੋੜ ਸਵਾਰੀ, ਤੀਰ ਅੰਦਾਜ਼ੀ, ਨੇਜ਼ਾ ਬਾਜੀ, ਗੱਤਕਾ ਅਤੇ ਦੁਸ਼ਮਣ ਦੇ ਵਾਰ ਨੂੰ ਨਿਕਾਰਾ ਕਰਨ ਦੀ ਸਿਖਲਾਈ ਦਿੱਤੀ।
* ਅਕਾਲ ਤਖ਼ਤ ਦੀ ਉਸਾਰੀ ਸਮੇਂ ਬਾਬਾ ਬੁੱਢਾ ਜੀ ਵਲੋਂ ਅਰਦਾਸ ਉਪਰੰਤ ਪਹਿਲੀ ਇੱਟ ਰੱਖਣ ਦਾ ਮਾਣ ਪ੍ਰਾਪਤ ਹੋਇਆ।
* "ਇਨ੍ਹਾਂ ਵਰਗੇ ਇਹੋ ਹੀ ਹਨ "॥ (ਛੇਵੀਂ ਪਾਤਸ਼ਾਹੀ)
* ਗੁਰੂ ਹਰਗੋਬਿੰਦ ਜੀ ਦੇ ਗਵਾਲੀਅਰ ਦੇ ਕਿਲੇ ਵਿਚ ਬੰਦੀ ਸਮੇਂ ਰੋਜ਼ਾਨਾ ਅੰਮ੍ਰਿਤਸਰ ਵਿਖੇ ਗੁਰਮਿਤ ਕਾਰ ਵਿਹਾਰ ਦੀਆਂ ਜ਼ੁਮੇਵਾਰੀਆਂ ਬਾਬਾ ਬੁੱਢਾ ਜੀ ਨੂੰ ਪਰਾਪਿਤ ਹੋਈਆਂ।
* ਬਾਬਾ ਜੀ 103 ਸਾਲਾ ਦੀ ਬਿਰਧ ਅਵਸਥਾ ਵਿਚ ਅੰਮ੍ਰਿਤਸਰ ਤੋਂ ਗਵਾਲੀਅਰ ਤੱਕ ਕਰੀਬ 500 ਮੀਲ ਦਾ ਸਫ਼ਰ ਦਿਨ ਰਾਤ ਮਿਸ਼ਾਲਾਂ ਲੈ ਤਹਿ ਕਰ ਸੰਗਤਾਂ ਨੂੰ ਜਾਗਰੂਕਤਾ ਕਰਵਾ, ਸ਼ਬਦ ਚੌਕੀ ਨਾਲ ਮਿਲਾ ਕਿਲੇ ਦੇ ਦੁਆਲੇ ਗੁਰੂ ਜੀ ਦੀ ਰਿਹਾਈ ਵਾਸਤੇ ਅਰਦਾਸਾਂ ਕੀਤੀਆਂ।
* ਬਾਬਾ ਬੁੱਢਾ ਜੀ ਨੇ ਬੰਦੀ ਛੋੜ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾ ਹੋ ਕੇ ਅੰਮ੍ਰਿਤਸਰ ਪਹੁੰਚਣ ਤੇ ਖੁਸ਼ੀ ਵਿੱਚ ਦੀਪ ਮਾਲਾ ਕਰਵਾਈ।
* ਗੁਰੂ ਜੀ ਵਲੋਂ ਸ਼ਬਦ ਚੌਕੀ ਦੀ ਬਖਸ਼ਿਸ਼ ਹਾਸਲ ਕੀਤੀ।
* ਗੁਰੂ ਹਰਗੋਬਿੰਦ ਜੀ ਨੇ ਸਨਮੁਖ ਬੈਠੇ ਬਾਬਾ ਬੁੱਢਾ ਜੀ ਪਾਸੋਂ ਪਹਿਲੇ ਸਤਿਗੁਰਾ ਦੀ ਮਹਿਮਾਂ ਸੁਣੀ। ਸਵੇਰੇ ਆਪ ਹੀ ਇਸ਼ਨਾਨ ਕੀਤਾ, ਵਸਤਰ ਬਦਲੇ ਅਤੇ ਜਪੁਜੀ ਸਾਹਿਬ ਦਾ ਪਾਠ ਕੀਤਾ।
* ਛੇਵੇਂ ਪਾਤਸ਼ਾਹ ਜੀ ਬਾਬਾ ਬੁੱਢਾ ਜੀ ਦਾ ਅੰਤਿਮ ਸਮਾਂ ਆਪ ਸਭਾਲਿਆ ਅਤੇ ਅਰਥੀ ਨੂੰ ਮੋਢਾ ਦੇਣ ਉਪਰੰਤ ਅੰਤਮ ਸੰਸਕਾਰ ਦੀਆਂ ਸਭ ਰਸਮਾਂ ਗੁਰੂ ਜੀ ਖੁਦ ਨਿਭਾਈਆਂ ਅਤੇ ਸਹਿਜ ਪਾਠ ਦੀ ਸੇਵਾ ਭਾਈ ਗੁਰਦਾਸ ਜੀ ਨਿਭਾਈ। ਗੁਰੂ ਜੀ ਨੇ ਭਾਈ ਭਾਨਾ ਜੀ ਨੂੰ ਦਸਤਾਰ ਬਖਸ਼ਿਸ਼ ਕੀਤੀ।
* ਸਿੱਖ ਇਤਿਹਾਸ ਵਿਚ ਗੁਰੂ ਹਰਗੋਬਿੰਦ ਜੀ ਦੀਆਂ ਪਹਿਲੀ ਵਾਰ ਅੱਖਾਂ ਨਮ ਹੋਈਆਂ।
* ਸਾਨੂੰ ਸਭ ਨੂੰ ਬਾਬਾ ਬੁੱਢਾ ਜੀ ਦੇ ਨਕਸ਼ੇ ਕਦਮਾਂ ਤੇ ਚੱਲਣਾ ਚਾਹੀਦਾ ਹੈ।


ਸਹਾਇਕ ਹਵਾਲਾ ਪੁਸਤਕਾਂ ਦੀ ਸੂਚੀ।

1. ਜੀਵਨ- ਗਾਥਾ ਬਾਬਾ ਬੁੱਢਾ ਜੀ। ਲੇਖਕ ਨਿਸ਼ਾਨ ਸਿੰਘ ਗੰਡੀਵਿੰਡ। ਪਹਿਲੀ ਵਾਰ: ਅਕਤੂਬਰ 2005, ਪ੍ਰਕਾਸ਼ਕ: ਗੁਰਮਤਿ ਪੁਸਤਕ ਭੰਡਾਰ, ਅੰਮ੍ਰਿਤਸਰ।
2. ਜਨਮਸਾਖੀ ਬਾਬਾ ਬੁੱਢਾ ਜੀ। ਲੇਖਕ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ, ਪਹਿਲੀ ਐਡੀਸ਼ਨ ਅਪ੍ਰੈਲ 2015, ਪ੍ਰਕਾਸ਼ਕ: ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ।
3. ਸੰਖੇਪ ਇਤਿਹਾਸ ਗੁ: ਬੀੜ ਬਾਬਾ ਬੁੱਢਾ ਸਾਹਿਬ, ਲੇਖਕ: ਨਿਸ਼ਾਨ ਸਿੰਘ ਗੰਡੀਵਿੰਡ (ਕਥਾਵਾਚਕ)। 2019 ਵਿਚ, ਛਾਪਣ ਵਾਲੇ: ਸ਼੍ਰੋਮਣੀ ਗੁ: ਪ੍ਰ: ਕਮੇਟੀ, ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਅੰਮ੍ਰਿਤਸਰ।


ਧੰਨਵਾਦ ਸਹਿਤ

ਸਤਨਾਮ ਸਿੰਘ ਔਲਖ (ਸ਼ਿਕਾਗੋ, ਅਮਰੀਕਾ) ਗੁਰਦੁਆਰਾ ਨਿਸ਼ਕਾਮ ਸੇਵਕ।

ਜਥੇਦਾਰ ਉਂਕਾਰ ਸਿੰਘ ਢਿੱਲੋਂ (ਸ਼ਿਕਾਗੋ, ਅਮਰੀਕਾ) ਗੁਰਦੁਆਰਾ ਨਿਸ਼ਕਾਮ ਸੇਵਕ।

# ਬੰਦੀ ਛੋੜ ਦਿਵਸ ਦੀਆਂ ਸਮੂਹ ਸਾਧ ਸੰਗਤ ਨੂੰ ਕੋਟਨਿ-ਕੋਟਿ ਵਧਾਈਆਂ!

ਮੁਗ਼ਲਾਂ ਦੀ ਹਕੂਮਤ ਸਮੇਂ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਅ ਹੋਏ ਅਤੇ ਉਨ੍ਹਾਂ ਆਪਣੇ ਨਾਲ ਕਿਲ੍ਹੇ ਵਿਚ ਬੰਦ 52 ਰਾਜਿਆਂ ਨੂੰ ਵੀ ਰਿਹਾਅ ਕਰਵਾਇਆ ਅਤੇ ਉਨ੍ਹਾਂ ਦੇ ਸਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਆਉਣ ਦੀ ਖੁਸ਼ੀ ਵਿਚ ਬਾਬਾ ਬੁੱਢਾ ਜੀ ਅਤੇ ਸਮੂਹ ਸਾਧ-ਸੰਗਤ ਨੇ ਦੀਪਮਾਲਾ ਕੀਤੀ।



* ਇੱਥੇ ਦੱਸਣਯੋਗ ਹੈ ਕਿ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਚੰਦੂ ਨੂੰ ਵੀ ਗੁਰੂ ਜੀ ਦੇ ਹਵਾਲੇ ਕੀਤਾ ਅਤੇ ਸਿੱਖਾਂ ਨੇ ਉਸ ਨੂੰ ਨੱਥ ਪਾ ਕੇ ਲਾਹੌਰ ਲਿਆਂਦਾ, ਜਿੱਥੇ ਭੜਭੂੰਜੇ ਨੇ ਉਸੇ ਕੜਛੇ ਨਾਲ ਉਸ ਨੂੰ ਸੋਧਿਆ, ਜਿਸ ਨਾਲ ਉਸ ਨੇ ਗੁਰੂ ਜੀ ਦੇ ਸਿਰ 'ਤੇ ਰੇਤ ਪਾਈ ਸੀ।

ਵੱਲੋਂ: ਨਿਸ਼ਕਾਮ ਸੇਵਕ ਸ. ਸਤਨਾਮ ਸਿੰਘ ਔਲਖ (ਸ਼ਿਕਾਗੋ, ਅਮਰੀਕਾ) ਅਤੇ ਜਥੇਦਾਰ ਉਂਕਾਰ ਸਿੰਘ ਢਿੱਲੋਂ (ਸ਼ਿਕਾਗੋ, ਅਮਰੀਕਾ)



ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀ ਆਪ ਸਭ ਨੂੰ



# ਲੱਖ ਲੱਖ ਵਧਾਈ

ਜਿੱਥੇ ਅਪਣੱਤ ਹੁੰਦੀ ਹੈ ਓਥੇ
ਜ਼ਿੰਦਗੀ ਦੀਵਾਲੀ ਹੋ ਜਾਂਦੀ ਹੈ।
ਨਿੱਤ ਦੀਵੇ ਜਗਦੇ ਹਨ ਤੇ ਦੀਵੇ
ਜਗਾਉਣ ਵਾਲੇ ਵੀ ਦੀਵੇ ਜਗਾ ਕੇ
ਆਪ ਵੀ ਜਗਦੇ ਹਨ।
ਆਓ ! ਅਸੀਂ ਵੀ ਆਪਣੀ
ਜ਼ਿੰਦਗੀ ਵਿਚ ਸਕਾਰਾਤਮਕਤਾ ਦੇ
ਦੀਵੇ ਬਾਲੀਏ ਤੇ ਸਰਬੱਤ ਦੇ ਭਲੇ
ਦੀ ਅਰਦਾਸ ਕਰੀਏ।



Minni Multani & Gulzar Singh

## Pan-Oceanic Engineering

General Contractors
& Engineers

Awarded with "Green Certification" for "Sustainable Construction" at O'Hare Airport by City of Chicago.

***Our Expertise:***

- *Sewer & Water Lines Installation*
- *Excavation & Demolition*
- *Concrete & Asphalt Paving*
- *Commercial & Residential Construction Management*
- *Ornamental and Temporary Fence Installation*

**Our Clients:**

- City of Chicago
- Illinois Department of Transportation
- METRA Rail
- O' Hare Airport
- Capital Development Board
- Chicago Public Schools
- All Kinds of Construction Customers

# Pan-Oceanic Group

8501 W. Higgins Rd., Suite 630, Chicago, IL 60631
Ph: 773-601-8408, Fax: 773-601-8409 www.panoceanicinc.com

EXCAVATION • SITE UTILITIES • ASPHALT PAVING • CONCRETE WORK EXCAVATION • SITE UTILITIES • ASPHALT PAVING • CONCRETE WORK





24ਵੀਂ
ਸਾਲਾਨਾ ਪੰਜਾਬੀ ਸਾਹਿਤਕ ਕਾਨਫ਼ਰੰਸ
16 ਨਵੰਬਰ 2024, 4-9 ਸ਼ਾਮ
17 ਨਵੰਬਰ 2024, 10 ਸਵੇਰ -7 ਸ਼ਾਮ
ਮਹਿਰਾਨ ਰੈਸਟੋਰੈਂਟ ਹਾਲ
ਨਿਵਾਰਕ/ਫਰੀਮੌਂਟ, ਕੈਲੀਫ਼ੋਰਨੀਆ
5774 Mowry School Rd, Newark, CA
ਡਾ. ਸੁਰਜੀਤ ਪਾਤਰ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ
ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫ਼ੋਰਨੀਆ ਵਲੋਂ ਆਪ ਨੂੰ ਇਸ ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਤਹਿ ਦਿਲੋਂ ਸੱਦਾ ਦਿੱਤਾ ਜਾਂਦਾ ਹੈ
ਪੰਜਾਬੀ ਬੋਲੀ ਅਤੇ ਸਾਹਿਤ ਤੇ ਵਿਚਾਰ ਚਰਚਾ
ਵਿਸ਼ਵ ਪਰਪੇਖ ਵਿੱਚ ਪੰਜਾਬੀ ਬੋਲੀ ਦੀ ਹੋਂਦ ਨੂੰ ਦਰਪੇਸ਼ ਸੰਕਟ ਅਤੇ ਇਸਦੇ ਹੱਲ, ਅਤੇ ਪੰਜਾਬੀ ਸਾਹਿਤ ਦੇ ਵੱਖ ਵੱਖ ਪੱਖਾਂ ਉੱਪਰ ਗੰਭੀਰ ਵਿਚਾਰ ਚਰਚਾ ਕੀਤੀ ਜਾਏਗੀ।
ਵਿਸ਼ਾਲ ਕਵੀ ਦਰਬਾਰ
ਦੇਸ਼ ਵਿਦੇਸ਼ ਤੋਂ ਆਏ ਕਵੀ ਅਤੇ ਸਥਾਨਕ ਕਵੀ ਆਪਣੀ ਸ਼ਾਇਰੀ ਪੇਸ਼ ਕਰਨਗੇ।
ਸੰਗੀਤਕ ਮਹਿਫ਼ਲ
ਰਾਤ ਦੇ ਖਾਣੇ ਵਕਤ ਪੰਜਾਬੀ ਸੰਗੀਤ ਮਹਿਫ਼ਲ ਸਜੇਗੀ।
ਸੁਖਦੇਵ ਸਾਹਿਲ, ਜੇ.ਐਸ. ਚੰਦਨ, ਸੁਰਿੰਦਰਪਾਲ ਸਿੰਘ ਅਤੇ ਮੀਨੂੰ ਸਿੰਘ ਵਲੋਂ ਸੰਗੀਤਕ ਮਹਿਫ਼ਲ ਸਜਾਈ ਜਾਏਗੀ
ਡਾ. ਵਰਿਆਮ ਸਿੰਘ ਸੰਧੂ
ਜਸਵਿੰਦਰ
ਡਾ. ਲਖਵਿੰਦਰ ਜੌਹਲ
ਡਾ. ਰਾਜੇਸ਼ ਸ਼ਰਮਾ
ਅਰਤਿੰਦਰ ਸੰਧੂ
ਡਾ. ਮੋਹਨ ਤਿਆਗੀ
ਕ੍ਰਿਸ਼ਨ ਭਨੋਟ
ਰਵਿੰਦਰ ਸਹਿਰਾਅ
ਸਤੀਸ਼ ਗੁਲਾਟੀ
ਸੁਰਜੀਤ (ਟੋਰਾਂਟੋ)
ਸੁਰਿੰਦਰ ਸੋਹਲ
ਕੁਲਵਿੰਦਰ ਖਹਿਰਾ
ਪਿਆਰਾ ਸਿੰਘ ਕੁੱਦੋਵਾਲ
ਰਾਜਵੰਤ ਰਾਜ
ਡਾ. ਸੁਹਿੰਦਰਬੀਰ
ਅਵੀ ਸੰਧੂ
ਦਲਵੀਰ ਕੌਰ
ਹਰਦਮ ਮਾਨ
ਕਾਨਫ਼ਰੰਸ ਦੌਰਾਨ ਸਭ ਲਈ ਖਾਣੇ ਦਾ ਖ਼ਾਸ ਪ੍ਰਬੰਧ
ਸਪਾਂਸਰ ਕਰਨ ਲਈ ਸੰਪਰਕ ਕਰੋ
ਸਾਡੇ ਸਪਾਂਸਰ
ਜਸਵੀਰ ਗਿੱਲ
ਲਾਲੀ ਧਨੋਆ
ਡਾ. ਅਜੀਤਪਾਲ ਸ. ਸੰਧੂ
ਸੁਰਿੰਦਰ ਧਨੋਆ
ਡਾ. ਸਰਬਜੀਤ ਹੁੰਦਲ
ਡਾ. ਦਲਵੀਰ ਪੰਨੂ
ਐਸ਼ ਕੁਮ ਐਸ਼
ਪ੍ਰ. ਸੁਖਦੇਵ ਸਿੰਘ
ਸੰਪਰਕ ਕਰੋ:
ਕੁਲਵਿੰਦਰ 510-367-2090, ਜਗਜੀਤ ਨੌਸ਼ਹਿਰਵੀ 510-676-1565
ਕਾਰਜਕਾਰਨੀ ਕਮੇਟੀ: ਚਰਨਜੀਤ ਸਿੰਘ ਪੰਨੂੰ, ਸੁਰਿੰਦਰ ਸੀਰਤ, ਅਮਰਜੀਤ ਕੌਰ ਪੰਨੂੰ, ਲਾਜ ਨੀਲਮ ਸੈਣੀ, ਸੁਖਵਿੰਦਰ ਕੰਬੋਜ, ਸੁਖਦੇਵ ਸਾਹਿਲ, ਸੁਰਜੀਤ ਸਖੀ, ਐਸ਼ ਕੁਮ ਐਸ਼, ਡਾ ਗੁਰਪ੍ਰੀਤ ਧੁੱਗਾ, ਗੁਲਸ਼ਨ ਦਿਆਲ, ਤਾਰਾ ਸਾਗਰ, ਗਗਨਦੀਪ ਮਾਹਲ ਅਤੇ ਸਮੂਹ ਵਿਪਸਾਅ ਮੈਂਬਰ

# ਪੰਜਾਬ ਕਲਾ ਭਵਨ ਦਾ ਮਰਸੀਆ



ਸਰਬਜੀਤ ਧਾਲੀਵਾਲ

ਸਾਹਮਣੇ ਪੰਜਾਬ ਕਲਾ ਭਵਨ ਦਾ ਬੋਰਡ ਲੱਗਿਆ ਹੋਇਆ। ਇਹ ਓਹੀ ਥਾਂ ਹੈ, ਜਿੱਥੇ ਮੈਂ ਅਗਲੇ ਪੰਜ ਦਿਨ ਗੁਜ਼ਾਰਨੇ ਹਨ। ਬੋਰਡ ਦੀ ਸ਼ਕਲ-ਸੂਰਤ ਵੇਖਣ ਤੋਂ ਮਨ ਵਿਚ ਕਲਾ ਭਵਨ ਦੀ ਤਸਵੀਰ ਨਹੀਂ ਉਘੜਦੀ। ਬੋਰਡ ਤੇ ਲਾਲ ਰੰਗ 'ਚ ਲਿਖਿਆ 'ਪੰਜਾਬ ਕਲਾ ਭਵਨ' ਕਾਫ਼ੀ ਘਸਮੈਲਾ ਜਿਹਾ ਹੋ ਚੁੱਕਿਆ ਹੈ। ਬੋਰਡ ਦੀ ਸ਼ਕਲ 'ਤੇ ਧੂੜ ਪਈ ਨਜ਼ਰ ਆ ਰਹੀ ਹੈ। ਥੱਲੜੇ ਪਾਸੇ ਜੰਗਾਲ ਲੱਗੀ ਪਈ ਹੈ। ਬੋਰਡ 'ਤੇ ਪੰਜਾਬ ਕਲਾ ਭਵਨ ਦੇ ਹੇਠਾਂ ਪੰਜਾਬ ਸੰਗੀਤ ਨਾਟਕ ਅਕਾਦਮੀ, ਪੰਜਾਬ ਲਲਿਤ ਕਲਾ ਅਕਾਦਮੀ ਤੇ ਪੰਜਾਬ ਸਾਹਿਤ ਅਕਾਦਮੀ ਲਿਖਣ ਵੇਲੇ ਕੋਈ ਬਹੁਤੀ ਕਲਾ ਦਾ ਨਕਸ਼ਾ ਨਹੀਂ ਉਭਰਦਾ। ਅੱਖਰ ਵਾਹੁੰਦੇ ਸਮੇਂ ਰੰਗ ਕਿਤੇ ਵੱਧ ਤੇ ਕਿਤੇ ਘੱਟ ਲੱਗਿਆ ਹੋਣ ਕਰਕੇ ਮਨ ਵਿਚ ਕਲਾ ਤੇ ਨਾਲ ਹੀ ਕਲਾ ਭਵਨ ਬਾਰੇ ਮਨ 'ਚ ਸਵਾਲ ਉੱਠਣ ਲੱਗਦੇ ਨੇ। ਬੋਰਡ ਦੇ ਨਾਲ ਹੀ ਕਲਾ ਭਵਨ ਦੇ ਅੰਦਰ ਜਾਣ ਦਾ ਰਸਤਾ ਹੈ।

ਮੇਰਾ ਪੈਰ ਲੋਹੇ ਦੇ ਗੇਟ ਦੇ ਸਾਹਮਣੇ ਟੋਏ 'ਚ ਵੱਜਦਾ ਹੈ। ਆਪਣੇ ਆਪ ਨੂੰ ਸੰਭਾਲਦਾ ਹੋਇਆ ਮੈਂ ਲੋਹੇ ਦੇ ਗੇਟ 'ਤੇ ਨਜ਼ਰ ਮਾਰਦਾ ਹਾਂ। ਗੇਟ ਵੀ ਕਲਾ ਤੋਂ ਸੱਖਣਾ ਹੀ ਹੈ। ਹਾਲਾਂਕਿ ਗੇਟ ਦੇ ਥੱਲੜੇ ਪਾਸੇ ਹਲਕੀ ਜਿਹੀ ਕਿਸਮ ਦੇ ਕਲਾਕਾਰੀ ਲੋਹੇ ਦੀ ਪੱਤੀ 'ਚ ਕੀਤੀ ਗਈ ਹੈ ਪਰ ਇਹ ਧੂਹ ਨਹੀਂ ਪਾ ਰਹੀ। ਸਗੋਂ ਲੋਹਾ ਮਨ 'ਚ ਚੁਭ ਜਿਹਾ ਗਿਆ ਹੈ। ਬਿਸਮਿੱਲਾ ਹੀ ਕੁਝ ਇਸ ਤਰ੍ਹਾਂ ਦਾ ਹੋਇਆ ਹੈ ਕਿ ਅਜੇ ਮਨ 'ਚ ਕਲਾ ਭਵਨ ਬਾਰੇ ਮੋਹ ਨਹੀਂ ਜਾਗਿਆ। ਲੋਹੇ ਦਾ ਕਲਾ ਨਾਲ ਰਿਸ਼ਤਾ ਘੱਟੋ ਘੱਟ ਮੁਲਾਇਮ ਨਹੀਂ। ਮਨ 'ਚ ਖ਼ਿਆਲ ਆਇਆ ਜੇ ਇਹ ਗੇਟ ਲੱਕੜ ਦਾ ਬਣਾ ਕੇ ਸਜਾ ਸਵਾਰ ਕੇ ਲਾਇਆ ਹੁੰਦਾ ਤਾਂ ਗੱਲ ਹੀ ਹੋਰ ਹੋਣੀ ਸੀ। ਅੱਧੇ ਖੁੱਲ੍ਹੇ ਗੇਟ ਰਾਹੀਂ ਮੈਂ ਅੰਦਰ ਜਾਣ ਲੱਗਦਾ ਹਾਂ ਤਾਂ ਨਜ਼ਰ ਖੱਬੇ ਪਾਸੇ ਲੱਗੇ ਵੱਡੇ ਅਕਾਰ ਦੇ ਬੋਰਡ 'ਤੇ ਫ਼ੋਟੋ-ਨੁਮਾ ਵਿਧੀ ਨਾਲ ਛਾਪੀ ਸੁਰਜੀਤ ਪਾਤਰ ਦੀ ਕਵਿਤਾ 'ਤੇ ਪੈਂਦੀ ਹੈ। ਪਾਤਰ ਦਾ ਨਾਂ ਪੜ੍ਹ ਕੇ ਹੀ ਰੂਹ ਸਕੂਨ ਨਾਲ ਠੰਢੀ-ਠਾਰ ਹੋ ਗਈ। ਪੈਰ ਰੁਕ ਗਏ। ਪਾਤਰ ਦੀ ਕਵਿਤਾ ਪੜ੍ਹੇ ਬਗੈਰ ਭਲਾ ਅੱਗੇ ਕਿਵੇਂ ਜਾਇਆ ਜਾ ਸਕਦਾ ਹੈ।

'ਗੀਤ ਦੀ ਮੌਤ ਇਸ ਰਾਤ ਜੇ ਹੋ ਗਈ, ਮੇਰਾ ਜੀਣਾ ਮੇਰੇ ਯਾਰ ਕਿਵੇਂ ਸਹਿਣਗੇ' ਪੜ੍ਹ ਕੇ ਮਨ 'ਚ ਖ਼ਿਆਲ ਨੇ ਉਡਾਰੀ ਮਾਰੀ ਕਿ ਜੇਕਰ ਪਾਤਰ ਇਹ ਵੀ ਲਿਖ ਜਾਂਦਾ 'ਕਲਾ ਦੀ ਮੌਤ ਜੇ ਇਸ ਭਵਨ 'ਚ ਹੋ ਗਈ, ਸਾਡੇ ਵਾਰਿਸ ਸਾਨੂੰ ਕੀ ਕਹਿਣਗੇ' ਤਾਂ ਗੱਲ ਅੱਜ ਨਾਲ ਜੁੜ ਜਾਣੀ ਸੀ। ਸੁਰਜੀਤ ਪਾਤਰ ਪੰਜਾਬੀ ਸਾਹਿਤ ਦਾ ਬੋਹੜ-ਨੁਮਾ ਰੁੱਖ ਹੈ। ਉਸ ਦੀਆਂ ਕਵਿਤਾਵਾਂ ਪੜ੍ਹ ਕੇ ਮਨ ਅੰਬਰ 'ਚ ਤਾਰੀਆਂ ਲਾਉਣ ਲੱਗਦਾ ਹੈ, ਤੇ ਉਸਦੇ ਸ਼ਬਦਾਂ ਦੀ ਕੋਮਲਤਾ ਕਿਸੇ ਵੀ ਨੌਜਵਾਨ ਚਿਹਰੇ ਦੀ ਸੰਗ ਤੋਂ ਵੀ ਮਖ਼ਮਲੀ ਹੈ। ਉਹ ਇਸ ਭਵਨ ਨਾਲ ਕਾਫ਼ੀ ਲੰਬਾ ਸਮਾਂ ਵਾਹ-ਬਸਤਾ ਰਹੇ ਹਨ, ਪਰ ਜੋ ਮੈਨੂੰ ਪਰੇਸ਼ਾਨ ਕਰ ਰਿਹਾ ਹੈ, ਉਹ ਇਹ ਹੈ, ਕਿ ਮੈਨੂੰ ਉਨ੍ਹਾਂ ਦੀਆਂ ਪੈੜਾਂ ਦੇ ਨਿਸ਼ਾਨ ਇੱਥੇ ਨਹੀਂ ਲੱਭ ਰਹੇ। ਉਸ ਦੀ ਸ਼ਖ਼ਸੀਅਤ ਦੀ ਖ਼ੁਸ਼ਬੋ ਕਲਾ ਭਵਨ ਦੀ ਇਮਾਰਤ 'ਚੋਂ ਨਹੀਂ ਆ ਰਹੀ। ਨਾ ਹੀ ਉਸ ਦੀ ਸ਼ਹਿਦ ਵਰਗੀ ਮਿੱਠੀ ਆਵਾਜ਼ ਦੀ ਗੂੰਜ ਸੁਣਾਈ ਦੇ ਰਹੀ ਹੈ। ਬੋਰਡ 'ਤੇ ਲਿਖੀ ਸਾਰੀ ਕਵਿਤਾ ਨੂੰ ਨੀਝ ਨਾਲ ਪੜ੍ਹ ਕੇ ਮੈਂ ਲੰਬਾ ਹੌਕਾ ਲੈਂਦਾ ਹਾਂ, ਕਿਉਂਕਿ ਇਸ ਕਵਿਤਾ ਦੀ ਸਿਖਰ

'ਜੋ ਵਿਦੇਸ਼ਾਂ 'ਚ ਰੁਲਦੇ ਨੇ ਰੋਟੀ ਲਈ,
ਉਹ ਜਦੋਂ ਦੇਸ਼ ਪਰਤਣਗੇ ਆਪਣੇ ਕਦੀ,
ਸੇਕਣਗੇ ਮਾਂ ਦੇ ਸਿਵੇ ਦੀ ਅਗਨ,
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ'
'ਇਹ ਜੋ ਰੰਗ 'ਚ ਚਿੱਤਰੇ ਨੇ ਖੁਰ ਜਾਣਗੇ,
ਇਹ ਜੋ ਮਰਮਰ 'ਚ ਉੱਕਰੇ ਨੇ ਮਿਟ ਜਾਣਗੇ,
ਬਲਦੇ ਹੱਥਾਂ ਨੇ ਜਿਹੜੇ ਹਵਾ 'ਚ ਲਿਖੇ,
ਹਰਫ਼ ਓਹੀ ਹਮੇਸ਼ਾ ਲਿਖੇ ਰਹਿਣਗੇ'

ਮੈਨੂੰ ਝੰਜੋੜ ਦਿੰਦੀ ਹੈ। ਮੈਂ ਪਹਿਲਾਂ ਵੀ ਕਈ ਵਾਰ ਇਹ ਪੜ੍ਹੀ ਹੈ ਪਰ ਸਮੇਂ ਨਾਲ ਕਈ ਚੀਜ਼ਾਂ ਦੇ ਅਰਥ ਵੀ ਬਦਲ ਜਾਂਦੇ ਨੇ। ਪੰਜਾਬ ਖੁਰਦਾ ਜਾ ਰਿਹਾ ਹੈ। ਇਸ ਵਿਚ ਕੋਈ ਸ਼ੱਕ ਹੀ ਨਹੀਂ, ਮਰਮਰੀ ਪੰਜਾਬ ਭੁਰਦਾ ਜਾਂਦਾ ਹੈ। ਬਲਦੇ ਹੱਥ ਠੰਢੇ ਪੈ ਗਏ ਨੇ। ਹਰਫ਼ ਲਿਖੇ ਜ਼ਰੂਰ ਜਾ ਰਹੇ ਨੇ ਪਰ ਉਨ੍ਹਾਂ 'ਚੋਂ ਪੰਜਾਬ ਦੇ ਦਰਦ ਦੀ ਨਿਸ਼ਾਨਦੇਹੀ ਨਹੀਂ ਹੋ ਰਹੀ। ਪਾਤਰ ਦੀ ਕਵਿਤਾ ਤੋਂ ਬਾਅਦ ਅਗਲੇ ਚਿੱਤਰ ਮਹਿੰਦਰ ਸਿੰਘ ਰੰਧਾਵਾ, ਜੋ ਇਸ ਕਲਾ ਭਵਨ ਦਾ ਬਾਨੀ ਹੈ, ਦੇ ਹਨ। ਇਕ ਤਸਵੀਰ ਉਨ੍ਹਾਂ ਅਜੀਤ ਕੌਰ ਨਾਲ, ਦੂਜੀ ਮੁਲਕ ਰਾਜ ਅਨੰਦ ਨਾਲ, ਤੀਜੀ ਖ਼ੁਸ਼ਵੰਤ ਸਿੰਘ ਨਾਲ, ਚੌਥੀ ਅੰਮ੍ਰਿਤਾ ਪ੍ਰੀਤਮ ਨਾਲ ਤੇ ਅਗਲੀ ਸ਼ਿਵ ਬਟਾਲਵੀ ਨਾਲ। ਰੰਧਾਵਾ ਪੰਜਾਬੀਆਂ ਦਾ ਮਾਣ ਹੈ। ਵੱਡਾ ਬੰਦਾ। ਇਹ ਸੁਭਾਵਿਕ ਹੀ ਸੀ ਕੇ ਉਸ ਦੀਆਂ ਫ਼ੋਟੋਆਂ ਵੱਡੇ ਬੰਦਿਆ ਨਾਲ ਹੀ ਹੋਣੀਆਂ ਸਨ। ਹਰ ਫ਼ੋਟੋ 'ਚ ਰੰਧਾਵਾ ਦੀ ਸ਼ਖ਼ਸੀਅਤ ਭਾਰੂ ਹੈ।

ਗੇਟ ਦੇ ਸੱਜੇ ਪਾਸੇ ਛੋਟਾ ਜਿਹਾ ਲਾਅਨ ਹੈ। ਇਸ ਵਿਚ ਘਾਹ ਘੱਟ ਤੇ ਰੜਾ ਜ਼ਿਆਦਾ ਨਜ਼ਰ ਆਉਂਦਾ ਹੈ। ਕੁਝ ਸੀਮਿੰਟ-ਬਜਰੀ ਦੇ ਬਣੇ ਬੈਂਚ ਹਨ। ਇਸ ਲਾਅਨ 'ਚ ਵੈਰਾਨਗੀ ਭਾਰੂ ਹੈ। ਥੋੜ੍ਹੀ ਦੇਰ ਬੈਠਣ ਤੋਂ ਬਾਅਦ ਜੀਅ ਅੱਕ ਜਾਂਦਾ ਹੈ। ਲਾਅਨ ਦੇ ਆਲੇ-ਦੁਆਲੇ ਸ਼ਿਲਪਕਾਰਾਂ ਦੀਆਂ ਕਿਰਤੀਆਂ ਪਈਆਂ ਹਨ, ਜ਼ਿਆਦਾ ਪੱਥਰ ਦੇ ਬੁੱਤ ਨੇ, ਪਰ ਸਮਝ ਕੁਝ ਘੱਟ ਹੀ ਪੈਂਦਾ ਹੈ। ਮੈਂ ਕਾਫ਼ੀ ਸਮਾਂ ਇਨ੍ਹਾਂ ਨੂੰ ਆਪਣੇ ਜ਼ਿਹਨ 'ਚ ਉਤਾਰਨ ਲਈ ਲਾਉਂਦਾ ਹਾਂ ਪਰ ਗੱਲ ਬਣ ਨਹੀਂ ਰਹੀ। ਫਿਰ ਸੋਚਿਆ ਕੇ ਬੁੱਤਕਾਰਾਂ ਨੇ ਮੈਨੂੰ ਸੋਚ ਕੇ ਥੋੜ੍ਹਾ ਹੀ ਬਣਾਏ ਨੇ ਕਿ ਇਹ ਮੈਨੂੰ ਸਮਝ ਆ ਜਾਣ। ਅਸੀਂ ਊਲ-ਜਲੂਲ ਸੋਚਣ ਵਾਲੇ ਲੋਕ ਹਾਂ, ਬੁੱਤ-ਘਾੜੇ ਰੱਬੀ-ਰੂਹਾਂ ਹੁੰਦੀਆਂ ਨੇ। ਜਿਵੇਂ ਰੱਬ ਦਾ ਗੋਰਖ ਧੰਦਾ ਸਮਝ ਨਹੀਂ ਆ ਰਿਹਾ, ਉਸ ਤਰ੍ਹਾਂ ਇਨ੍ਹਾਂ ਬੁੱਤਾਂ ਦਾ ਅਲਜਬਰਾ ਅਕਲ ਦੇ ਖਾਨੇ 'ਚ ਨਹੀਂ ਵੜ ਰਿਹਾ। ਨਾਲੇ ਕਲਾ ਹੀ ਕੀ ਹੋਈ ਜੋ ਐਰੇ-ਗੈਰੇ ਨੂੰ ਸਮਝ ਆ ਜਾਵੇ। ਅੱਗੇ ਗਿਆ ਤਾਂ ਉੱਥੇ ਵੀ ਬੁੱਤ ਹੀ ਬੁੱਤ ਹਨ। ਚਾਰ ਚੁਫ਼ੇਰੇ ਬੁੱਤ। ਕੀ ਪੰਜਾਬ ਸਿਰਫ਼ ਹੁਣ ਬੁੱਤ ਹੀ ਬਣ ਕੇ ਰਹਿ ਗਿਆ ਹੈ। ਇਸ ਦੇ ਪੱਲੇ ਹੋਰ ਕੁਝ ਵੀ ਨਹੀਂ। ਇਸ ਤੋਂ ਪਹਿਲਾਂ ਕਿ ਮੈਂ ਵੀ ਬੁੱਤ ਹੀ ਨਾ ਬਣ ਜਾਵਾਂ, ਮੈਂ ਕਲਾ ਭਵਨ ਦੇ ਅੰਦਰ ਜਾਣ ਦਾ ਰਸਤਾ ਲੱਭਣ ਦੀ ਕੋਸ਼ਿਸ਼ ਕਰਦਾ ਹਾਂ। ਤਿੰਨ-ਚਾਰ ਦਰਵਾਜ਼ੇ ਨਜ਼ਰ ਆ ਰਹੇ ਨੇ। ਇਹ ਭੰਬਲਭੂਸਾ ਕਿਉਂ ਹੈ? ਫਿਰ ਸੋਚਿਆ ਕਲਾ ਭਵਨ ਹੈ, ਕੋਈ ਛੋਟੀ-ਮੋਟੀ ਗੱਲ ਥੋੜ੍ਹੀ ਹੈ ਕੇ ਬੰਦਾ ਸਿੱਧਾ ਹੀ ਅੰਦਰ ਜਾ ਵੜੇ।

ਇੱਟਾਂ ਦੀ ਬਣੀ ਇਸ ਇਮਾਰਤ 'ਚ ਸੁਹਜ ਨਜ਼ਰ ਨਹੀਂ ਆ ਰਿਹਾ। ਇਮਾਰਤ ਨੂੰ ਹਲਕਾ ਲਾਲ ਰੰਗ ਕੀਤਾ ਹੋਇਆ ਹੈ। ਰੰਗ ਦੀ ਚਮਕ ਕਈ ਥਾਵਾਂ 'ਤੇ ਇਸ ਉੱਪਰ ਜੰਮੀ ਕਾਲੀ ਜਿਲਬ ਨੇ ਧੁੰਦਲੀ ਪਾ ਦਿੱਤੀ ਹੈ। ਸੱਜੇ ਪਾਸੇ ਰੰਧਾਵਾ ਆਡੀਟੋਰੀਅਮ ਹੈ। ਇਸ ਉੱਪਰ ਗੋਲ ਆਕਾਰ ਵਿਚ ਰੰਧਾਵੇ ਦਾ ਚਿੱਤਰ ਲੱਗਿਆ ਹੈ। ਰੰਧਾਵਾ ਇਸ ਚਿੱਤਰ 'ਚ ਉਦਾਸ ਨਜ਼ਰ ਆ ਰਿਹਾ ਹੈ। ਬਾਹਰਲੇ ਪਾਸੇ ਕੁਝ ਕੰਧ ਚਿੱਤਰ ਬਣੇ ਹੋਏ ਨੇ, ਪਰ ਜ਼ਿਆਦਾ ਬੁੱਤਾ ਜਿਹਾ ਹੀ ਸਾਰਿਆ ਲੱਗਦਾ ਹੈ। ਕੋਈ ਵੀ ਕੰਧ ਚਿੱਤਰ ਤੁਹਾਨੂੰ ਆਪਣੇ ਕੋਲ ਨਹੀਂ ਬੁਲਾਉਂਦਾ। ਨੀਝ ਲਾ ਕੇ ਦੇਖਣ ਵਾਲਾ ਕੁਝ ਨਜ਼ਰ ਨਹੀਂ ਪੈ ਰਿਹਾ। ਅੰਦਰ ਰੰਧਾਵਾ ਸਾਹਿਬ ਦੀਆਂ ਕਈ ਨਾਮੀ-ਕਲਾਮੀ ਬੰਦਿਆ ਨਾਲ ਕੈਮਰੇ ਨਾਲ ਖਿੱਚੀਆਂ ਤਸਵੀਰਾਂ ਲੱਗੀਆਂ ਹੋਈਆਂ ਨੇ। ਅਸਲ ਵਿਚ ਚਾਰ-ਚੁਫੇਰੇ ਰੰਧਾਵਾ-ਰੰਧਾਵਾ ਹੀ ਨਜ਼ਰ



ਆਉਂਦੇ ਨੇ। ਕਿਤੇ ਸੋਭਾ ਸਿੰਘ ਨਾਲ, ਕਿਤੇ ਅੰਮ੍ਰਿਤਾ ਪ੍ਰੀਤਮ ਤੇ ਨੋਰਾ ਰਿਚਰਡਜ਼ ਨਾਲ, ਕਿਤੇ ਕੈਰੋਂ ਨਾਲ ਤੇ ਕਿਤੇ ਇੰਦਰਾ ਗਾਂਧੀ ਤੇ ਕਿਤੇ ਨਹਿਰੂ ਨਾਲ, ਕਿਤੇ ਗਾਰਗੀ ਨਾਲ ਤੇ ਕਿਤੇ ਸ਼ਿਵ ਨਾਲ। ਕਿਤੇ ਬਲਰਾਜ ਸਾਹਨੀ ਨਾਲ ਤੇ ਕਿਤੇ ਪ੍ਰਿਥਵੀ ਰਾਜ ਕਪੂਰ ਨਾਲ। ਮੈਨੂੰ ਉਨ੍ਹਾਂ ਦੀ ਦਾਰਾ ਸਿੰਘ ਨਾਲ ਕੋਈ ਫ਼ੋਟੋ ਨਹੀਂ ਦਿਖੀ, ਖ਼ੈਰ ਦਾਰਾ ਸਿੰਘ ਦੀ ਫ਼ੋਟੋ ਦੇ ਤਾਂ ਮੈਨੂੰ ਸਾਰੇ ਕਲਾ ਭਵਨ 'ਚ ਹੀ ਦਰਸ਼ਨ ਨਹੀਂ ਹੋਏ। ਸ਼ਾਇਦ ਕਿਤੇ ਏਧਰ-ਓਧਰ ਲੱਗੀ ਹੋਵੇ, ਮੈਨੂੰ ਹੀ ਨਾ ਦਿਸੀ ਹੋਵੇ। ਕਲਾ ਭਵਨ ਵੇਖ ਕਿ ਲੱਗ ਰਿਹਾ ਕਿ ਪੰਜਾਬ ਦੀ ਕਲਾ ਰੰਧਾਵਾ ਸਾਹਿਬ ਨਾਲ ਹੀ ਸ਼ੁਰੂ ਹੁੰਦੀ ਹੈ ਤੇ ਉਨ੍ਹਾਂ ਨਾਲ ਹੀ ਸਮਾਪਤ।

ਕਲਾ ਭਵਨ ਦੀ ਬੇਸਮੈਂਟ ਵਿਚ ਪੰਜਾਬ ਦੇ ਉਸਰੀਆਂ ਦੀ ਗੈਲਰੀ ਹੈ। ਪੰਜਾਬ ਉਸਾਰਨ ਵਾਲਿਆਂ ਲਈ ਬੇਸਮੈਂਟ ਹੀ ਤਾਂ ਬਚੀ ਹੈ। ਉਜਾੜਨ ਵਾਲਿਆਂ ਲਈ ਰੈਡ ਕਾਰਪਸ। ਉਸਰੀਆਂ ਦੇ ਵਿਚ ਸਰ ਗੰਗਾ ਰਾਮ, ਨਾਨਕ ਸਿੰਘ, ਪੂਰਨ ਸਿੰਘ , ਫ਼ੈਜ਼ ਅਹਿਮਦ ਫ਼ੈਜ਼, ਭਾਈ ਵੀਰ ਸਿੰਘ, ਭਾਈ ਕਾਹਨ ਸਿੰਘ ਨਾਭਾ, ਈਸ਼ਵਰ ਚੰਦ ਨੰਦਾ, ਪ੍ਰੇਮ ਭਾਟੀਆ ਸ਼ਾਮਲ ਹਨ। ਕੁਝ ਰਾਜਨੀਤਕ ਲੋਕਾਂ ਜਿਵੇਂ ਕੈਰੋਂ, ਲਛਮਣ ਸਿੰਘ ਗਿੱਲ ਤੇ ਹੋਰ ਦੀਆਂ ਤਸਵੀਰਾਂ ਵੀ ਲੱਗੀਆਂ ਹਨ। ਕਾਫ਼ੀ ਕੁਝ ਨਹੀਂ ਲੱਗਿਆ ਹੋਇਆ। ਕਈ ਵੱਡੀਆਂ ਸ਼ਖ਼ਸੀਅਤ ਦੀ ਤਸਵੀਰ ਨਜ਼ਰ ਨਹੀਂ ਆਉਂਦੀ। ਮੁਹੰਮਦ ਰਫ਼ੀ ਨਹੀਂ ਦਿੱਖ ਰਿਹਾ, ਸੁਰਿੰਦਰ ਕੌਰ ਹੈ।

ਕਲਾ ਭਵਨ 'ਚ ਕੋਈ-ਕੋਈ ਬੰਦਾ ਘੁੰਮ ਰਿਹਾ ਹੈ, ਚਹਿਲ-ਪਹਿਲ ਨਹੀਂ ਹੈ। ਇਸ ਤੋਂ ਸਾਡਾ ਕਲਾ ਨਾਲ ਪ੍ਰੇਮ ਜੱਗ ਜ਼ਾਹਿਰ ਹੁੰਦਾ ਹੈ। ਕਲਾ ਭਵਨ ਦੀ ਵੱਖੀ 'ਚ ਹੀ ਸੈਂਕੜੇ ਏਕੜਾਂ ਦੇ ਘੇਰੇ ਵਾਲਾ ਰੋਜ਼ ਗਾਰਡਨ ਤੇ ਲਈਅਰ ਵੈਲੀ ਹੈ ਜਾਂ ਕਹਿ ਲਵੋ ਕੇ ਵਿਹਲੜਾਂ ਦੀ ਸੈਰਗਾਹ। ਇੱਥੇ ਵਿਹਲੜ ਸਾਰਾ ਦਿਨ ਬਤੀਤ ਕਰਦੇ ਨੇ, ਕਦੇ ਇਸ ਦਰੱਖਤ ਹੇਠ, ਕਦੇ ਉਸ ਦਰੱਖਤ ਹੇਠ। ਚੰਡੀਗੜ੍ਹ ਦੀ ਤਰ੍ਹਾਂ ਰੋਜ਼ ਗਾਰਡਨ ਵਿਚ ਲੱਗੇ ਗੁਲਾਬ ਦੇ ਫੁੱਲਾਂ 'ਚੋਂ ਖ਼ੁਸ਼ਬੋ ਮਨਫ਼ੀ ਹੈ। ਸਿਰਫ਼ ਫੁੱਲ ਹੀ ਫੁੱਲ ਹਨ, ਵੱਡੇ-ਵੱਡੇ ਆਕਾਰ ਦੀਆਂ ਕਿਆਰੀਆਂ 'ਚ ਲੱਗੇ ਹੋਏ। ਮਾਲੀਆਂ ਦੀ ਕਲਾਕਾਰੀ ਦਾ ਮਹਾਨ ਪ੍ਰਦਰਸ਼ਨ ਹੈ ਇਹ ਰੋਜ਼ ਗਾਰਡਨ। ਇੱਥੇ ਹੀ ਗੁਲਾਬ ਦੇ ਫੁੱਲਾਂ ਵਾਂਗ ਖਿੜੇ ਕਾਲਜਾਂ ਦੇ ਚੜ੍ਹਦੀ ਉਮਰ ਦੇ ਮੁੰਡੇ-ਕੁੜੀਆਂ ਘੁੰਮਣ ਆਉਂਦੇ ਨੇ। ਉਨ੍ਹਾਂ ਦੀ ਗੁਟਕੂ-ਗੁਟਕੂ ਦੂਰ ਤੱਕ ਸੁਣਾਈ ਦਿੰਦੀ ਹੈ। ਉਹ ਆਪਣੀਆਂ ਪਿਆਰ ਤਰੰਗਾਂ ਦਾ ਪ੍ਰਗਟਾਅ ਗੁਲਾਬ ਦੀਆਂ ਪੱਤੀਆਂ ਦੇ ਜ਼ਰੀਏ ਕਰਦੇ ਹਨ। ਸਮਾਜਿਕ ਸਰੋਕਾਰਾਂ ਤੋਂ ਸੱਖਣੇ ਵੀ ਇੱਥੇ ਬਹੁਤ ਆਉਂਦੇ ਨੇ, ਜੋ ਆਪਣੀ ਸੰਗ-ਸ਼ਰਮ ਕਿੱਲੇ ਟੰਗ ਕੇ ਆਉਂਦੇ ਨੇ। ਇਹ ਵੈਲੀ ਸਰਕਾਰੀ ਮੁਲਾਜ਼ਮਾਂ ਦੀ ਵੀ ਦੁਪਹਿਰ ਦੀ ਰੋਟੀ ਤੋਂ ਬਾਅਦ ਦੀ ਸੈਰਗਾਹ ਹੈ। ਇੱਥੇ ਉਹ ਆਪਣੇ ਅਫ਼ਸਰਾਂ ਖ਼ਿਲਾਫ਼ ਦਿਲ ਦੀ ਭੜਾਸ ਮੰਡਲੀਆਂ 'ਚ ਬੈਠ ਕੇ ਕੱਢਦੇ ਨੇ ਤੇ ਇਕ-ਦੋ ਤਾਸ਼ ਦੀਆਂ ਬਾਜ਼ੀਆਂ ਵੀ ਲਾ ਜਾਂਦੇ ਹਨ।

ਕਲਾ ਭਵਨ ਤੋਂ ਥੋੜ੍ਹੀ ਵਿੱਥ 'ਤੇ ਹੀ ਇਕ ਓਪਨ ਏਅਰ ਢਾਬਾ ਹੈ। ਇੱਥੇ ਪਰਾਉਂਠੇ ਛਕਣ ਵਾਲਿਆਂ ਦੀ ਭੀੜ ਲੱਗੀ ਰਹਿੰਦੀ ਹੈ। ਇੱਥੋਂ ਉੱਠਦਾ ਧੂੰਆਂ ਸਿਟੀ ਬਿਊਟੀਫੁੱਲ ਦਾ ਮੂੰਹ ਚਿੜਾਉਂਦਾ ਹੈ।

ਕਲਾ ਭਵਨ ਦੇ ਅਗਲੇ ਵਿਹੜੇ ਦੇ ਸੱਜੇ ਪਾਸੇ ਰੰਧਾਵਾ ਆਡੀਟੋਰੀਅਮ ਹੈ। ਇਸ ਅੰਦਰ ਹਨੇਰਾ ਜ਼ਿਆਦਾ ਤੇ ਚਾਨਣ ਘੱਟ ਹੈ। ਇੱਥੇ ਹੋ ਰਹੀ ਡਿਜੀਟਲ ਫ਼ਿਲਮ ਮੇਕਿੰਗ ਵਰਕਸ਼ਾਪ 'ਚ ਮੈਂ ਅਗਲੇ ਦਿਨ ਬਿਤਾਉਣੇ ਨੇ। ਪ੍ਰੋਗਰਾਮ ਦੇ ਰਸਮੀ ਉਦਘਾਟਨ ਲਈ ਬੀੜਾ ਬੰਨ੍ਹਿਆ ਜਾ ਰਿਹਾ ਹੈ। ਪਰ ਰੋਸ਼ਨੀ ਦੀ ਘਾਟ ਰੜਕ ਰਹੀ ਹੈ। ਪ੍ਰਬੰਧਕ ਵੀ ਇਸ ਗੱਲ ਤੋਂ ਕੁਝ ਚਿੰਤਤ ਲੱਗਦੇ ਨੇ। ਲਾਈਟਾਂ ਤਾਂ ਅੰਦਰ ਬਹੁਤ ਲੱਗੀਆਂ ਨੇ ਕਿਉਂਕਿ ਇੱਥੇ ਨਾਟਕ ਖੇਡੇ ਜਾਂਦੇ ਨੇ। ਇਸ ਲਈ ਪੂਰਾ ਲਾਈਟਿੰਗ ਸਿਸਟਮ ਹੈ, ਪਰ ਜਿਸ ਲਾਈਟ ਦੀ ਉਦਘਾਟਨ ਸਮੇਂ ਜ਼ਰੂਰਤ ਹੈ, ਉਸ ਦੀ ਕਮੀ ਹੈ। ਵਰਕਸ਼ਾਪ ਦੀ ਮਹੱਤਤਾ ਤੇ ਮਕਸਦ ਬਾਰੇ ਸੰਖੇਪ ਜਿਹੀ ਜਾਣਕਾਰੀ ਦੇਣ ਤੋਂ ਬਾਅਦ ਪ੍ਰੀਤਮ ਰੁਪਾਲ, ਡਾਕਟਰ ਯੋਗ ਰਾਜ ਨੂੰ ਸੱਦਾ ਦਿੰਦੇ ਹਨ। ਯੋਗ ਰਾਜ ਕਾਫ਼ੀ ਲੰਬਾ ਬੋਲਦੇ ਹਨ। ਗੱਲਾਂ ਚੰਗੀਆਂ ਕਰ ਰਹੇ ਨੇ, ਮੱਠੀ-ਮੱਠੀ ਰਫ਼ਤਾਰ ਨਾਲ। ਪਰ ਮੈਨੂੰ ਪਤਾ ਨਹੀਂ ਕਿਉਂ ਇਹ ਰਸਮੀ ਬੰਦੋਬਸਤ ਨਾਲ ਪੁਰਾਣੀ ਖਿਝ ਹੈ। ਮੈਨੂੰ ਲੱਗਦਾ ਹੈ ਇਸ ਦੀ ਲੋੜ ਨਹੀਂ ਸੀ। ਪਰ ਪ੍ਰਬੰਧਕਾਂ ਲਈ ਇਹ ਲਾਜ਼ਮੀ ਰੀਤ ਹੈ। ਇਸ ਨੂੰ ਤੋੜਨਾ ਏਨਾ ਅਸਾਨ ਵੀ ਨਹੀਂ। ਕਈ ਵਾਰ ਇਹ ਰੀਤ ਨੂੰ ਤੋੜਨਾ ਵੱਡੀ ਖੁਨਾਮੀ ਦਾ ਸਬੱਬ ਬਣ ਜਾਂਦਾ ਹੈ।

ਯੋਗ ਰਾਜ ਤੋਂ ਬਾਅਦ ਹਰਜੀਤ ਸਿੰਘ ਨੂੰ ਬੋਲਣ ਦਾ ਸੱਦਾ ਦਿੱਤਾ ਗਿਆ ਹੈ। ਹਰਜੀਤ ਸਿੰਘ ਲੰਬਾ ਸਮਾਂ ਦੂਰਦਰਸ਼ਨ ਨਾਲ ਜੁੜੇ ਰਹੇ ਨੇ। ਪੰਜਾਬੀ ਫ਼ਿਲਮ ਜਗਤ ਵਿਚ ਇਹ ਸਤਿਕਾਰਤ ਹਸਤੀ ਨੇ। ਉਨ੍ਹਾਂ ਇਸ ਖੇਤਰ ਵਿਚ ਨਾਮ ਕਮਾਇਆ ਹੈ, ਇੱਜ਼ਤ ਖੱਟੀ ਹੈ। ਮੈਂ ਹਰਜੀਤ ਬਾਰੇ ਕਾਫ਼ੀ ਦੇਰ ਪਹਿਲਾਂ ਸੁਣਿਆਂ ਸੀ, ਪਰ ਮੁਲਾਕਾਤ ਪਹਿਲੀ ਵਾਰ ਹੋਈ ਹੈ। ਹਰਜੀਤ ਸਿੰਘ ਵਰਕਸ਼ਾਪ ਦੀ ਰੂਹੇ-ਰਵਾਂ ਨੇ। ਸਾਰਾ ਕੁਝ ਉਨ੍ਹਾਂ ਕਰਵਾਉਣਾ ਹੈ ਤੇ ਸਾਰੀ ਕਾਰਵਾਈ ਉਨ੍ਹਾਂ ਦੁਆਲੇ ਘੁੰਮਣੀ ਹੈ।

ਹਰਜੀਤ ਧੀਰਜ ਤੇ ਧੀਮੀ ਸੁਰ ਵਾਲੀ ਸ਼ਖ਼ਸੀਅਤ ਹੈ। ਉਸ ਵਿਚ ਸਰੋਤਿਆਂ ਨੂੰ ਨਾਲ ਜੋੜ ਕੇ ਰੱਖਣ ਦੀ ਭਰਪੂਰ ਕਲਾ ਹੈ। ਫ਼ਿਲਮਾਂ ਬਾਰੇ ਤੇ ਫ਼ਿਲਮ ਬਣਾਉਣ ਵਾਲਿਆਂ ਬਾਰੇ ਉਹ ਦਿਲਚਸਪ ਕਹਾਣੀਆਂ ਸੁਣਾ ਰਿਹਾ ਹੈ। ਇਹ ਚੰਗਾ ਲਗ ਰਿਹਾ ਹੈ। ਦਾਦਾ ਸਾਹਿਬ ਫਾਲਕੇ ਬਾਰੇ ਉਹ ਕਈ ਨਵੀਆਂ ਗੱਲਾਂ ਦੱਸਦੇ ਨੇ। ਮੇਰੇ ਲਈ ਇਹ ਚੈਨ ਤੇ ਸਕੂਨ ਦੇ ਪਲ ਨੇ। ਹਰਜੀਤ ਦਾ ਕੰਮ ਕਰਨ ਦਾ ਤਰੀਕਾ ਵੀ ਹਫ਼ੜਾ-ਦਫ਼ੜੀ ਤੋਂ ਮੁਕਤ ਹੈ।

ਉਹ ਕੰਮ ਵਿਚ ਮੁਕੰਮਲਤਾ ਦੀ ਮੰਗ ਕਰਦਾ ਹੈ। ਸਮੇਂ ਦੀ ਕੋਈ ਪ੍ਰਵਾਹ ਨਹੀਂ ਪਰ ਕੰਮ ਦੀ ਕੁਆਲਿਟੀ ਨਾਲ ਕੋਈ ਸਮਝੌਤਾ ਨਹੀਂ। ਉਸ ਨਾਲ ਨੌਜਵਾਨ ਲੜਕਾ ਜੁਗਰਾਜ ਹੈ, ਜਿਸ ਦੀ ਫ਼ਿਲਮ ਤਕਨੀਕਾਂ ਤੇ ਵਿਧਾ ਤੇ ਚੰਗੀ ਪਕੜ ਹੈ। ਛੋਟੀ ਉਮਰ ਵਿਚ ਹੀ ਉਹ ਇਸ ਦੀਆਂ ਬਰੀਕੀਆਂ ਸਮਝ ਗਿਆ ਹੈ। ਹਰਜੀਤ ਦੀ ਜਾਣ-ਪਛਾਣ ਦਾ ਘੇਰਾ ਬਹੁਤ ਵਸੀਹ ਹੈ, ਇਸ ਲਈ ਉਸ ਦੇ ਕਹਿਣੇ ਤੇ ਕਈ ਫੋਟੋਗ੍ਰਾਫ਼ੀ, ਫ਼ਿਲਮਸਾਜ਼ੀ ਤੇ ਸਿਨਮੈਟੋਗ੍ਰਾਫ਼ੀ ਦੇ ਮਹਾਂਪੁਰਸ਼ ਵਰਕਸ਼ਾਪ ਵਿਚ ਪਹੁੰਚ ਰਹੇ ਹਨ ਤੇ ਇਸ ਕਰਕੇ ਸਾਨੂੰ ਵੀ ਅਜਿਹੇ ਮਹਾਂਪੁਰਸ਼ਾਂ ਨਾਲ ਸੰਵਾਦ ਕਰਨ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ। ਬਲਦੇਵ ਗਿੱਲ, ਮਨਜੀਤ ਸਿੰਘ, ਦਵਿੰਦਰ ਸਿੰਘ ਅਤੇ ਬਲਦੇਵ ਗਰੇਵਾਲ ਨਾਲ ਹੁਣ ਤਕ ਗੁਫ਼ਤਗੂ ਹੋ ਚੁੱਕੀ ਹੈ।

ਫ਼ਿਲਮਸਾਜ਼ੀ ਦਾ ਹੁਨਰ ਸਿੱਖਣ ਲਈ ਬਲਦੇਵ ਸਿੰਘ ਸੜਕਨਾਮਾ ਤੇ ਬਲਜੀਤ ਸਿੰਘ ਰੈਣਾ ਵੀ ਆਏ ਹੋਏ ਨੇ। ਬਲਦੇਵ ਸਿੰਘ ਪੰਜਾਬੀ ਸਾਹਿਤ ਦਾ ਵੱਡਾ ਸਿਰਨਾਵਾਂ ਹੈ। ਮੈਨੂੰ ਉਸ ਦੀ ਕਈ ਸਾਲ ਪਹਿਲਾਂ ਲਿਖੀ ਕਹਾਣੀ 'ਪਲੇਟ ਫਾਰਮ ਨੰਬਰ 11' ਦੇ ਕੁਝ ਅੰਸ਼ ਹਾਲੇ ਵੀ ਯਾਦ ਨੇ। ਬਲਦੇਵ ਦੀ ਖ਼ੂਬਸੂਰਤੀ ਇਹ ਹੈ ਕਿ ਉਹ ਆਪਣੀ ਪ੍ਰਸੰਸਾ ਸੁਣ ਕੇ ਆਪਣੀਆਂ ਪ੍ਰਾਪਤੀਆਂ ਦੀ ਦਸਤਾਰ ਨਹੀਂ ਛੇੜਦਾ। ਨਹੀਂ ਤਾਂ ਕਈ ਲੇਖਕ ਥੋੜ੍ਹੀ ਜਿਹੀ ਪ੍ਰਸ਼ੰਸਾ ਸੁਣ ਕੇ ਫਟਣ ਤੇ ਆ ਜਾਂਦੇ ਹਨ ਤੇ ਫੇਰ ਉਨ੍ਹਾਂ ਤੋਂ ਖਹਿੜਾ ਛੁਡਾਉਣਾ ਔਖਾ ਹੋ ਜਾਂਦਾ ਹੈ। ਬਲਦੇਵ ਬਾਰੇ ਕਿਹਾ ਜਾ ਸਕਦਾ ਹੈ ਕਿ 'ਫਲ ਨੀਵਿਆਂ ਰੁੱਖਾਂ ਨੂੰ ਲਗਦੇ, ਸਿੰਬਲਾ ਗੁਮਾਨ ਨਾ ਕਰੀਂ'। ਬਲਦੇਵ ਨਾ ਅੱਕਦਾ ਹੈ, ਨਾ ਥੱਕਦਾ ਹੈ। ਉਸ ਨੇ ਇਕ ਮਿੰਨੀ ਕਹਾਣੀ ਦੀ ਪਟਕਥਾ ਵਰਕਸ਼ਾਪ ਵਿਚ ਫਿਲਮਾਉਣ ਲਈ ਲਿਖੀ ਹੈ। ਉਹ ਵਾਰ-ਵਾਰ ਸੋਧਣੀ ਪੈ ਰਹੀ ਹੈ ਕਿਉਂਕਿ ਮਿੰਨੀ ਫ਼ਿਲਮ ਦੀ ਪਟਕਥਾ ਲਿਖਣੀ ਕੋਈ ਖਾਲਾ ਜੀ ਦਾ ਵਾੜਾ ਨਹੀਂ, ਇਹ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਲੀ ਗੱਲ ਹੈ। ਰੈਣਾ ਜੀ ਮਸਤ ਆਦਮੀ ਹਨ। ਉਹ ਅਨੰਦਮਈ ਅਵਸਥਾ ਵਿਚ ਰਹਿੰਦੇ ਹਨ। ਜਦੋਂ ਗੱਲ ਦੱਸਣੀ ਹੋਵੇ ਤਾਂ ਫੇਰ ਖੁੱਲ੍ਹ ਕੇ ਅੱਗੇ ਆਉਂਦੇ ਹਨ। ਫ਼ਿਲਮਾਂ ਨਾਲ ਜੁੜੇ ਹਨ। ਸਾਹਿਤ ਦੇ ਖੇਤਰ ਵਿਚ ਵੀ ਉਨ੍ਹਾਂ ਦੀ ਚੰਗੀ ਪਹਿਚਾਣ ਹੈ। ਵਰਕਸ਼ਾਪ ਵਿਚ ਕੁਝ ਨੌਜਵਾਨ ਮੁੰਡੇ-ਕੁੜੀਆਂ ਵੀ ਭਾਗ ਲੈ ਰਹੇ ਹਨ।

ਗੱਲ ਖਿੱਲਰ ਰਹੀ ਹੈ। ਮੁੜ ਹਰਜੀਤ ਵੱਲ ਆਉਂਦੇ ਹਾਂ। ਉਹ ਸਾਨੂੰ ਬੜੀਆਂ ਖ਼ੂਬਸੂਰਤ ਮਿੰਨੀ ਫ਼ਿਲਮਾਂ ਦਿਖਾ ਰਹੇ ਹਨ। ਬੜਾ ਅਨੰਦ ਆ ਰਿਹਾ ਹੈ। ਇਕ ਨਵੀਂ ਦੁਨੀਆ ਦੇ ਦਰਸ਼ਨ ਹੋ ਰਹੇ ਹਨ। ਫ਼ਿਲਮਾਂ ਦੇਖਦੇ-ਦੇਖਦੇ ਮੇਰੀ ਬਿਰਤੀ ਦੁਨੀਆ ਦੇ ਮਹਾਂਪੁਰਸ਼ਾਂ ਨਾਲ ਜੁੜ ਜਾਂਦੀ ਹੈ। ਮੈਨੂੰ ਕਾਫ਼ਕਾ ਯਾਦ ਆ ਰਿਹਾ ਹੈ। ਕਾਮੂ, ਸਾਰਤਰੇ ਮੇਰੇ ਜ਼ਿਹਨ ਵਿਚ ਘੁੰਮ ਰਹੇ ਹਨ। ਹੌਬਜ਼, ਲੌਕ, ਰੂਸੋ ਦੇ ਨਾਲ ਮਨ ਹੀ ਮਨ ਵਿਚ ਗੱਲਾਂ ਹੋ ਰਹੀਆਂ ਹਨ। ਕੀਟਸ, ਵਰਡਜਵਰਥ, ਸ਼ੈਲੇ ਦੀਆਂ ਕਵਿਤਾਵਾਂ ਮਨ ਮੰਦਰ ਦੇ ਚੱਕਰ ਲਾ ਰਹੀਆਂ ਹਨ। ਮੈਨੂੰ ਅਮਰੀਕਾ ਦੇ ਕਵੀ ਐਡਵਿਨ ਮਰਖਮ ਦੁਆਰਾ ਡੇਢ ਸੌ ਸਾਲ ਪਹਿਲਾਂ ਕਿਸਾਨੀ ਬਾਰੇ ਲਿਖੀ ਕਵਿਤਾ 'ਮੈਨ ਵਿਦ-ਏ ਹੋਅ' ਯਾਦ ਆ ਰਹੀ ਹੈ, ਜੋ ਅੱਜ ਵੀ ਸਾਰਥਕ ਹੈ। ਸਾਡੇ ਹਿੱਸੇ ਅਜਿਹੇ ਸਿਰਨਾਵੇਂ ਕਿਉਂ ਨਹੀਂ ਆਏ। ਸਾਡੀ ਸ਼ਬਦ ਗੁਰੂ ਦੀ ਧਰਤੀ 'ਤੇ ਅਜਿਹੀਆਂ ਮਹਾਨ ਰੂਹਾਂ ਦਾ ਵਾਸਾ ਕਿਉਂ ਨਹੀਂ ਹੋਇਆ। ਇਹ ਸਵਾਲ ਮੈਨੂੰ ਪ੍ਰੇਸ਼ਾਨ ਕਰ ਰਿਹਾ ਹੈ। ਇਸ ਕਲਾ ਭਵਨ ਦੀ ਚਾਰਦੀਵਾਰੀ ਵਿਚ ਪੰਜਾਬ ਦੀ ਰਹਿਤਲ ਗੁੰਮ ਹੈ। ਇਸ 'ਤੇ ਅਫ਼ਸੋਸ ਹੀ ਕੀਤਾ ਜਾ ਸਕਦਾ ਹੈ।

## ਸੰਪਾਦਕ ਦੀ ਡਾਕ

**ਸੰਪਾਦਕ ਜੀ ,**

ਪੰਜਾਬ ਟਾਈਮਜ਼ ਹਮੇਸ਼ਾ ਦੀ ਤਰ੍ਹਾਂ ਜਾਣਕਾਰੀ ਭਰਪੂਰ ਲਿਖਤਾਂ ਲੈ ਕੇ ਹਾਜ਼ਰ ਹੋਇਆ ਹੈ ਅਤੇ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਇਸੇ ਤਰ੍ਹਾਂ ਚੜ੍ਹਦੀ ਕਲਾ ਵਿਚ ਪਾਠਕਾਂ ਨੂੰ ਜਾਣਕਾਰੀਆਂ ਵੰਡਦਾ ਰਹੇ। ਅਰੁੰਧਤੀ ਰਾਏ ਦਾ ਆਪਣੇ ਪੁਰਸਕਾਰ ਪ੍ਰਾਪਤੀ ਸਮੇਂ ਦਿੱਤਾ ਭਾਸ਼ਣ ਲੇਖ ਰੂਪ ਵਿਚ ਛਪਿਆ ਹੈ, ਜਿਸ ਨੇ ਇਜ਼ਰਾਈਲ ਵੱਲੋਂ ਨਿਹੱਥੇ ਫ਼ਲਸਤੀਨੀਆਂ ਦੀ ਕੀਤੀ ਜਾ ਰਹੀ ਨਸਲਕੁਸ਼ੀ ਦੀਆਂ ਕਈ ਨਵੀਆਂ ਪਰਤਾਂ ਫੋਲੀਆ ਹਨ। ਅਜਿਹੇ ਯਤਨ ਬਹੁਤ ਸ਼ਲਾਘਾਯੋਗ ਹਨ, ਕਿਉਂਕਿ ਕੁੱਝ ਚੰਗੇ-ਭਲੇ ਦਾਨਸ਼ਮੰਦ ਲੋਕ ਵੀ ਇਹ ਮੰਨਣ ਤੋਂ ਇਨਕਾਰੀ ਹਨ ਕਿ ਫ਼ਲਸਤੀਨੀਆਂ ਦੀ ਨਸਲਕੁਸ਼ੀ ਹੋ ਰਹੀ ਹੈ ਅਤੇ ਫ਼ਲਸਤੀਨ ਉਤੇ ਅਸਲੀ ਹੱਕ ਫ਼ਲਸਤੀਨੀਆਂ ਦਾ ਹੈ। ਧੱਕਾ ਫ਼ਲਸਤੀਨੀਆਂ ਨਾਲ ਹੋ ਰਿਹਾ ਹੈ ਨਾ ਕਿ ਇਜ਼ਰਾਈਲ ਨਾਲ।

ਬਲਜੀਤ ਬਾਸੀ ਦੇ ਬਹੁਤ ਹੀ ਜਾਣਕਾਰੀ ਭਰਪੂਰ, ਕਈ ਭੁਲੇਖਿਆਂ ਨੂੰ ਦੂਰ ਕਰਦੇ ਦੋ ਲੇਖ ਛਪੇ ਹਨ 'ਡੰਕੀ ਮਾਰਗ ਚੱਲਦਿਆਂ' ਅਤੇ 19 ਅਕਤੂਬਰ ਨੂੰ 'ਟਾਟਾ ਕਿ ਤਾਤਾ'। ਬਲਜੀਤ ਬਾਸੀ ਦੇ ਲੇਖ ਨੂੰ ਸਭ ਤੋਂ ਪਹਿਲਾਂ ਪੜ੍ਹਨ ਦੀ ਮੇਰੀ ਹਮੇਸ਼ਾ ਤਰਜੀਹ ਰਹੀ ਹੈ। ਇਸੇ ਲਈ ਲੰਬਾ ਸਮਾਂ 'ਪੰਜਾਬ ਟਾਈਮਜ਼' ਵਿਚੋਂ ਉਨ੍ਹਾਂ ਦੀ ਗੈਰਹਾਜ਼ਰੀ ਬਹੁਤ ਚੁੱਭਦੀ ਰਹੀ ਹੈ। ਜੋ ਜਾਣਕਾਰੀ ਬਾਸੀ ਕੋਲ ਹੈ ਉਹ ਹੋਰ ਕਿਸੇ ਨੇ ਹਾਲੇ ਤੱਕ 'ਪੰਜਾਬ ਟਾਈਮਜ਼' ਰਾਹੀਂ ਸਾਂਝੀ ਨਹੀਂ ਕੀਤੀ। ਪੰਜਾਬੀ ਯੂਨੀਵਰਸਿਟੀ ਵਿੱਚ ਰਹਿੰਦਿਆਂ ਅਜਿਹੀ ਜਾਣਕਾਰੀ ਰਿਆਲ ਸਾਹਿਬ ਗੁਰਬਾਣੀ ਦੀ ਕੋਈ ਤੁਕ ਲੈ ਕੇ ਸਾਂਝੀ ਕਰਿਆ ਕਰਦੇ ਸਨ। ਮੈਨੂੰ ਅਜਿਹਾ ਮੌਕਾ ਇਸ ਲਈ ਮਿਲ ਜਾਂਦਾ ਸੀ ਕਿ 'ਪੰਜਾਬੀ ਭਵਨ' ਵਿਚ ਮੇਰੇ ਵਿਭਾਗ ਦੀ ਉਪਰਲੀ ਮੰਜ਼ਿਲ ਤੇ ਰਿਆਲ ਸਾਹਿਬ ਦਾ ਕੋਸ਼ਕਾਰੀ ਵਿਭਾਗ ਸੀ। ਮੈਂ ਬਾਸੀ ਸਾਹਿਬ ਦਾ ਇਕ ਪਾਠਕ ਦੇ ਤੌਰ ਤੇ 'ਪੰਜਾਬ ਟਾਈਮਜ਼' ਵਿਚ ਘਰ-ਵਾਪਸੀ ਤੇ ਬਹੁਤ ਬਹੁਤ ਸਵਾਗਤ ਕਰਦੀ ਹਾਂ। ਉਮੀਦ ਕਰਦੀ ਹਾਂ ਕਿ ਉਹ ਦੁਬਾਰਾ ਆਪਣੀ ਕਲਮ ਨੂੰ 'ਪੰਜਾਬ ਟਾਈਮਜ਼' ਵਿਚੋਂ ਗੈਰ-ਹਾਜ਼ਰ ਕਰਕੇ ਨਿਰਾਸ਼ ਨਹੀ ਕਰਨਗੇ।

*-ਧੰਨਵਾਦ,*
*ਗੁਰਨਾਮ ਕੌਰ*

# ਦਿੱਲੀ ਤਖ਼ਤ ਦੇ ਦੋ ਰੰਗੀਲੇ

ਦਿੱਲੀ ਦੇ ਤਖ਼ਤ 'ਤੇ ਮੁਹੰਮਦ ਸ਼ਾਹ ਰੰਗੀਲਾ 1719 ਵਿਚ ਬੈਠਿਆ। ਇਸ ਨੇ 1748 ਤੀਕ ਰਾਜ ਕੀਤਾ। ਇਹ ਬਹਾਦਰ ਸ਼ਾਹ ਪਹਿਲੇ ਦਾ ਪੋਤਾ ਸੀ। ਇਸ ਦਾ ਪੂਰਾ ਨਾਂਅ 'ਮਿਰਜ਼ਾ ਨਾਸਰ ਉਦਦੀਨ ਮੁਹੰਮਦ ਸ਼ਾਹ ਰੋਸ਼ਨ ਅਖ਼ਤਰ ਸੀ। ਇਹ ਸਾਰਪਾਸਾ ਖੇਲਣ ਦਾ ਬਹੁਤ ਸ਼ੌਕੀਨ ਸੀ। ਸਾਰਾ ਦਿਨ ਆਪਣੇ ਦਰਬਾਰੀਆਂ ਨਾਲ ਸਾਰਪਾਸਾ ਖੇਲਦਾ ਰਹਿੰਦਾ। ਇਸ ਦੀਆਂ ਕਈ ਲੜਾਈਆਂ ਵੀ ਵਿਰੋਧੀਆਂ ਨਾਲ ਹੋਈਆਂ, ਜਿਸ ਵਿਚ ਮਰਹੱਟਿਆਂ ਨਾਲ ਲੜਾਈ ਮਸ਼ਹੂਰ ਹੈ। 1739 ਵਿਚ ਨਾਦਰ ਸ਼ਾਹ ਨੇ ਦਿੱਲੀ 'ਤੇ ਹਮਲਾ ਕੀਤਾ। ਉਹ ਮਾਰੋ-ਮਾਰ ਕਰਦਾ ਆ ਰਿਹਾ ਸੀ। ਪਹਿਰੇਦਾਰਾਂ ਨੇ ਦੱਸਿਆ, ਸੂਹੀਆ ਖ਼ਬਰ ਲੈ ਕੇ ਆਇਆ ਹੈ ਕਿ ਨਾਦਰ ਸ਼ਾਹ ਪਾਣੀਪਤ ਟੱਪ ਆਇਆ ਹੈ। ਮੁਹੰਮਦ ਸ਼ਾਹ ਰੰਗੀਲੇ ਜਵਾਬ ਦਿੱਤਾ, 'ਦਿੱਲੀ ਦੂਰ ਅਸਤ।'



**ਹਰਨੇਕ ਸਿੰਘ ਘੜੂੰਆਂ**
**ਫੋਨ: 91-98156-28998**

ਸੂਹੀਆ ਫਿਰ ਆਇਆ ਤੇ ਕਿਹਾ, ਨਾਦਰ ਸ਼ਾਹ ਧੌਲਾ ਕੂੰਆਂ ਟੱਪ ਆਇਆ ਹੈ। ਤੁਸੀਂ ਚਿੰਤਾ ਕਾਹਦੀ ਕਰਦੇ ਹੋ, ਰੰਗੀਲੇ ਨੇ ਕਿਹਾ। ਸੂਹੀਏ ਨੇ ਫਿਰ ਕਿਹਾ, ਨਾਦਰ ਸ਼ਾਹ ਕਿਲ੍ਹੇ ਦੀਆਂ ਬਰੂਹਾਂ 'ਤੇ ਪਹੁੰਚ ਗਿਆ ਹੈ। ਬਾਦਸ਼ਾਹ ਰੰਗੀਲੇ ਨੇ ਕਿਹਾ, ਪਿਛਲੇ ਦਰਵਾਜ਼ੇ ਵਿਚੋਂ ਭੱਜੋ, ਕਿਸੇ ਸੁੰਨ-ਮਸਾਨ ਜਗ੍ਹਾ ਸਾਰਪਾਸਾ ਖੇਲਦੇ ਹਾਂ।

ਅੱਜ ਫੇਰ ਦਿੱਲੀ ਦੇ ਤਖ਼ਤ 'ਤੇ ਦੂਸਰਾ ਰੰਗੀਲਾ ਬੈਠਾ ਹੈ। ਉਸ ਨੇ ਦੋਨੋਂ ਪੈਰ ਜੋੜ ਕੇ ਲਪੌਟਸੰਖੀ ਝੂਠ ਬੋਲਿਆ ਹੈ। ਇੱਕ ਬੰਦਾ ਕਿਸੇ ਫ਼ਕੀਰ ਦੀ ਸੇਵਾ ਕਰਦਾ ਸੀ। ਉਸ ਫ਼ਕੀਰ ਨੇ ਖ਼ੁਸ਼ ਹੋ ਕੇ ਕਿਹਾ, ਕਿ ਫਲਾਣੀ ਜਗ੍ਹਾ 'ਤੇ ਸੰਖ ਪਿਆ ਹੈ। ਤੂੰ ਹੱਥ ਜੋੜ ਕੇ ਕਹਿ ਕਿ ਸੰਖ ਮਹਾਰਾਜਾ ਮੈਨੂੰ ਜਿਹੜੀ ਲੋੜੀਂਦੀ ਚੀਜ਼ ਹੈ, ਉਸ ਦਾ ਨਾਂ ਲੈ ਕੇ ਕਹਿ ਦੇ ਕਿ ਮੈਨੂੰ ਉਹ ਦੇ ਦੇ। ਇਹ ਠੀਕ ਸਾਬਤ ਹੋਇਆ। ਉਹ ਜੋ ਵੀ ਸੰਖ-ਮਹਾਰਾਜ ਤੋਂ ਮੰਗਦਾ ਉਹ ਹੀ ਉਸ ਨੂੰ ਮਿਲ ਜਾਂਦਾ। ਉਸ ਦੀ ਜ਼ਿੰਦਗੀ ਬੜੀ ਖ਼ੁਸ਼ੀਆਂ ਭਰੀ ਹੋ ਗਈ। ਕਿਸੇ ਗੁਆਂਢੀ ਨੂੰ ਉਹ ਸਾਰੀ ਗੱਲ ਦੱਸ ਬੈਠਾ। ਗੁਆਂਢੀ ਨੇ ਉਹ ਸੰਖ ਚੁੱਕ ਕੇ ਉਸ ਦੀ ਥਾਂ ਕੋਈ ਹੋਰ ਸੰਖ ਰੱਖ ਦਿੱਤਾ। ਜਦੋਂ ਉਹ ਇਨਸਾਨ ਸੰਖ ਕੋਲ ਗਿਆ, ਉਸ ਨੇ ਹੱਥ ਜੋੜ ਕੇ ਕਿਹਾ, ਸੰਖ ਮਹਾਰਾਜ ਜੀ, ਮੈਨੂੰ ਸੌ ਰੁਪਏ ਚਾਹੀਦੇ ਹਨ, ਤਾਂ ਸੰਖ ਨੇ ਕਿਹਾ ਸੌ ਦਾ ਕੀ ਲੈਣਾ ਤੂੰ ਦੋ ਸੌ ਲੈ। ਉਸ ਵਿਅਕਤੀ ਨੇ ਕਿਹਾ ਕਿ ਚਲੋ ਦੋ ਸੌ ਦੇ ਦਿਓ। ਜਦੋਂ ਉਸ ਨੇ ਕਿਹਾ ਦੋ ਸੌ ਦੇ ਦਿਓ ਤਾਂ ਸੰਖ ਮਹਾਰਾਜ ਨੇ ਕਿਹਾ ਦੋ ਸੌ ਕੀ ਲੈਣੇ, ਚਾਰ ਸੌ ਲੈ। ਜਦੋਂ ਉਸ ਨੇ ਕਿਹਾ ਕਿ ਲਿਆਓ ਚਾਰ ਸੌ ਦੇ ਦਿਓ ਤਾਂ ਸੰਖ ਮਹਾਰਾਜ ਕਹਿੰਦਾ ਚਾਰ ਸੌ ਕੀ ਲੈਣੇ, ਅੱਠ ਸੌ ਲੈ ਲਾ। ਉਸ ਵਿਅਕਤੀ ਨੇ ਹੱਥ ਜੋੜ ਕੇ ਕਿਹਾ ਸੰਖ ਮਹਾਰਾਜ ਜੀ, ਤੁਹਾਨੂੰ ਕੀ ਹੋ ਗਿਆ ਹੈ। ਅੱਗੋਂ ਸੰਖ ਬੋਲਿਆ, ਕਿ 'ਲਪੌਟ ਸੰਖ' ਹਾਂ, ਮੈਂ ਕੁਝ ਵੀ ਦਿੰਦਾ ਨਹੀਂ, ਬਸ ਬੰਦੇ ਨੂੰ ਖ਼ੁਸ਼ ਕਰਦਾ ਹਾਂ। ਅੱਜ-ਕੱਲ੍ਹ ਉਹ ਸੰਖ 'ਨਰਿੰਦਰ ਦਾਮੋਦਰ ਦਾਸ ਮੋਦੀ' ਜੀ ਦੇ ਅੰਦਰ ਸਮਾ ਗਿਆ ਹੈ।

ਜਿਹੜਾ ਬਜ਼ੁਰਗ ਉੱਥੇ ਸੌ ਰੁਪਏ ਮਹੀਨਾ ਫ਼ੀਸ ਦੀਆਂ ਪਰਚੀਆਂ ਕੱਟਦਾ ਸੀ, ਮੈਂ ਉਸ ਕੋਲ 100 ਰੁਪਏ ਦੀ ਪਰਚੀ ਕਟਵਾਉਣ ਲਈ ਬੈਠ ਗਿਆ। ਬਾਬਾ ਇੱਕ ਹਿੰਦੂ ਸੀ। ਮੈਂ ਉਸ ਦੇ ਕੋਲ ਮੋਦੀ ਦੀ ਤਾਰੀਫ਼ ਕਰਨੀ ਸ਼ੁਰੂ ਕਰ ਦਿੱਤੀ। ਠੀਕ... ਐ। ਉਸ ਦੀ ਲੰਮੀ ਠੀਕ 'ਤੇ ਮੈਨੂੰ ਥੋੜ੍ਹਾ ਸ਼ੱਕ ਪਿਆ। ਮੈਂ ਫਿਰ ਪੁੱਛਿਆ, ਬਾਬਾ ਜੀ ਕਿਆ ਗੱਲ। ਬਾਬੇ ਨੇ ਕਿਹਾ, 'ਮੋਦੀ ਸਾਬ੍ਹ ਬੜੀ ਗਿਣਤੀ ਵਿਚ ਲੋਕਾਂ ਨੂੰ ਨਾਲ ਲੈ ਕੇ ਜਾਂਦੇ ਹਨ। ਉਨ੍ਹਾਂ ਨੂੰ ਮੂਹਰਲੀ ਲਾਈਨ ਵਿਚ ਬਿਠਾ ਦਿੱਤਾ ਜਾਂਦਾ ਹੈ, ਤੇ ਉਹ ਜ਼ੋਰ-ਜ਼ੋਰ ਨਾਲ 'ਮੋਦੀ-ਮੋਦੀ' ਕਰਦੇ ਹਨ। ਉਸ ਬਾਬੇ ਦੀ ਗੱਲ ਸੁਣ ਕੇ ਮੈਂ ਖਿਲਖਿਲਾ ਕੇ ਹੱਸਿਆ। ਅੱਠ-ਦਸ ਮਹੀਨੇ ਤਾਂ ਮੋਦੀ ਦਾ ਠੀਕ-ਠਾਕ ਕੰਮ ਚਲਦਾ ਰਿਹਾ। ਇਸ ਤੋਂ ਬਾਅਦ ਮੋਦੀ ਸਾਹਬ ਜੋ ਵੀ ਛਿੱਕਾ ਮਾਰਦੇ, ਉਹ ਫੜਿਆ ਜਾਂਦਾ। ਮੋਦੀ ਸਾਹਬ ਨੇ ਅੱਧੀ ਰਾਤ ਕਰੰਸੀ ਬਦਲਣ ਦੀ ਗੱਲ ਕਰੀ। ਦੇਸ਼ ਦੇ ਜਿੰਨੇ ਵੱਡੇ-ਵੱਡੇ ਧਨਾਢ ਸੀ, ਉਨ੍ਹਾਂ ਦਾ ਕਾਲਾ ਧਨ ਚਿੱਟਾ ਹੋ ਗਿਆ। ਫਿਰ ਇਨ੍ਹਾਂ ਨੇ ਜੀ.ਐਸ.ਟੀ. ਲਗਾਈ। ਉਸ ਦੇ ਵਿਚ ਵੀ ਲੋਕਾਂ ਲਈ ਪਰੇਸ਼ਾਨੀਆਂ ਖੜ੍ਹੀਆਂ ਹੋ ਗਈਆਂ। ਅਚਾਨਕ ਪੂਰੇ ਦਾ ਪੂਰਾ ਦੇਸ਼ ਕਰੋਨਾ ਬਿਮਾਰੀ ਦੀ ਲਪੇਟ ਵਿਚ ਆ ਗਿਆ। ਮੋਦੀ ਸਾਹਬ ਨੇ ਕਿਹਾ, 'ਜਹਾਂ ਖੜੇ ਹੋ, ਵਹੀਂ ਬੈਠ ਜਾਓ।' ਜੋ ਮਜ਼ਦੂਰ ਸਵੇਰੇ ਮਜ਼ਦੂਰੀ ਕਰਕੇ ਸ਼ਾਮ ਨੂੰ ਆਟਾ ਖ਼ਰੀਦਦਾ ਸੀ, ਉਸ ਨੂੰ ਸਮਝ ਨਾ ਆਵੇ ਕਿ ਮੈਂ ਹੁਣ ਕੀ ਕਰਾਂ ਤੇ ਕੀ ਨਾ ਕਰਾਂ। ਲੋਕਾਂ ਵਿਚ ਬੜੀ ਬੇਚੈਨੀ ਫੈਲ ਗਈ। ਪਹਿਲਾਂ ਇੱਕ ਹਫ਼ਤੇ ਲਈ ਲੌਕ-ਡਾਊਨ ਲਗਾਇਆ। ਫਿਰ ਵਧਾ ਕੇ ਦੋ ਹਫ਼ਤਿਆਂ ਲਈ ਕਰ ਦਿੱਤਾ ਗਿਆ। ਮਜ਼ਦੂਰਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਜੇ ਮਰਨਾ ਹੈ ਤਾਂ ਆਪਣੇ ਪਿੰਡ ਜਾ ਕੇ ਹੀ ਮਰਾਂਗੇ। ਸੜਕਾਂ 'ਤੇ ਮਜ਼ਦੂਰਾਂ ਨੂੰ ਪੁਲਸ ਨੇ ਡਾਂਗਾਂ ਨਾਲ ਕੁੱਟਿਆ। ਇੱਕ ਲੜਕੀ ਆਪਣੇ ਪਿਉ ਨੂੰ ਸਾਈਕਲ 'ਤੇ ਬਿਠਾ ਕੇ 1200 ਕਿਲੋਮੀਟਰ ਤੱਕ ਗਈ। ਕੁਝ ਮਜ਼ਦੂਰ ਰਾਤਾਂ ਨੂੰ ਰੇਲਵੇ ਪਟੜੀ ਦੇ ਨਾਲ-ਨਾਲ ਤੁਰ ਪਏ। ਜੇ ਸਰਕਾਰ ਨੂੰ ਪੁੱਛਿਆ ਜਾਂਦਾ ਕਿ ਤੁਸੀਂ ਕਿਉਂ ਨਹੀਂ ਜਾਣ ਦਿੰਦੇ, ਉਹ ਕਹਿੰਦੇ ਕਿ ਇਹ ਪਿੰਡਾਂ 'ਚ ਜਾ ਕੇ ਕਰੋਨਾ ਫੈਲਾ ਦੇਣਗੇ। ਕੁਝ ਦਿਨਾਂ ਬਾਅਦ ਗੁਜਰਾਤ ਵਿਚ ਤਿੰਨ ਲੱਖ ਬੰਦਾ ਇਕੱਠਾ ਕਰਕੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਬੁਲਾਇਆ ਗਿਆ। ਜੇ ਮੋਦੀ ਸਰਕਾਰ ਨੂੰ ਪੁੱਛਿਆ ਜਾਵੇ ਕਿ ਮਜ਼ਦੂਰ ਪਿੰਡਾਂ 'ਚ ਜਾਣ ਨਾਲ ਕਰੋਨਾ ਫੈਲਦਾ ਹੈ ਤਾਂ ਤਿੰਨ ਲੱਖ ਲੋਕਾਂ ਦਾ ਕਰੋਨਾ ਕਿੱਥੇ ਗਿਆ? ਕਰੋਨਾ ਨਾਲ ਮਰੇ ਲੋਕਾਂ ਦੀਆਂ ਲਾਸ਼ਾਂ ਗੰਗਾ ਨਦੀ ਵਿਚ ਤੈਰਦੀਆਂ ਦੇਖੀਆਂ ਗਈਆਂ। ਜਦੋਂ ਸਰਕਾਰ ਨੂੰ ਇਨ੍ਹਾਂ ਲਾਸ਼ਾਂ ਬਾਰੇ ਸਵਾਲ ਕਰੀਏ ਤਾਂ ਉਹ ਕਹਿੰਦੇ, ਇਹ ਲੋਕ ਜਲ ਸਮਾਧੀ ਲੈਂਦੇ ਹਨ। ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਅੱਜ-ਕੱਲ੍ਹ ਇੱਕ ਵੀ ਲਾਸ਼ ਗੰਗਾ 'ਚ ਨਹੀਂ ਮਿਲਦੀ। ਉਹ ਜਲ ਸਮਾਧੀ ਹੁਣ ਕਿੱਥੇ



ਮੁਹੰਮਦ ਸ਼ਾਹ ਰੰਗੀਲਾ



ਨਰਿੰਦਰ ਮੋਦੀ

ਗਈ? ਪੂਰੇ ਦੇਸ਼ ਦੇ ਗੁਰੂ ਘਰਾਂ ਵਿਚ ਲੰਗਰ ਖੁੱਲ੍ਹ ਗਏ। ਉੱਥੇ ਆ ਕੇ ਗਰੀਬ ਗੁਰਬਾ ਲੰਗਰ ਛਕਦਾ। ਇੱਥੋਂ ਤੱਕ ਲੋੜਵੰਦ ਲੋਕਾਂ ਲਈ ਆਕਸੀਜਨ ਗੈਸ ਸਿਲੰਡਰ ਦਾ ਵੀ ਲੰਗਰ ਲਾਇਆ ਗਿਆ। ਹਿੰਦੁਸਤਾਨ ਨੇ ਆਪਣੀ ਵੈਕਸੀਨ ਤਿਆਰ ਕਰ ਲਈ ਸੀ, ਪਰ ਲੋਕਾਂ ਕੋਲ ਪਹੁੰਚਾਣ ਲਈ ਦੇਰੀ ਇਸ ਕਰਕੇ ਹੋ ਗਈ ਕਿ ਮੋਦੀ ਸਾਹਬ ਦੀ ਹਰ ਸ਼ੀਸ਼ੀ 'ਤੇ ਫੋਟੋ ਲਾਉਣ ਲਈ ਕਾਫ਼ੀ ਸਮਾਂ ਲੱਗਿਆ। ਮੋਦੀ ਸਾਹਬ ਦਾ ਸਟੈਂਡ ਸਾਈਕਲ ਦੇ ਸਟੈਂਡ ਨਾਲੋਂ ਵੀ ਕਮਜ਼ੋਰ ਹੈ। ਮੋਦੀ ਸਾਹਬ ਬੰਬੇ ਬੋਲ ਕੇ ਆਏ ਕਿ ਅਜੀਤ ਪਵਾਰ ਨੇ 70 ਹਜ਼ਾਰ ਕਰੋੜ ਦਾ ਘਪਲਾ ਕੀਤਾ ਹੈ। ਬਸ ਹੁਣ 'ਚੱਕੀ ਪੀਸਿੰਗ, ਚੱਕੀ ਪੀਸਿੰਗ', ਪਰ ਕੁਝ ਦਿਨਾਂ ਬਾਅਦ ਅਜੀਤ ਪਵਾਰ ਨੂੰ ਬੀ.ਜੇ.ਪੀ. ਦੀ ਸਰਕਾਰ ਵਿਚ ਡਿਪਟੀ ਮੁੱਖ ਮੰਤਰੀ ਲੈ ਲਿਆ ਗਿਆ। ਮੋਦੀ ਸਾਬ੍ਹ ਪਾਕਿਸਤਾਨ ਨੂੰ ਦਮਗਜੇ ਮਾਰਦਾ ਰਹਿੰਦਾ ਹੈ, ਪਰ ਇਹ ਦੇਖ ਕੇ ਬੜੀ ਹੈਰਾਨੀ ਹੋਈ ਕਿ ਮੋਦੀ ਸਾਬ੍ਹ ਬਿਨਾਂ ਵੀਜ਼ੇ ਤੋਂ ਪਾਕਿਸਤਾਨ ਪਹੁੰਚ ਗਏ। ਪਾਕਿਸਤਾਨ ਸਰਕਾਰ ਨੇ ਪਹਿਲਾਂ ਮੋਦੀ ਸਾਹਬ ਦਾ ਵੀਜ਼ਾ ਬਣਾਇਆ ਤੇ ਫਿਰ ਲਾਹੌਰ ਸ਼ਹਿਰ ਲੈ ਗਏ। ਉੱਥੇ ਮੋਦੀ ਸਾਬ੍ਹ ਨੂੰ ਕਿੰਨੇ ਹੀ ਲੋਗਾਂ ਦੇ ਪੈਰੀਂ ਹੱਥ ਲਾਉਂਦੇ ਦੇਖਿਆ ਗਿਆ। ਇਸੇ ਤਰ੍ਹਾਂ ਦੀ ਇੱਕ ਘਟਨਾ ਉਦੋਂ ਵਾਪਰੀ, ਜਦੋਂ ਮੋਦੀ ਸਾਹਬ ਇੱਕ ਟੰਗ ਚੱਕ ਕੇ ਨਾਅਰੇ ਲਾਉਂਦੇ ਅਮਰੀਕਾ ਵਿਚ ਦੇਖੇ ਗਏ। ਅਸੀਂ ਇੱਕ ਦੂਸਰੇ ਦੇਸ਼ ਵਿਚ ਜਾ ਕੇ ਚੋਣ-ਪ੍ਰਚਾਰ ਨਹੀਂ ਕਰ ਸਕਦੇ। ਉੱਥੋਂ ਦਾ ਚੋਣ ਕਮਿਸ਼ਨ ਮੋਦੀ ਸਾਬ੍ਹ 'ਤੇ ਪਰਚਾ ਕਰਵਾ ਸਕਦਾ ਸੀ, ਤੇ ਮੋਦੀ ਸਾਬ੍ਹ ਦੇ ਆਪਹੁਦਰੇਪਣ ਨਾਲ ਸਾਰਾ ਦੇਸ਼ ਸ਼ਰਮਿੰਦਾ ਹੈ। ਮੋਦੀ ਸਾਬ੍ਹ ਦੀਆਂ ਕਈ ਇਹੋ ਜਿਹੀਆਂ ਹਲਕੀਆਂ ਗੱਲਾਂ ਕਰਨ 'ਤੇ ਬੀ.ਜੇ.ਪੀ. ਦੀਆਂ ਘਟ ਕੇ 240 ਸੀਟਾਂ ਰਹਿ ਗਈਆਂ। ਹਾਲਾਂ ਕਿ ਭਾਰਤ ਦਾ ਚੋਣ ਕਮਿਸ਼ਨ ਮੋਦੀ ਸਾਬ੍ਹ 'ਤੇ ਬੜਾ ਮਿਹਰਬਾਨ ਸੀ। ਮੋਦੀ ਸਾਹਿਬ ਦੁਬਾਰਾ-ਦੁਬਾਰਾ 400 ਪਾਰ ਦਾ ਨਾਅਰਾ ਲਾਉਂਦੇ ਰਹੇ।

ਭਾਰਤ ਵਿਚ ਜੋ ਵੀ ਜਨਮਿਆ ਹੈ ਉਹ ਸਾਡੇ ਦੇਸ਼ ਦਾ ਸਤਿਕਾਰਯੋਗ ਸ਼ਹਿਰੀ ਹੈ ਅਤੇ ਉਸ ਨੂੰ ਬਰਾਬਰ ਦੀ ਇੱਜ਼ਤ ਮਿਲਣੀ ਚਾਹੀਦੀ ਹੈ। ਪਰ ਸਰਕਾਰ ਦੀ ਸ਼ਹਿ 'ਤੇ ਕੁਝ ਘਟਨਾਵਾਂ ਅਜਿਹੀਆਂ ਵਾਪਰੀਆਂ, ਜਿਨ੍ਹਾਂ ਨੂੰ ਦੇਖ ਕੇ ਬਹੁਤ ਦੁੱਖ ਹੁੰਦਾ ਹੈ, ਜਿਵੇਂ ਕਿਸਾਨ ਅੰਦੋਲਨ ਵਿਚ 850 ਦੇ ਕਰੀਬ ਕਿਸਾਨਾਂ ਦੀ ਜਾਨ ਚਲੇ ਗਈ। ਬੇਸ਼ਰਮੀ ਦੀ ਹੱਦ ਉਦੋਂ ਹੋਈ, ਜਦੋਂ ਹਿੰਦੁਸਤਾਨ ਦੇ ਰਾਜ ਗ੍ਰਹਿ ਮੰਤਰੀ ਦੇ ਬੇਟੇ ਨੇ ਸ਼ਾਂਤੀਪੂਰਵਕ ਬੈਠੇ ਕਿਸਾਨਾਂ 'ਤੇ ਗੱਡੀ ਚੜ੍ਹਾ ਦਿੱਤੀ ਤੇ ਲਗਭਗ 10 ਕਿਸਾਨਾਂ ਦੀ ਜਾਨ ਚਲੀ ਗਈ। ਕਿਸਾਨਾਂ ਨੇ ਬੜੀ ਮੁਸ਼ਕਿਲ ਨਾਲ ਪਰਚਾ ਦਰਜ ਕਰਵਾਇਆ। ਏਸੇ ਤਰ੍ਹਾਂ ਦਿੱਲੀ ਦੇ ਨਾਲ ਮੁਸਤਫ਼ਾਪੁਰ ਵਿਚ ਬੀ.ਜੇ.ਪੀ. ਨੇਤਾ ਕਪਿਲ ਮਿਸ਼ਰਾ ਨੇ 1500 ਗੁੰਡੇ ਲਿਜਾ ਕੇ 300 ਅਲਵੀ ਮੁਸਲਮਾਨਾਂ ਦੇ ਘਰ ਸਾੜ ਦਿੱਤੇ। ਇਹ ਉਹ ਗਰੀਬ ਲੋਕ ਹਨ, ਜਿਹੜੇ ਲੋਕਾਂ ਦੇ ਘਰਾਂ 'ਚ ਸਫ਼ਾਈ ਕਰ ਕੇ ਆਪਣਾ ਪੇਟ ਪਾਲ ਰਹੇ ਸੀ। ਏਸੇ ਤਰ੍ਹਾਂ ਦੇਖਿਆ ਜਾਂਦਾ ਹੈ ਕਿ ਜੇ ਕੋਈ ਮੁਸਲਮਾਨ ਦੁੱਧ ਵਾਲੀ ਗਾਂ ਲੈ ਕੇ ਜਾ ਰਿਹਾ ਹੈ, ਉਸ ਨੂੰ ਕੁੱਟ-ਕੁੱਟ ਕੇ 'ਜੈ ਸ਼੍ਰੀ ਰਾਮ' ਕਹਾਇਆ ਜਾਂਦਾ ਹੈ। ਕਰਨਾਟਕਾ ਵਿਚ ਹਿੰਦੁਸਤਾਨ ਦੀਆਂ ਧੀਆਂ ਤੇ ਮੁਸਲਮਾਨਾਂ ਦੀਆਂ ਕੁੜੀਆਂ ਦੇ ਸਿਰਾਂ ਦੇ ਸਾਲੂ ਲਾਹੇ ਦੇਖੇ ਗਏ। ਹਰਿਆਣੇ ਵਿਚ ਪਹਿਲਵਾਨ ਮੁੰਡਿਆਂ ਤੇ ਕੁੜੀਆਂ ਨੇ ਇੱਕ ਬੁਰਛੇ ਖ਼ਿਲਾਫ਼ ਧਰਨਾ ਦਿੱਤਾ। ਇਨ੍ਹਾਂ ਦੀ ਪਿੱਠ 'ਤੇ ਕਿਸਾਨ ਜਥੇਬੰਦੀਆਂ ਵੀ ਆਈਆਂ, ਪਰ ਕੋਈ ਖ਼ਾਸ ਸੁਣਵਾਈ ਨਹੀਂ ਹੋਈ।

ਮੇਰੇ ਤਾਜਦਾਰੋ ਸਾਨੂੰ ਵੱਸਣ ਦਿਓ। ਅਜੇ ਤਾਂ ਸਾਡੇ ਪੁਰਾਣੇ ਜ਼ਖ਼ਮ ਵੀ ਨਹੀਂ ਆਠਰੇ। ਸੰਨ ਸੰਤਾਲੀ ਵਿਚ ਜੋ ਜ਼ਖ਼ਮ ਸਾਨੂੰ ਮਿਲੇ, ਉਹ ਅਜੇ ਵੀ ਟਸ-ਟਸ ਕਰ ਰਹੇ ਹਨ। ਕਦੇ ਸੋਚਿਆ ਵੀ ਨਹੀਂ ਸੀ ਸਾਡੇ ਨਾਲ ਇਹ ਕੁਝ ਵਾਪਰੇਗਾ। ਸਰਦਾਰ ਮੰਗਲ ਸਿੰਘ ਨੱਤ ਨੇ ਮੰਡੀ ਬਹਾਉਦੀਨ (ਗੁਜਰਾਂਵਾਲਾ ਜ਼ਿਲ੍ਹਾ) 14 ਅਗਸਤ ਨੂੰ 10 ਕਿੱਲਿਆਂ ਦੀ ਰਜਿਸਟਰੀ ਕਰਵਾਈ। ਇੱਕ ਪੂਰਾ ਦਹਾਕਾ ਅਸੀਂ ਖ਼ੂਨ ਦੇ ਅੱਥਰੂ ਰੋਂਦੇ ਰਹੇ। ਕਿਸੇ ਸਾਡੀ ਸਾਰ ਨਹੀਂ ਲਈ। ਪਿੰਡ ਤੋਂ ਰਾਤ ਭੱਜ ਕੇ ਚੰਡੀਗੜ੍ਹ ਆਏ, ਕਿਉਂਕਿ ਅਸੀਂ ਕਾਂਗਰਸੀ ਸੀ। ਹਰਿਆਣੇ ਵਿਚ ਮੇਰੀ ਦਾੜ੍ਹੀ ਇਸ ਕਰਕੇ ਪੁੱਟੀ ਗਈ, ਕਿਉਂਕਿ ਮੈਂ ਪਗੜੀਧਾਰੀ ਗੁਰਸਿੱਖ ਸੀ। ਹਾਏ ਓ ਰੱਬਾ ਸਾਡਾ ਨਨਕਾਣਾ ਖੋਹ ਲਿਆ। ਤਿੰਨੇ ਬਾਰਾਂ ਵਿਚ ਲੰਮ-ਸਲੰਮੀਆਂ ਤੰਦੀਆਂ ਖੁੱਸ ਗਈਆਂ, ਜਿਨ੍ਹਾਂ ਨੂੰ ਅੱਧੀ ਸਦੀ ਮਿੱਟੀ ਨਾਲ ਮਿੱਟੀ ਬਣ ਕੇ ਮਖ਼ਮਲ ਵਰਗੀਆਂ ਬਣਾਇਆ। ਜਿਨ੍ਹਾਂ ਵਿਚ ਫ਼ਸਲਾਂ ਵਰੋਲਿਆਂ ਵਾਂਗ ਉਠਦੀਆਂ। ਬੱਸ ਉਜੜਨ ਦਾ ਵੇਲਾ ਆ ਗਿਆ। ਬੱਸ ਉਜੜਨ ਦਾ ਵੇਲਾ ਆ ਗਿਆ। ਹਾਏ ਓ ਰੱਬਾ ਸੋਹਣਿਆ! ਅਸੀਂ ਵਸਦੇ ਉਜੜ ਗਏ ਆਪਣੇ ਹੀ ਦੇਸ਼ ਵਿਚੋਂ।

ਮਸਲਸਲ ਹਾਦਸੋਂ ਸੇ ਮੁਝੇ ਇਹੀ ਸ਼ਿਕਾਇਤ ਹੈ,

ਕਿ ਯਹ ਆਂਸੂ ਬਹਾਨੇ ਕੀ ਭੀ ਮੁਹਲਤ ਨਹੀਂ ਦੇਤੇ।

ਜਦੋਂ ਸ੍ਰੀ ਲਾਲ ਬਹਾਦਰ ਸ਼ਾਸਤਰੀ ਜੀ ਨੇ ਇੱਕ ਬੇਬਸੀ ਦਾ ਇਜ਼ਹਾਰ ਕੀਤਾ 'ਜੇ ਅਸੀਂ ਮੰਗਲਵਾਰ ਦਾ ਵਰਤ ਰੱਖ ਲਈਏ ਤਾਂ ਸਾਡਾ ਅਨਾਜ ਸੰਕਟ ਹੱਲ ਹੋ ਸਕਦਾ ਹੈ।' ਸਾਡੇ ਕਿਸਾਨ ਦੀ ਅਣਖ ਨੇ ਫਿਰ ਅੰਗੜਾਈ ਲਈ। ਆਪਣੇ ਸੰਤਾਲੀ ਦੇ ਜ਼ਖ਼ਮਾਂ ਨੂੰ ਅਣਗੌਲਿਆਂ ਕਰਕੇ ਕਿਸਾਨ ਅਨਾਜ ਪੈਦਾ ਕਰਨ ਲਈ ਆਪਣੀ ਕਹੀ ਕੁਹਾੜੀ ਲੈ ਕੇ ਫਿਰ ਖੇਤਾਂ ਵਿਚ ਜਾ ਢੁੱਕਿਆ। ਸ਼ਾਸਤਰੀ ਜੀ ਦੇ ਸਮੇਂ ਦੇਸ਼ ਦੀ ਆਬਾਦੀ 50 ਕਰੋੜ ਸੀ। ਅੱਜ ਦੇਸ਼ ਦੀ ਆਬਾਦੀ 140 ਕਰੋੜ ਹੈ, ਜਿਸ ਦਾ ਢਿੱਡ ਭਰ ਕੇ ਬਾਕੀ ਦੀ ਫ਼ਸਲ ਸੰਭਾਲੀ ਨਹੀਂ ਜਾਂਦੀ।

ਮੈਂ ਮਰ ਜਾਂਗਾ, ਮੇਰੀ ਕੁੱਲੀ ਨਾ ਢਾਹੋ। ਬਾਜ ਆ ਜਾਓ। ਮੇਰੀ ਪੂੰਜੀ ਇਹ ਕੱਖ ਨੇ। ਹਵਾਓ ਬਾਜ ਆ ਜਾਓ।

ਮੇਰਾ ਸੋਹਣਾ ਰੱਬ ਮਿਹਰ ਕਰੇ, ਇਹੋ ਜਿਹਾ ਪ੍ਰਧਾਨ ਮੰਤਰੀ ਆਵੇ, ਜੋ ਸਾਰੇ ਦੇਸ਼ ਨੂੰ ਆਪਣਾ ਮੰਨੇ। ਜਾਤ ਅਤੇ ਧਰਮਾਂ ਦੇ ਚੱਕਰ ਵਿਚ ਨਾ ਪਵੇ ਤੇ ਦੇਸ਼ ਅੱਗੇ ਵਧੇ ਅਤੇ ਰੱਬ ਰੰਗੀਲੇ ਤਾਜਦਾਰਾਂ ਤੋਂ ਦੇਸ਼ ਨੂੰ ਬਚਾਵੇ। ਰੱਬ ਰਾਖਾ।

## ਦੀਵਾਲੀ ਨੂੰ ਸਮਰਪਿਤ

### ਹਰੀ ਦੀਵਾਲੀ

ਰੌਸ਼ਨੀਆਂ ਦਾ ਇਹ ਤਿਉਹਾਰ
ਗਹਿਮਾ-ਗਹਿਮੀ ਵਿਚ ਬਜ਼ਾਰ।
ਆਤਿਸ਼ਬਾਜ਼ੀ, ਫੁਲਝੜੀਆਂ ਤੇ
ਨਾਲ਼ੇ ਵਿਕਦੇ ਪਏ ਅਨਾਰ।

ਮੇਲਾ ਹੈ ਇਹ ਖ਼ੁਸ਼ੀਆਂ ਵਾਲ਼ਾ
ਸਜ-ਧਜ ਕੇ ਸਭ ਹੋਏ ਤਿਆਰ।
ਮੋਮਬੱਤੀਆਂ, ਦੀਵਿਆਂ ਦੇ ਨਾਲ਼
ਸਜੀ ਹੋਈ ਹੈ ਹਰ ਦੀਵਾਰ।

ਸ਼ਰਧਾ ਤੇ ਸਤਿਕਾਰ ਵਜੋਂ ਨੇ
ਭਰੇ ਹੋਏ ਮੰਦਰ, ਗੁਰ-ਦੁਆਰ।
ਸ਼ੋਰ, ਪਟਾਕੇ ਅਤੇ ਧੂੰਏਂ ਤੋਂ
ਤੌਬਾ ਕਰੀਏ ਮੇਰੇ ਯਾਰ!

ਪ੍ਰਦੂਸ਼ਣ ਤੋਂ ਮੁਕਤ ਰਹਾਂਗੇ
ਸਿਹਤਮੰਦ ਹੋਵੇ ਸੰਸਾਰ।
ਹਰੀ ਦੀਵਾਲੀ ਹੋਵੇ ਜੇਕਰ
ਖ਼ੁਸ਼ੀਆਂ ਦੀ ਮਹਿਕੇ ਗੁਲਜ਼ਾਰ।

ਮਿਲਜੁਲ ਸਾਰੇ ਖ਼ੁਸ਼ੀ ਮਨਾਈਏ
ਹਰ ਇੱਕ ਦਾ ਕਰੀਏ ਸਤਿਕਾਰ।
ਗਿਆਨ ਦਾ ਦੀਪਕ ਵੀ ਰੁਸ਼ਨਾਈਏ
ਮਿਹਰ ਕਰੇ ਸਭ 'ਤੇ ਕਰਤਾਰ।

ਜਜ਼ਬਾ ਜੇਕਰ ਹੋਏ ਅਜੇਹਾ
ਹੋਵਾਂਗੇ ਨਾ ਕਦੇ ਖ਼ੁਆਰ।
ਹੁਕਮ-ਆਦੇਸ਼ ਨਹੀਂ ਹੈ ਕੋਈ
'ਨਵ ਸੰਗੀਤ' ਦਾ ਬਾਲ-ਪਿਆਰ।

***-ਪ੍ਰੋ. ਨਵ ਸੰਗੀਤ ਸਿੰਘ***

---

### ਦੀਵਾਲੀ ਦਾ ਗੀਤ

ਨੇੜੇ ਆ ਗਿਆ
ਦੀਵਾਲੀ ਦਾ ਤਿਉਹਾਰ ਜੀ,
ਲੈ ਕੇ ਖੁਸ਼ੀਆਂ ਦੇਖੋ ਬੇਸ਼ੁਮਾਰ ਜੀ,
ਚੱਲੋ ਰਲ਼ ਕੇ ਬਜ਼ਾਰ ਚੱਲੀਏ।
ਰੀਝਾਂ ਦਿਲ ਦੀਆਂ ਕਰ ਲਈਏ ਪੂਰੀਆਂ,
ਪਿੱਛੋਂ ਨਾ ਪਛਤਾਈਏ ਬੱਲੀਏ।

ਲਿਆਉਣੇ ਦੀਵੇ ਮੋਮਬੱਤੀਆਂ ਹਜ਼ਾਰ ਜੀ,
ਮਿਲੇ ਰੋਜ਼ਗਾਰ ਤਾਈਂ ਘੁਮਿਆਰ ਜੀ,
ਪਟਾਕਿਆਂ ਤੋਂ ਪਾਸਾ ਵੱਟੀਏ।
ਆਪਾਂ ਕਰੀਏ ਨਾ ਵਾਤਾਵਰਨ ਗੰਧਲਾ,
ਜੱਗ ਤੋਂ ਵਡਿਆਈ ਖੱਟੀਏ।

ਬੜੇ ਚਾਵਾਂ ਨਾਲ਼ ਦਿਵਾਲੀ ਨੇ ਉਡੀਕਦੇ,
ਬੈਠੇ ਸੜਕ ਕਿਨਾਰੇ ਧੁੱਪ ਸੇਕਦੇ,
ਲਈਏ ਵਿਰਸੇ ਦੀ ਸਾਰ ਮਿੱਤਰੋ।
ਮੁੱਲ ਕਿਰਤਾਂ ਦਾ ਪਾਈਏ ਮਿਲ ਸਾਰੇ,
ਹੋਵੇ ਗਰੀਬ ਦਾ ਉਧਾਰ ਮਿੱਤਰੋ।

ਲਿਆਉਣੇ ਨਵੇਂ ਲੀੜੇ ਆਇਆ ਸਿਆਲ਼ ਜੀ,
ਰੱਖੀਏ ਅੱਗ ਤੋਂ ਵੀ ਆਪਾਂ ਸੰਭਾਲ ਜੀ,
ਨਾਲ਼ੇ ਮਿਠਿਆਈਆਂ ਵੰਡੀਏ।
ਭੁੱਲ ਜਾਈਏ ਊਚ ਨੀਚ ਜਾਤ ਪਾਤ ਨੂੰ,
ਫਿਰਕਾਪ੍ਰਸਤੀ ਨੂੰ ਰਲ਼ ਭੰਡੀਏ।

***-ਸੇਵਾ ਸਿੰਘ 'ਨੂਰਪੁਰੀ'***

---

### ਦੀਵਾਲੀ ਮਨਾਈਏ

ਵੰਡ ਕੇ ਖੁਸ਼ੀਆਂ ਹਾਸੇ ਕਮਾਈਏ
ਨਫਰਤ ਵਾਲੇ ਰਾਹ ਭੁੱਲ ਜਾਈਏ
ਸਾਂਝਾ ਵਾਲੇ ਦੀਵੇ ਜਗਾ ਕੇ
ਆਓ ਰਲ-ਮਿਲ ਦੀਵਾਲੀ ਮਨਾਈਏ।

ਇਹ ਨਹੀਂ ਚੰਗਾ, ਉਹ ਹੈ ਮਾੜਾ
ਕੱਢਦੇ ਦਿਲ 'ਚੋਂ ਸਾਰਾ ਸਾੜਾ
ਸ਼ਿਕਵੇ ਭੁਲਾ ਕੇ ਗਲੇ ਲਗਾਈਏ
ਆਓ ਰਲ-ਮਿਲ ਦੀਵਾਲੀ ਮਨਾਈਏ।

ਗੁਰਬਤ ਵਿਚ ਜੋ ਖੁਸ਼ੀ ਮਨਾਉਂਦੇ
ਰੱਬ ਦੀ ਰਜ਼ਾ 'ਚ ਢੋਲ ਵਜਾਉਂਦੇ
ਦੇਖ ਫਕੀਰੀ ਦੁੱਖ ਭੁੱਲ ਜਾਈਏ
ਆਓ ਰਲ-ਮਿਲ ਦੀਵਾਲੀ ਮਨਾਈਏ।

ਕੱਚੇ ਘਰ ਬੇਬੇ ਲਿੱਪ ਕੇ ਸਜਾਉਂਦੀ
ਘੁਗੀਆਂ ਮੋਰ ਨਾਲੇ ਫੁੱਲ ਬਣਾਉਂਦੀ
ਇਹ ਖੁਸ਼ੀਆਂ ਤੋਂ ਵਾਰੇ ਜਾਈਏ
ਆਓ ਰਲ-ਮਿਲ ਦੀਵਾਲੀ ਮਨਾਈਏ।

ਸ਼ੁੱਧ ਖਾ ਲਈਏ ਘਰ ਦਾ ਬਣਿਆ
ਥੋੜ੍ਹਾ ਬਹੁਤ ਗਵਾਂਢ ਦੇ ਆਈਏ
ਮਿਲਾਵਟੀ ਮਠਿਆਈ ਤੋਂ ਸਰੀਰ ਬਚਾਈਏ
ਆਓ ਰਲ-ਮਿਲ ਦੀਵਾਲੀ ਮਨਾਈਏ।

ਬੰਬ ਪਟਾਕੇ ਹੈ ਪਲ ਦੀ ਰੌਣਕ
ਪਸ਼ੂ ਪੰਛੀ ਡਰਦੇ ਹਰਿਆਲੀ ਮਰ ਜਾਵੇ
ਧਾਲੀਵਾਲ ਬੁਰੀ ਸ਼ੈਅ ਤੋਂ ਦੂਰੀ ਬਣਾਈਏ
ਆਓ ਰਲ-ਮਿਲ ਦੀਵਾਲੀ ਮਨਾਈਏ।

***-ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ***

---

### ਹਨੇਰਾ ਚਾਨਣ

ਹਰ ਚਾਨਣ ਚੰਗਾ ਨਹੀਂ ਹੁੰਦਾ,
ਨਾ ਹਰ ਬੁਰਾ ਹਨੇਰਾ।
ਉਹੀਓ ਚੰਗਾ ਸਦਾ ਹੱਕ ਸੱਚ ਦੇ,
ਹੱਕ ਵਿਚ ਭੁਗਤੇ ਜਿਹੜਾ।
ਬੰਦ ਕਰੋ ਇਹ ਟੈਂਅ ਟੈਂਅ ਸ਼ਾਇਰੀ,
ਜੋ ਸਦੀਆਂ ਤੋਂ ਗਾਉਂਦੇ:
"ਹਰ ਬੁਰਾਈ ਨ੍ਹੇਰਾ ਜੰਮਦਾ,
ਚਾਨਣ ਸਦਾ ਚੰਗੇਰਾ।"

ਭੱਠ ਪਵੇ ਚਾਨਣ ਜੋ
'ਭਾਗੋ' ਦੇ ਮਹਿਲ ਰੁਸ਼ਨਾਏ,
ਪ੍ਰੇਮੀਆਂ ਤਾਈਂ ਮਿਲਾਏ ਜੋ ਨ੍ਹੇਰਾ,
ਉਸ ਤੋਂ ਚੰਗਾ ਕਿਹੜਾ।
ਹਰ ਕਿਸਮ ਦੇ ਨ੍ਹੇਰੇ ਕੋਲੋਂ,
ਇੱਕੋ ਜਿਹਾ ਨਹੀਂ ਖ਼ਤਰਾ,
ਸੱਭ ਤੋਂ ਖ਼ਤਰਨਾਕ ਹੈ ਹੁੰਦਾ,
ਬੰਦ ਅੱਖਾਂ ਦਾ ਨ੍ਹੇਰਾ।
ਇਸ ਨ੍ਹੇਰੇ 'ਚ ਡੁੱਬ ਬ੍ਰਹਿਮੰਡ
ਬੰਦੇ ਦਾ ਮਰ ਜਾਂਦਾ,
ਜਿਸ ਦੀ ਲਾਸ਼ ਉਠਾਈ ਜ਼ਿੰਦਗੀ,
ਗਾਹਵੇ ਪੰਧ ਲੰਮੇਰਾ।
ਬੰਦ ਅੱਖਾਂ ਦਾ ਨ੍ਹੇਰਾ ਬੰਦਾ
ਹਿੜ੍ਹ ਹਿੜ੍ਹ ਕਰ ਜਰ ਜਾਂਦਾ,
ਸਾਰਿਆਂ ਜੇਰਿਆਂ ਵਿੱਚੋਂ ਵਧ ਕੇ
ਖ਼ਤਰਨਾਕ ਇਹ ਜੇਰਾ।

ਗਿਆਨ ਕਦੀ ਵੀ ਕਿਧਰੇ ਨਾਹੀਂ
'ਠਾਹ ਸੋਟਾ' ਹੈ ਹੁੰਦਾ,
ਉਹੀ ਪਾਵੇ, ਹਰ ਭਾਣੇ ਦੀ
ਚੀਰ-ਫ਼ਾੜ ਕਰੇ ਜਿਹੜਾ।
ਨ੍ਹੇਰੇ ਦੀ ਅੱਖ ਸੱਭ ਕੁਛ ਵੇਖੇ
ਜੋ ਚਾਨਣ ਵਿੱਚ ਹੁੰਦਾ,
ਚਾਨਣ ਦੀ ਅੱਖ ਹੋ ਜਏ ਅੰਨ੍ਹੀ,
ਛਾਣਨ ਲੱਗੀ ਨ੍ਹੇਰਾ।
ਐ ਦੁਨੀਆ ਦੇ ਸ਼ਾਇਰੋ ਗਾਇਕੋ,
ਉੱਤਕ ਸੱਚ ਦੀ ਲੋਏ,
ਦੱਸੋ ਕਿਹੜਾ ਵੱਧ ਗਿਆਨੀ,
ਚਾਨਣ ਜਾਂ ਅੰਧੇਰਾ।
ਸ਼ੁੱਧ ਚੰਗੇ ਤੇ ਸ਼ੁੱਧ ਬੁਰੇ ਦਾ,
'ਪਰਖਿਆ' ਕੂੜ੍ਹ ਫ਼ਲਸਫ਼ਾ,
ਅਸ਼ੁੱਧੀ ਕੁੱਖੋਂ ਬ੍ਰਹਿਮੰਡ ਜੰਮਿਆ,
ਜ਼ਿੰਦਗੀ ਪੰਧ ਲੰਮੇਰਾ।

***-ਡਾ. ਸੁਖਪਾਲ ਸੰਘੇੜਾ ਉਰਫ ਪਰਖ਼ਾ***

# ਨੋਬੇਲ ਜੇਤੂ ਹਾਨ ਕਾਂਗ ਦੀ ਰਚਨਾ ਵਿਚੋਂ ਲੰਘਦਿਆਂ...

**ਇਸ ਵਰ੍ਹੇ ਸਾਹਿਤ ਦਾ ਨੋਬੇਲ ਪੁਰਸਕਾਰ ਹਾਸਲ ਕਰਨ ਵਾਲੀ ਦੱਖਣੀ ਕੋਰਿਆਈ ਲੇਖਕਾ ਹਾਨ ਕਾਂਗ ਦੇ ਨਾਵਲ 'ਦਿ ਵੈਜੀਟੇਰੀਅਨ' ਦਾ ਇਕ ਅੰਸ਼ ਅਸੀਂ ਪਾਠਕਾਂ ਲਈ ਪੇਸ਼ ਕਰ ਰਹੇ ਹਾਂ। ਇਹ ਅਨੁਵਾਦ ਉਘੇ ਲੇਖਕ ਜੰਗ ਬਹਾਦਰ ਗੋਇਲ ਨੇ ਕੀਤਾ ਹੈ।**




*ਇਕ ਪਾਠਕ ਲਈ ਆਪਣੀ ਕਿਤਾਬ 'ਤੇ ਦਸਤਖਤ ਕਰ ਰਹੀ ਹਾਨ ਕਾਂਗ।*

**ਕਲਾ ਪਰਿਕਰਮਾ**

ਮੇਰੀ ਪਤਨੀ ਦੇ ਸ਼ਾਕਾਹਾਰੀ ਹੋਣ ਤੋਂ ਪਹਿਲਾਂ ਮੈਂ ਉਸ ਨੂੰ ਬਿਲਕੁਲ ਸਾਧਾਰਨ ਜਿਹੀ ਔਰਤ ਸਮਝਦਾ ਸੀ। ਸੱਚੀ ਗੱਲ ਤਾਂ ਇਹ ਹੈ ਕਿ ਜਦੋਂ ਮੈਂ ਉਸ ਨੂੰ ਪਹਿਲੀ ਵੇਰਾਂ ਵੇਖਿਆ ਤਾਂ ਮੇਰੇ ਮਨ ਵਿਚ ਉਸ ਪ੍ਰਤੀ ਕੋਈ ਖਿੱਚ ਪੈਦਾ ਨਹੀਂ ਸੀ ਹੋਈ- ਦਰਮਿਆਨਾ ਕੱਦ, ਕੱਟੇ ਵਾਲ, ਨਾ ਲੰਬੇ ਨਾ ਛੋਟੇ, ਬਿਮਾਰਾਂ ਵਰਗਾ ਪੀਲਾ-ਜ਼ਰਦ ਚਿਹਰਾ ਤੇ ਗੱਲ੍ਹਾਂ ਦੀਆਂ ਉੱਭਰੀਆਂ ਹੱਡੀਆਂ। ਉਹ ਬਹੁਤ ਡਰਪੋਕ ਤੇ ਮਰੀਅਲ ਜਿਹੀ ਦਿਸਦੀ ਸੀ। ਬਸ, ਮੇਰੇ ਲਈ ਏਨਾ ਹੀ ਜਾਣਨਾ ਕਾਫੀ ਸੀ। ਪਹਿਲੀ ਮੁਲਾਕਾਤ ਵੇਲੇ ਜਦੋਂ ਉਹ ਉਸ ਟੇਬਲ ਕੋਲ ਪਹੁੰਚੀ ਜਿੱਥੇ ਮੈਂ ਉਸ ਦਾ ਇੰਤਜ਼ਾਰ ਕਰ ਰਿਹਾ ਸੀ ਤਾਂ ਮੈਂ ਉਸ ਦੇ ਅਤਿ ਸਾਧਾਰਨ ਕਾਲੇ ਬੂਟਾਂ 'ਤੇ ਨਜ਼ਰ ਟਿਕਾਏ ਬਿਨਾਂ ਨਾ ਰਹਿ ਸਕਿਆ। ਉਸ ਦੀ ਤੋਰ ਨਾ ਤੇਜ਼ ਸੀ ਤੇ ਨਾ ਧੀਮੀ, ਨਾ ਉਹ ਉਲਾਂਘਾਂ ਪੁੱਟ ਰਹੀ ਸੀ ਤੇ ਨਾ ਹੀ ਮਟਕ ਕੇ ਤੁਰ ਰਹੀ ਸੀ। ਉਸ ਦੀ ਸ਼ਖ਼ਸੀਅਤ 'ਚ ਬੇਸ਼ੱਕ ਕੋਈ ਖ਼ਾਸੀਅਤ ਨਜ਼ਰ ਨਹੀਂ ਸੀ ਆਉਂਦੀ ਪਰ ਕੋਈ ਖਾਮੀ ਵੀ ਨਹੀਂ ਸੀ ਦਿਸਦੀ। ਇਹ ਸੁਸਤ ਤੇ ਉਦਾਸੀਨ ਜਿਹੀ ਔਰਤ ਹੀ ਮੈਨੂੰ ਆਪਣੇ ਲਈ ਬਹੁਤ ਯੋਗ ਪਤਨੀ ਜਾਪੀ। ਉਸ 'ਤੇ ਹਾਵੀ ਹੋਣ ਲਈ ਮੈਨੂੰ ਕਿਸੇ ਕਿਸਮ ਦੇ ਬੌਧਿਕ ਵਿਖਾਵੇ ਦੀ ਲੋੜ ਨਹੀਂ ਸੀ। ਮੈਨੂੰ ਇਹ ਵੀ ਡਰ ਨਹੀਂ ਸੀ ਕਿ ਉਹ ਮੇਰੀ ਮਰਦਾਨਗੀ ਦੀ ਤੁਲਨਾ ਰਸਾਲਿਆਂ 'ਚ ਛਪਦਿਆਂ ਸੁਡੋਲ ਸਰੀਰ ਵਾਲੇ 'ਮਾਡਲਾਂ' ਦੀਆਂ ਤਸਵੀਰਾਂ ਨਾਲ ਹੀ ਕਰੇਗੀ ਤੇ ਨਾ ਹੀ ਉਹ ਘਰੇ ਦੇਰ ਨਾਲ ਪਹੁੰਚਣ 'ਤੇ ਕੋਈ ਬੋਲ-ਬੁਲਾਰਾ ਹੀ ਕਰੇਗੀ। ਇੱਕ ਗੱਲ ਹੋਰ, ਵੀਹ-ਪੱਚੀ ਸਾਲ ਦੀ ਉਮਰ ਵਿਚ ਹੀ ਮੇਰੀ ਤੋਂਦ ਬਾਹਰ ਨਿਕਲ ਆਈ ਸੀ। ਮੋਟੀਆਂ-ਪਤਲੀਆਂ ਟੰਗਾਂ-ਬਾਹਾਂ ਤੇ ਮੇਰੀ ਹਰ ਮੁਮਕਿਨ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਮਾਸ ਨਹੀਂ ਸੀ ਵਧ ਰਿਹਾ। ਉਸ ਨੂੰ ਮਿਲ ਕੇ ਮੈਨੂੰ ਯਕੀਨ ਹੋ ਗਿਆ ਕਿ ਹੁਣ ਮੈਨੂੰ ਆਪਣੀਆਂ ਅਜਿਹੀਆਂ ਕਮਜ਼ੋਰੀਆਂ ਕਰ ਕੇ ਆਪਣੇ ਆਪ ਨੂੰ ਪਰੇਸ਼ਾਨ ਕਰਨ ਦੀ ਕੋਈ ਲੋੜ ਨਹੀਂ।

ਮੈਂ ਆਪਣੀ ਜ਼ਿੰਦਗੀ ਵਿਚ ਹਮੇਸ਼ਾ ਵਿਚਕਾਰਲਾ ਰਸਤਾ ਹੀ ਅਪਣਾਉਂਦਾ ਰਿਹਾ ਹਾਂ। ਸਕੂਲ 'ਚ ਮੈਂ ਆਪਣੇ ਹਾਣ ਦਿਆਂ ਨਾਲ ਨਾ ਦੋਸਤੀ ਰੱਖਦਾ ਸੀ ਤੇ ਨਾ ਹੀ ਉਨ੍ਹਾਂ ਨਾਲ ਕੋਈ ਪੰਗਾ ਲੈਂਦਾ। ਮੈਂ ਆਪਣੇ ਨਾਲੋਂ ਸਾਲ-ਦੋ ਸਾਲ ਛੋਟੇ ਮੁੰਡਿਆਂ ਨਾਲ ਦੋਸਤੀ ਪਾਉਂਦਾ, ਉਨ੍ਹਾਂ 'ਤੇ ਰੋਹਬ ਜਮਾਉਂਦਾ ਅਤੇ ਰਿੰਗ ਲੀਡਰ ਬਣ ਜਾਂਦਾ। ਸਕੂਲ ਦੀ ਪੜ੍ਹਾਈ ਖ਼ਤਮ ਕਰ ਕੇ ਮੈਂ ਅਜਿਹੇ ਕਾਲਜ 'ਚ ਦਾਖ਼ਲਾ ਲਿਆ ਜਿੱਥੇ ਮੈਨੂੰ ਸਕਾਲਰਸ਼ਿਪ ਮਿਲਣ ਦੀ ਉਮੀਦ ਸੀ। ਪੜ੍ਹਾਈ ਖ਼ਤਮ ਕਰ ਕੇ ਮੈਂ ਅਜਿਹੀ ਨੌਕਰੀ ਦੀ ਚੋਣ ਕੀਤੀ ਜਿੱਥੇ ਮੈਨੂੰ ਕੰਮ ਬਦਲੇ ਚੰਗੀ ਤਨਖ਼ਾਹ ਮਿਲੇ ਤੇ ਮੇਰੀ ਸਾਧਾਰਨ ਜਿਹੀ ਕਾਬਲੀਅਤ ਦੀ ਵੀ ਚੰਗੀ ਵੁੱਕਤ ਪੈ ਸਕੇ।

ਉਹ ਮੇਰੀਆਂ ਸਾਰੀਆਂ ਉਮੀਦਾਂ 'ਤੇ ਖ਼ਰੀ ਉੱਤਰੀ ਤੇ ਮੇਰੇ ਲਈ ਹਰ ਪੱਖੋਂ ਯੋਗ ਪਤਨੀ ਸਿੱਧ ਹੋਈ। ਜੇ ਕਿਤੇ... ਮੇਰੀ ਸ਼ਾਦੀ ਕਿਸੇ ਰੱਜ ਕੇ ਸੋਹਣੀ, ਸ਼ੋਖ, ਹੁਸ਼ਿਆਰ ਤੇ ਅਮੀਰਜ਼ਾਦੀ ਨਾਲ ਹੋ ਜਾਂਦੀ ਤਾਂ ਉਸ ਨੇ ਮੇਰੀ ਵਿਵਸਥਿਤ ਜ਼ਿੰਦਗੀ ਨੂੰ ਲੀਰੋ-ਲੀਰ ਕਰ ਛੱਡਣਾ ਸੀ ਪਰ ਮੇਰੀ ਪਤਨੀ ਨੇ ਕਦੇ ਕਿਸੇ ਛੋਟੀ-ਵੱਡੀ ਚੀਜ਼ ਲਈ ਕੋਈ ਨਖ਼ਰਾ ਨਹੀਂ ਕੀਤਾ। ਉਹ ਹਰ ਰੋਜ਼ ਸਵੇਰੇ ਛੇ ਵਜੇ ਜਾਗਦੀ, ਸੂਪ ਤਿਆਰ ਕਰਦੀ, ਚੌਲ ਰਿੱਝਣੇ ਧਰਦੀ ਤੇ ਮੱਛੀ ਤਲਦੀ। ਜਦੋਂ ਦਾ ਉਸ ਨੇ ਜਵਾਨੀ 'ਚ ਪੈਰ ਧਰਿਆ ਸੀ ਉਦੋਂ ਤੋਂ ਹੀ ਉਹ ਆਪਣੇ ਪੇਕੇ ਘਰ ਦੀ ਆਮਦਨ ਵਿਚ ਆਪਣਾ ਯੋਗਦਾਨ ਪਾਉਂਦੀ ਰਹੀ ਸੀ। ਉਸ ਨੇ ਕੰਪਿਊਟਰ ਗ੍ਰਾਫਿਕ ਦੇ ਸਹਾਇਕ ਇੰਸਟਰੱਕਟਰ ਵਜੋਂ ਸਾਲ ਕੁ ਭਰ ਲਈ ਕੰਮ ਕੀਤਾ ਤੇ ਵਿਆਹ ਤੋਂ ਬਾਅਦ ਉਹ ਇੱਕ ਪ੍ਰਕਾਸ਼ਕ ਲਈ 'ਵਰਕ ਫਰੌਮ ਹੋਮ' ਹੀ ਕਰਨ ਲੱਗੀ। ਉਹ ਕੋਰਿਆਈ ਵਿਧਾ ਦੀਆਂ ਕੌਮਿਕਸ ਕਿਤਾਬਾਂ ਲਈ ਗ੍ਰਾਫਿਕਸ ਤਿਆਰ ਕਰਦੀ ਸੀ।




*ਉਘੀ ਲੇਖਕਾ ਹਾਨ ਕਾਂਗ ਦੇ ਨਾਵਲ 'ਦਿ ਵੈਜੀਟੇਰੀਅਨ' ਦਾ ਸਰਵਰਕ।*

ਉਹ ਬਹੁਤ ਘੱਟ ਬੋਲਦੀ ਸੀ। ਕਦੇ-ਕਦਾਈਂ ਹੀ ਉਹ ਕਿਸੇ ਚੀਜ਼ ਲਈ ਫਰਮਾਇਸ਼ ਕਰਦੀ। ਮੇਰੇ ਦੇਰ ਨਾਲ ਘਰ ਪਹੁੰਚਣ 'ਤੇ ਵੀ ਉਹ ਕਦੇ ਮੂੰਹ ਨਹੀਂ ਸੀ ਬਣਾਉਂਦੀ। ਜਿਸ ਦਿਨ ਸਾਨੂੰ ਦੋਹਾਂ ਨੂੰ ਛੁੱਟੀ ਹੁੰਦੀ, ਉਸ ਦਿਨ ਵੀ ਉਹ ਮੈਨੂੰ ਬਾਹਰ ਕਿੱਧਰੇ ਆਪਣੇ ਨਾਲ ਲੈ ਕੇ ਜਾਣ ਲਈ ਨਹੀਂ ਸੀ ਕਹਿੰਦੀ। ਛੁੱਟੀ ਵਾਲੇ ਦਿਨ ਮੈਂ ਜਾਂ ਤਾਂ ਦੁਪਹਿਰ ਬਾਹਰ ਗੁਜ਼ਾਰਦਾ ਜਾਂ ਹੱਥ 'ਚ ਟੀਵੀ ਦਾ ਰਿਮੋਟ ਫੜ ਕੇ ਐਵੇਂ ਹੀ ਆਲਸ ਵਿਚ ਵਕਤ ਕਟੀ ਕਰਦਾ। ਉਹ ਕਮਰੇ ਦਾ ਬੂਹਾ ਢੋਅ ਕੇ ਹੱਥ 'ਚ ਕਿਤਾਬ ਫੜ ਲੈਂਦੀ। ਉਹ ਪੜ੍ਹਨ 'ਚ ਹੀ ਆਪਣਾ ਸਮਾਂ ਬਤੀਤ ਕਰਦੀ। ਇਹੋ ਉਸ ਦਾ ਸ਼ੌਕ ਸੀ। ਉਸ ਦੇ ਏਨਾ ਡੁੱਬ ਕੇ ਪੜ੍ਹਨ ਦੀ ਜ਼ਰੂਰ ਕੋਈ ਵਜ੍ਹਾ ਹੋਵੇਗੀ ਪਰ ਮੈਨੂੰ ਤਾਂ ਕਿਤਾਬਾਂ ਬਹੁਤ ਹੀ ਅਕਾਊ ਜਾਪਦੀਆਂ। ਮੈਂ ਤਾਂ ਕਿਸੇ ਕਿਤਾਬ ਦੀ ਜਿਲਦ ਖੋਲ੍ਹ ਕੇ ਉਸ ਅੰਦਰ ਕਦੇ ਝਾਤੀ ਵੀ ਨਹੀਂ ਸੀ ਮਾਰੀ।

> **ਮੈਂ ਆਪਣੀ ਜ਼ਿੰਦਗੀ ਵਿਚ ਹਮੇਸ਼ਾ ਵਿਚਕਾਰਲਾ ਰਸਤਾ ਹੀ ਅਪਣਾਉਂਦਾ ਰਿਹਾ ਹਾਂ। ਸਕੂਲ 'ਚ ਮੈਂ ਆਪਣੇ ਹਾਣ ਦਿਆਂ ਨਾਲ ਨਾ ਦੋਸਤੀ ਰੱਖਦਾ ਸੀ ਤੇ ਨਾ ਹੀ ਉਨ੍ਹਾਂ ਨਾਲ ਕੋਈ ਪੰਗਾ ਲੈਂਦਾ।**

ਖਾਣ ਦੇ ਸਮੇਂ ਉਹ ਬੂਹਾ ਖੋਲ੍ਹ ਕੇ ਚੁੱਪ-ਚਾਪ ਰਸੋਈ 'ਚ ਖਾਣਾ ਤਿਆਰ ਕਰਨ ਲੱਗਦੀ। ਜ਼ਾਹਿਰ ਹੈ ਕਿ ਇਹੋ ਜਿਹੀ ਪਤਨੀ ਦੀ ਠਹਿਰੀ ਹੋਈ ਜੀਵਨ ਸ਼ੈਲੀ ਵਿਚ ਰਹਿ ਕੇ ਕਿਵੇਂ ਕਿਸੇ ਨੂੰ ਕੋਈ ਜੁੰਬਿਸ਼ ਮਹਿਸੂਸ ਹੋ ਸਕਦੀ ਸੀ। ਕਿਸੇ ਕਿਸਮ ਦੇ ਰੋਮਾਂਚ ਦੀ ਤਾਂ ਆਸ ਹੀ ਨਹੀਂ ਕੀਤੀ ਜਾ ਸਕਦੀ। ਕਦੇ-ਕਦੇ ਮੈਂ ਇਹ ਵੀ ਸੋਚਣ ਲੱਗਦਾ ਕਿ ਜੇਕਰ ਮੈਨੂੰ ਕੋਈ ਅਜਿਹੀ ਪਤਨੀ ਮਿਲ ਜਾਂਦੀ ਜੋ ਹਰ ਵੇਲੇ ਮੋਬਾਈਲ ਆਪਣੇ ਕੰਨਾਂ ਨਾਲ ਲਾਈ ਰੱਖਦੀ ਤੇ ਉੱਚੀ-ਉੱਚੀ ਆਪਣੇ ਦੋਸਤਾਂ, ਰਿਸ਼ਤੇਦਾਰਾਂ ਤੇ ਸਹਿ-ਕਰਮੀਆਂ ਨਾਲ ਹੀ ਗੱਲਾਂ ਕਰਦੀ ਰਹਿੰਦੀ ਤੇ ਖਾਲੀ ਸਮੇਂ 'ਚ ਮੇਰੇ ਨਾਲ ਆਢਾ ਲਾਈ ਰੱਖਦੀ ਤਾਂ ਮੇਰਾ ਭਲਾ ਕੀ ਹਾਲ ਹੋਣਾ ਸੀ।

ਬਾਕੀ ਹੋਰ ਸਭ ਲਿਹਾਜ਼ ਨਾਲ ਸਾਡੀ ਵਿਆਹੁਤਾ ਜ਼ਿੰਦਗੀ ਬੜੀ ਸ਼ਾਂਤ ਤੇ ਪੱਧਰੀ ਸੀ। ਸਾਡੇ ਵਿਆਹ ਨੂੰ ਪੰਜ ਸਾਲ ਹੋਣ ਵਾਲੇ ਸਨ। ਇਸ ਦੌਰਾਨ ਬੇਸ਼ੱਕ ਅਸੀਂ ਪਿਆਰ ਵਿਚ ਕਦੇ ਮਦਹੋਸ਼ ਨਹੀਂ ਹੋਏ ਪਰ ਕਦੇ ਇੱਕ ਦੂਜੇ ਤੋਂ ਅੱਕੇ ਵੀ ਨਹੀਂ ਤੇ ਨਾ ਕਦੇ ਕੋਈ ਇਮਤਿਹਾਨ ਦੀ ਘੜੀ ਸਾਡੇ ਸਾਹਮਣੇ ਆਈ। ਅਸੀਂ ਦੋਹਾਂ ਨੇ ਰਲ਼ ਕੇ ਇਹ ਫ਼ੈਸਲਾ ਕਰ ਲਿਆ ਸੀ ਕਿ ਅਸੀਂ ਉਦੋਂ ਤੱਕ ਬੱਚਾ ਪੈਦਾ ਨਹੀਂ ਕਰਾਂਗੇ ਜਦੋਂ ਤੱਕ ਸਾਡਾ ਆਪਣਾ ਮਕਾਨ ਨਹੀਂ ਬਣਦਾ। ਪਿਛਲੀ ਪੱਤਝੜ ਵਿਚ ਹੀ ਸਾਡਾ ਇਹ ਸੁਪਨਾ ਸਾਕਾਰ ਹੋਇਆ ਹੈ। ਮੈਂ ਕਦੇ-ਕਦੇ ਰੋਮਾਂਚਿਤ ਹੋ ਕੇ ਸੋਚਦਾ ਕਿ ਉਹ ਕਿਹੋ ਜਿਹਾ ਸੁਭਾਗਾ ਸਮਾਂ ਹੋਵੇਗਾ ਜਦੋਂ ਕਿਸੇ ਬੱਚੇ ਦੀਆਂ ਕਿਲਕਾਰੀਆਂ ਸਾਡੇ ਘਰ ਵਿਚ ਗੂੰਜਣਗੀਆਂ ਤੇ ਕੋਈ ਮੈਨੂੰ ਆਪਣੀ ਤੋਤਲੀ 'ਵਾਜ਼ 'ਚ 'ਡਾ... ਡਾ...' ਕਹਿ ਕੇ ਬੁਲਾਏਗਾ!

ਬੀਤੀ ਫਰਵਰੀ ਦੇ ਕਿਸੇ ਦਿਨ ਤੜਕਸਾਰ ਮੈਂ ਆਪਣੀ ਪਤਨੀ ਨੂੰ ਰਸੋਈ ਵਿਚ ਖਲੋਤਿਆਂ ਵੇਖਿਆ। ਉਹ ਆਪਣੀ 'ਨਾਈਟ ਡ੍ਰੈਸ' ਵਿਚ ਹੀ ਸੀ। ਮੈਂ ਤਾਂ ਕਦੇ ਇਹ ਕਲਪਨਾ ਵੀ ਨਹੀਂ ਸੀ ਕੀਤੀ ਕਿ ਸਾਡੀ ਜ਼ਿੰਦਗੀ ਵਿਚ ਅਚਾਨਕ ਅਜਿਹਾ ਭੁਚਾਲ ਆਵੇਗਾ ਕਿ ਸਭ ਕੁਝ ਉੱਤੇ-ਥੱਲੇ ਹੋ ਜਾਵੇਗਾ।...

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਨਵੰਬਰ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-663



*ਗੁਰਬੱਤ ਐਸੀ ਪੇਸ਼ ਪੈ ਗਈ, ਫੁੱਟ ਗਏ ਸਾਡੇ ਨਸੀਬ।*
*ਉਮਰ ਸਾਰੀ ਰਹੇ ਪੱਬਾਂ ਭਾਰ, ਫਿਰ ਵੀ ਬਣੀ ਰਕੀਬ।*
*ਨ ਕੋਈ ਨੇਤਾ ਨਾ ਸਰਕਾਰਾਂ, ਕਦੇ ਸਾਡੇ ਵਲ ਦੇ ਹੋਏ,*
*ਰਾਮ ਭਰੋਸੇ ਛੱਡ ਦਿੱਤਾ ਹੈ, ਖੁਦ ਆਤਮਨਿਰਭਰ ਹੋਏ।*

### ਕੈਪਸ਼ਨ ਮੁਕਾਬਲਾ-661



ਕੀ ਆਖਾਂ ਸਰਕਾਰੇ,
ਤੈਨੂੰ ਕੀ ਆਖਾਂ?
ਤੇਰੇ ਸਿਰ 'ਤੇ ਜੂੰ ਨਾ
ਸਰਕਦੀ ਏ।
ਕੀ ਹੁੰਦੀ ਏ ਸੰਵੇਦਨਾ,
ਤੂੰ ਸਮਝਦੀ ਨਾ;
ਤੇਰੇ ਅੰਦਰ ਇਨਸਾਨੀਅਤ
ਨਾ ਧੜਕਦੀ ਏ।
ਵਾਂਗ ਬਲਦਾਂ ਨੇ
ਲੱਦੇ ਜੁਆਕ ਏਥੇ,
ਜਿਨ੍ਹਾਂ ਦੇ ਗਲੀਂ
ਪੰਜਾਲੀਆਂ ਭਾਰੀਆਂ ਨੇ।
ਕੋਈ ਇੱਕ ਹੁੰਦਾ,
'ਨਾਕਾਮ' ਸਾਂਭ ਲੈਂਦਾ,
ਗੱਲ ਘਰ ਘਰ ਦੀ ਏ,
ਹਰ ਸੜਕ ਦੀ ਏ।

***-ਗੁਰਬਖਸ਼ ਸਿੰਘ 'ਨਾਕਾਮ'***
***+1 864 318 5500***

---

ਮਜ਼ਦੂਰੀ ਦਾ ਸਮਾਂ ਕੋਈ
ਨਹੀਂ ਨਿਸ਼ਚਿਤ,
ਨਾ ਦਿਹਾੜੀ ਨਾ ਘੰਟਿਆਂ ਦੀ
ਉਜਰਤ ਪੂਰੀ।
ਰੱਜੇ ਪੁੱਜੇ ਲੋਕ ਵੀ ਤਰਸ ਨਹੀਂ ਖਾਂਦੇ
ਫਾਇਦਾ ਪੂਰਾ ਉਠਾਉਂਦੇ
ਨਾ ਦੇਖਣ ਮਜਬੂਰੀ।
ਸਰਕਾਰਾਂ ਵੀ ਇੰਨਾ ਧਿਆਨ ਨਾ ਦੇਣ
ਵਿਚਾਰੇ ਰੌਲਾ ਪਾਉਣ ਬਥੇਰਾ।
ਅੰਨ੍ਹੀ ਨੂੰ ਬੋਲਾ ਘੜੀਸੀ ਫਿਰਦਾ
ਸਦਕੇ ਜਾਈਏ! ਭਾਰਤ ਦੇਸ਼ ਹੈ ਮੇਰਾ।

***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਵਿਰਾਸਤ 'ਚ ਮਿਲਿਆ ਖਾਲੀ ਠੂਠਾ
ਜੰਮਦਿਆਂ ਪੈ ਜਾਂਦੀ ਮਜ਼ਦੂਰੀ ਪੱਲੇ
ਢਿੱਡੋਂ ਵੀ ਭੁੱਖਾ
ਲਾਦੂ ਰੇੜੇ ਵਾਂਗ ਜੁੜ
ਆਪਣਾ ਹੀ ਸਰੀਰ ਵਰਤਦਾ
ਮਤਾੜ ਹੋਏ ਝੋਟੇ ਦੇ ਕੰਨੇ ਵਾਂਗ
ਮੋਢੇ ਰਿਸਦੇ ਚੀਸਾਂ ਪੈਂਦੀਆਂ।
ਸਿਰਫ਼ ਮਾੜਾ ਮੋਟਾ
ਰੋਟੀ ਪਾਣੀ ਦਾ ਜੁਗਾੜ ਹੂ ਤੁਰਦਾ।
ਨਾ ਆਸ ਰੱਖੋ ਸਰਕਾਰਾਂ ਤੋਂ
ਖੁਦ ਹੀ ਮਾਰ ਹੰਭਲਾ
ਲੁੱਟ ਰਹਿਤ ਸਮਾਜ ਸਿਰਜਣਾ ਪੈਣਾ।

***-ਦਰਸ਼ਨ ਪਾਲ ਦੋਸਾਂਝ***

# ਅਕਾਲ ਤਖਤ ਸਾਹਿਬ ਦੀਆਂ ਪ੍ਰਬੰਧਕੀ ਵੰਗਾਰਾਂ ਦਾ ਪੰਥਕ ਪ੍ਰਸੰਗ

***ਸਿੱਖ ਪੰਥ ਹੁਣ ਇਕ ਨਵੇਂ ਦੌਰ ਵਿਚ ਦਾਖਲ ਹੋ ਰਿਹਾ ਜਾਪਦਾ ਹੈ। ਪਿਛਲੇ ਕੁਝ ਸਾਲਾਂ ਤੋਂ ਸਿੱਖ ਸਿਆਸਤ ਅਤੇ ਪੰਥਕ ਮਾਮਲਿਆਂ ਵਿਚ ਬੜੀਆਂ ਸਿਫਤੀ ਤਬਦੀਲੀਆਂ ਦੇਖਣ ਨੂੰ ਮਿਲ ਰਹੀਆਂ ਹਨ ਜਿਨ੍ਹਾਂ ਨੇ ਰਵਾਇਤੀ ਵਿਹਾਰ ਨੂੰ ਖੂਬ ਵੰਗਾਰਾਂ ਪਾਈਆਂ ਹਨ। ਇਸ ਪ੍ਰਸੰਗ ਵਿਚ ਕੁਝ ਖਾਸ ਟਿੱਪਣੀਆਂ ਉਘੇ ਸਿੱਖ ਵਿਦਵਾਨ ਪ੍ਰੋ. ਬਲਕਾਰ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀਆਂ ਹਨ।***

1.1 ਮਟਕ ਨਾਲ ਜਿਊਣ ਦੇ ਚਾਅ ਵਾਲੀਆਂ ਕੌਮਾਂ ਲਈ ਵੰਗਾਰ-ਮੁਕਤ ਸਮਾਂ ਸੁਪਨਾ ਤਾਂ ਹੋ ਸਕਦੈ ਪਰ ਅਸਲੀਅਤ ਨਹੀਂ ਹੋ ਸਕਦਾ। ਏਸੇ ਲਈ ਸਿੱਖੀ ਵਿਚੋਂ 'ਸਤਿਯੁਗ' ਵਰਗਾ ਧਾਰਮਿਕ-ਲਾਰਾ ਮਨਫੀ ਹੈ। ਵੰਗਾਰ-ਮੁਕਤ ਸੁਪਨੇ ਦੀਆਂ ਜੜ੍ਹਾਂ ਬੀਤ ਗਏ ਦੇ ਉਦਰੇਵੇਂ ਅਤੇ ਭਵਿਖ ਦੇ ਲਾਰੇ ਵਿਚ ਹੀ ਸੰਭਵ ਹੋ ਸਕਦੀਆਂ ਹਨ। ਵੰਗਾਰਾਂ ਦੇ ਕਿਸੇ ਵੀ ਰੰਗ ਦਾ ਸਬੰਧ ਵਰਤਮਾਨ ਨਾਲ ਹੀ ਹੁੰਦਾ ਹੈ। ਏਥੇ ਸ੍ਰੀ ਅਕਾਲ ਤਖਤ ਸਾਹਿਬ ਦੇ ਵਰਤਮਾਨ ਦੀ ਗੱਲ ਕੀਤੀ ਜਾ ਰਹੀ ਹੈ। ਸਿੱਖਾਂ ਵਿਚਕਾਰ ਸ਼ੰਕਾ-ਰਹਿਤ ਧ੍ਰੋਹਰ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹਨ ਅਤੇ ਅਕਾਲ ਤਖਤ ਸਾਹਿਬ ਨੂੰ ਬਾਵਜੂਦ



**ਬਲਕਾਰ ਸਿੰਘ ਪ੍ਰੋਫੈਸਰ**
**ਫੋਨ:+91-93163-01328**

ਵੰਗਾਰਾਂ ਦੇ, ਸਿਧਾਂਤ ਰੂਪ ਵਿਚ ਪੰਥਕ-ਮਾਨਤਾ ਪ੍ਰਾਪਤ ਹੈ। ਇਹੀ ਗ੍ਰੰਥ ਅਤੇ ਪੰਥ ਦਾ ਸਿਧਾਂਤ ਹੈ ਅਤੇ ਇਸਦੇ ਵਿਸਥਾਰ ਦੀ ਇਥੇ ਗੁੰਜਾਇਸ਼ ਨਹੀਂ ਹੈ ਕਿਉਂਕਿ ਇਥੇ ਅਕਾਲ ਤਖਤ ਸਾਹਿਬ ਦੀਆਂ ਪ੍ਰਬੰਧਕੀ-ਵੰਗਾਰਾਂ ਦੀ ਗਲ ਕੀਤੀ ਜਾ ਰਹੀ ਹੈ।

1.2 ਕਾਫੀ ਦੇਰ ਤੋਂ ਸਿੱਖ-ਸਿਆਸਤ ਅਜਿਹੇ ਸਿਆਸੀ-ਪੈਂਤੜਿਆਂ ਦੀ ਸ਼ਿਕਾਰ ਹੋ ਗਈ ਹੈ ਕਿ ਸਿੱਖ-ਸਿਆਸਤ ਦਾ ਹਰ ਧੜਾ, ਅਕਾਲ ਤਖਤ ਸਾਹਿਬ ਦੀ ਆੜ ਵਿਚ, ਕੋਈ ਨ ਕੋਈ ਸਿਆਸੀ-ਸ਼ਿਕਾਰ ਕਰਨ ਲਈ ਘਾਤ ਲਾਈ ਬੈਠਾ ਲਗਣ ਲਗ ਪਿਆ ਹੈ। ਇਸ ਕਿਸਮ ਦੇ ਸਿਆਸੀ-ਪੈਂਤੜਿਆਂ ਵਿਚ ਕੁਝ ਵੀ ਗੁਰਮਤਿ ਮੁਤਾਬਿਕ ਨਜਰ ਨਹੀਂ ਆਉਂਦਾ? ਪਹਿਲਾਂ ਤਾਂ ਧੜੇ ਵਿਚ ਖਲੋ ਕੇ ਗੱਲ ਕਰਨਾ, ਫਿਰ ਤਖਤ ਦੀ ਬਦਨੀਤੀ ਨਾਲ ਆੜ ਲੈਣਾ ਅਤੇ ਆਪਣੀ ਪੀੜ੍ਹੀ ਹੇਠ ਸੋਟਾ ਮਾਰੇ ਬਗੈਰ ਹੀ, ਵਿਅਕਤੀ ਦੇ ਸੱਚ ਨੂੰ ਪੰਥਕ ਸੱਚ ਐਲਾਨਣ ਦੀ ਵਧੀਕੀ ਕਰਨ ਨੂੰ ਸਿੱਖ-ਸਿਆਸਤ ਸਮਝ ਲਿਆ ਗਿਆ ਹੈ? ਕਿਉਂਕਿ ਇਹ ਸਾਰੇ ਸਵਾਲ ਗਲਤ ਹਨ, ਇਸ ਲਈ ਇਨ੍ਹਾਂ ਦੇ ਠੀਕ ਜੁਆਬਾਂ ਦੀ ਆਸ ਹੀ ਨਹੀਂ ਕੀਤੀ ਜਾ ਸਕਦੀ। ਸੋ ਮੂਲ ਮਸਲਾ ਇਹ ਹੈ ਕਿ ਅਕਾਲ ਤਖਤ ਸਾਹਿਬ ਦੀ ਜਥੇਦਾਰੀ ਦੀ ਸੰਸਥਾ ਨੂੰ ਲਗਾਤਾਰ ਅਪਹਰਣ ਹੋ ਜਾਣ ਦੀਆਂ ਸੰਭਾਵਨਾਵਾਂ ਤੋਂ ਕਿਵੇਂ ਬਚਾਇਆ ਜਾਵੇ? ਕਿਉਂਕਿ ਇਹ ਸਿਆਸਤ ਕਰਕੇ ਵਾਪਰਿਆ ਹੈ, ਇਸ ਲਈ ਸਿਆਸਤਦਾਨਾਂ ਦੇ ਸਹਿਯੋਗ ਨਾਲ ਤਾਂ ਕਥਿਤ ਬਚਾਓ ਨਹੀਂ ਕੀਤਾ ਜਾ ਸਕਦਾ। ਜਥੇਦਾਰੀ ਦੀ ਸੰਸਥਾ ਨੂੰ ਜੋ ਮਾਨਤਾ ਸਿੱਖ-ਮਾਨਸਿਕਤਾ ਵਲੋਂ ਸੁਤੇ ਹੀ ਪ੍ਰਾਪਤ ਹੈ, ਓਸੇ ਦਾ ਸਿਆਸੀ ਲਾਹਾ ਲੈਣ ਲਈ, ਸਿੱਖ ਸਿਆਸਤਦਾਨ ਜਥੇਦਾਰੀ ਦੀ ਸੰਸਥਾ ਦੀ ਬਲੀ ਦੇਣ ਤਕ ਜਾਂਦੇ ਰਹੇ ਹਨ, ਜਾ ਵੀ ਰਹੇ ਹਨ ਅਤੇ ਜਾ ਵੀ ਸਕਦੇ ਹਨ।

ਸਿਆਸਤ ਦੇ ਬੋਲ-ਬਾਲੇ ਵਾਲੀ ਮੌਜੂਦਾ ਸਥਿਤੀ ਵਿਚ ਇਸਨੂੰ ਰੋਕ ਸਕਣਾ ਅਸੰਭਵ ਹੋਇਆ ਪਿਆ ਹੈ। ਇਸਦੇ ਬਹੁਤ ਸਾਰੇ ਕਾਰਨ ਹਨ। ਪਰ ਤੁਰਤ ਕਾਰਨ ਇਹ ਹੈ ਕਿ ਅਕਾਲ ਤਖਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ, ਪਰਸਪਰ ਸਹਿਯੋਗੀ ਸੰਸਥਾਂਵਾਂ ਹੋਣ ਦੇ ਬਾਵਜੂਦ, ਸੁਤੰਤਰ ਸੰਸਥਾਵਾਂ ਹਨ। ਇਨ੍ਹਾਂ ਦੀਆਂ ਸੀਮਾਂ-ਰੇਖਾਂਵਾਂ ਵੀ ਮੌਜੂਦ ਹਨ। ਪਰ ਸਿਆਸੀ ਗਰਜਾਂ ਲਈ ਸਿਆਸਤਦਾਨ, ਇਹ ਸੀਮਾਂ-ਰੇਖਾਂਵਾਂ ਮਿਟਾਉਣ ਵਿਚ ਸਫਲ ਹੋ ਗਏ ਹਨ। ਹਾਲਤ ਇਹ ਹੋ ਗਈ ਹੈ ਕਿ ਇਸ ਵਧੀਕੀ ਦੀ ਸਿਆਸਤ ਨੂੰ ਮੀਰੀ-ਪੀਰੀ ਦੀ ਨਿਰੰਤਰਤਾ ਵਿਚ ਕੀਤੀ ਜਾ ਰਹੀ ਪੰਥਕ-ਸਿਆਸਤ ਐਲਾਨਿਆ ਜਾ ਰਿਹਾ ਹੈ। ਹਾਲਾਂਕਿ ਉਪਰ ਦਸੀਆਂ ਗਈਆਂ ਸੀਮਾਂਵਾਂ, ਸਿੱਖ ਸਿਧਾਂਤਾਂ ਦੇ ਅੰਤਰਗਤ ਹੀ ਮਿਥੀਆਂ ਗਈਆਂ ਸਨ। ਇਥੇ ਇਸਦੇ ਵਿਸਥਾਰ ਵਿਚ ਜਾਣ ਦੀ ਵੀ ਗੁੰਜਾਇਸ਼ ਨਹੀਂ ਹੈ। ਪਰ ਮੇਰਾ ਵਿਸ਼ਵਾਸ਼ ਹੈ ਕਿ ਇਸ ਬਾਰੇ ਕਿਸੇ ਵੀ ਚੇਤੰਨ-ਸਿੱਖ ਨੂੰ ਕੋਈ ਭੁਲੇਖਾ ਨਹੀਂ ਹੈ। ਪਰ ਇਨਾ ਤਾਂ ਸਪਸ਼ਟ ਹੈ ਕਿ ਇਨ੍ਹਾਂ ਤਿੰਨਾਂ ਸੰਸਥਾਂਵਾਂ ਦਾ ਕਰਮ ਖੇਤਰ ਸੁਤੰਤਰ ਰੂਪ ਵਿਚ ਨਿਸਚਿਤ ਵੀ ਹੈ ਅਤੇ ਪਰਸਪਰ-ਸਹਿਯੋਗ ਦੇ ਬਾਵਜੂਦ, ਵਖਰਾ ਵੀ ਹੈ। ਅਕਾਲੀ ਦਲ ਨੂੰ ਕਿਉਕਿ ਦੇਸ਼ ਦੀ ਧਰਮ-ਨਿਰਪੇਖ (secular) ਸਿਆਸਤ ਦੇ ਬੰਧਨ ਵਿਚ ਹੀ ਚਲਾਇਆ ਜਾ ਸਕਦਾ ਹੈ, ਇਸਨੂੰ ਜਿੰਨੀ ਛੇਤੀ ਪੰਥਕ-ਬੰਧਨਾਂ ਦੀ ਕਥਿਤ ਪਾਬੰਦੀ ਤੋਂ ਮੁਕਤ ਕਰ ਦਿੱਤਾ ਜਾਵੇ, ਚੰਗਾ ਹੀ ਹੋਵੇਗਾ? ਅਕਾਲੀ ਦਲ ਨੂੰ ਪੰਥਕ ਰਖਣ ਦੀ ਬਹੁਤ ਕੀਮਤ ਦਿੱਤੀ ਜਾ ਚੁੱਕੀ ਹੈ। ਜਿਹੜੀ ਸਿਆਸੀ ਪਾਰਟੀ ਨੂੰ ਗੈਰਸਿੱਖ ਵੋਟਰਾਂ ਵਲ ਵੇਖਣਾ ਪਵੇ, ਉਸਨੂੰ ਪੰਥਕ ਕਿਵੇਂ ਰਖਿਆ ਜਾ ਸਕਦਾ ਹੈ? ਬਾਕੀ ਦੋਵੇਂ ਸੰਸਥਾਵਾਂ-ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਕਿਵੇਂ ਵੀ ਅਪੰਥਕ ਹੋ ਹੀ ਨਹੀਂ ਸਕਦੀਆਂ। ਅਕਾਲੀ ਦਲ ਦੇ ਪੰਥਕ ਹੋਣ ਦੇ ਫਾਇਦੇ ਤੇ ਨੁਕਸਾਨਾਂ ਦਾ ਜੇ ਲੇਖਾ ਜੋਖਾ ਕੀਤਾ ਜਾਵੇ ਤਾਂ ਨੁਕਸਾਨਾਂ ਦਾ ਪਲੜਾ ਬਹੁਤ ਭਾਰੀ ਨਜਰ ਆਏਗਾ? ਇਸ ਵਿਚ ਵੀ ਕੋਈ ਸ਼ੱਕ ਨਹੀਂ ਹੈ ਕਿ ਅਕਾਲੀ ਸਿਆਸਤ ਦਾ ਹਿਤ ਪਾਲਣ ਲਈ, ਸ਼ਰੋਮਣੀ ਕਮੇਟੀ, ਕਾਬਜ ਅਕਾਲੀ ਧੜੇ ਦਾ ਹਿੱਸਾ ਹੋ ਜਾਣ ਦੀ ਮਜਬੂਰੀ ਹੰਢਾ ਰਹੀ ਹੈ ਅਤੇ ਅਕਾਲ ਤਖਤ ਸਾਹਿਬ ਨੂੰ ਸ਼ਰੋਮਣੀ ਕਮੇਟੀ ਮੁਤਾਬਿਕ ਚਲਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਨਾ ਚਲਣ ਦੀ ਹਾਲਤ ਵਿਚ ਜੋ ਕੁਝ ਹੋ ਸਕਦਾ ਹੈ,ਉਸੇ ਸਮੱਸਿਆ ਦੇ ਸਾਰੇ ਸਿੱਖ ਸਨਮੁਖ ਹਨ ਅਤੇ ਏਸੇ ਨੂੰ ਇਥੇ ਵੰਗਾਰ ਕਿਹਾ ਜਾ ਰਿਹਾ ਹੈ।

2.1 ਇਉਂ ਵੀ ਕਿਹਾ ਜਾ ਸਕਦਾ ਹੈ ਕਿ ਸਿੱਖ ਸਿਆਸਤਦਾਨਾਂ ਦੀ ਦਿਲਚਸਪੀ ਪੰਥਕ ਹੱਲ ਲਭੇ ਜਾਣ ਵਿਚ ਵੀ ਨਜ਼ਰ ਨਹੀਂ ਆਉਂਦੀ? ਉਨ੍ਹਾਂ ਦਾ ਸਾਰਾ ਜੋਰ ਇਸ ਗੱਲ 'ਤੇ ਲਗਿਆ ਹੋਇਆ ਹੈ ਕਿ ਵਿਰੋਧੀ ਧੜੇ ਨੂੰ ਮਾਤ ਦੇਣ ਦੀ ਸਿਆਸਤ ਵਾਸਤੇ, ਅਕਾਲ ਤਖਤ ਸਾਹਿਬ ਦੀ ਸੰਸਥਾ ਨੂੰ ਕਿਵੇਂ ਵਰਤਿਆ ਜਾਵੇ? ਏਸੇ ਲਈ ਉਨ੍ਹਾਂ ਦੀ ਮਰਜੀ ਦੇ ਉਲਟ ਕੀਤਾ ਹੋਇਆ ਕੋਈ ਵੀ ਫੈਸਲਾ, ਉਨ੍ਹਾਂ ਨੂੰ ਕਤੱਈ ਮਨਜੂਰ ਨਹੀਂ ਹੋਵੇਗਾ। ਧਰਮ-ਨਿਰਪੇਖ ਅਤੇ ਲੋਕ-ਤੰਤ੍ਰਿਕ (democratic) ਵਰਤਮਾਨ ਵਰਤਾਰੇ ਵਿਚ ਪੰਥਕ-ਫੈਸਲਾ ਮੰਨਵਾਏ ਜਾਣ ਦਾ ਕਿੰਤੂਮੁਕਤ ਤਰੀਕਾ ਸੰਭਵ ਹੀ ਨਹੀਂ ਹੈ। ਇਹ ਕਿਸੇ ਮਜਬੂਰੀ ਜਾਂ ਭੁਲੇਖੇ ਕਰਕੇ ਨਹੀਂ ਹੈ, ਸਗੋਂ ਇਸ ਕਰਕੇ ਹੈ ਕਿ ਜਥੇਦਾਰੀ ਦੀ ਸੰਸਥਾ, ਉਸ ਤਰ੍ਹਾਂ ਕੋਈ ਅਧਿਕਾਰਤ ਜਾਂ ਅਧਿਕਾਰਨੁਕਤ ਸੰਸਥਾ ਹੀ ਨਹੀਂ ਹੈ, ਜਿਵੇਂ ਕਿਸੇ ਕਾਨੂੰਨੀ ਜਾਂ ਸੰਵਿਧਾਨਕ ਪਦਵੀ ਜਾਂ ਸੰਸਥਾ ਹੋ ਸਕਦੀ ਹੈ। ਏਸੇ ਲਈ ਇਸ ਪਦਵੀ ਨੂੰ ਜੇ ਪਦਵੀ ਕਿਹਾ ਵੀ ਜਾਵੇ ਤਾਂ ਵੀ ਇਹ ਪੰਥਕ ਪ੍ਰਸੰਗ ਵਿਚ, ਕਿਸੇ ਸਥਾਪਤ ਬਾਡੀ ਵਲੋਂ ਦਿੱਤੇ ਹੋਏ ਜਾਂ ਸੌਂਪੇ ਹੋਏ ਅਧਿਕਾਰਾਂ ਦੀ ਸੀਮਾਂ ਵਿਚ ਪਰਵਾਨ ਨਹੀਂ ਕੀਤੀ ਜਾ ਸਕਦੀ। ਇਉਂ ਇਹ ਸੰਸਥਾ ਨੈਤਿਕਤਾ ਦੇ ਘੇਰੇ ਵਿਚ ਵਧ ਤੋਂ ਵਧ ਕਰਤਵ-ਮੂਲਕ-ਸੰਸਥਾ ਹੀ ਕਹੀ ਜਾ ਸਕਦੀ ਹੈ। ਇਸ ਜੁੰਮੇਵਾਰੀ ਨੂੰ, ਜੋ ਪੰਥਕ ਨਹੀਂ ਹੈ, ਉਸਨੂੰ ਪੰਥਕ ਬਨਾਉਣ ਦੀ ਮਜਬੂਰੀ ਵਿਚ ਉਲਝਾਉਣ ਦੀ ਥਾਂ, ਜੋ ਪੰਥਕ ਹੈ, ਉਸਨੂੰ ਪੰਥਕ-ਤਾਜ਼ਗੀ ਨਾਲ ਜੋੜੀ ਰਖਣ ਵਲ ਤੋਰਨਾਂ ਚਾਹੀਦਾ ਹੈ। ਪੰਥਕ ਤਾਂ ਕਿਸੇ ਵੀ ਸਿਆਸੀ ਪਾਰਟੀ ਵਿਚ ਰਹਿ ਕੇ ਹੋਇਆ ਜਾ ਸਕਦਾ ਹੈ। ਭਾਰਤ ਦਾ ਵਿਧਾਨ ਇਸਦੀ ਆਗਿਆ ਵੀ ਦੇਂਦਾ ਹੈ। ਬਹੁਤ ਸਾਰੇ ਸਿੱਖ ਸਿਆਸਤਦਾਨਾਂ ਨੇ ਇਸ ਪਾਸੇ ਕੋਸ਼ਿਸ਼ ਕੀਤੀ ਵੀ ਹੈ, ਕਰ ਵੀ ਰਹੇ ਹਨ ਅਤੇ ਕਰਦੇ ਰਹਿਣ ਦੀ ਸੰਭਾਵਨਾ ਵੀ ਹੈ। ਅਕਾਲੀ ਸਿਆਸਤਦਾਨ ਨੂੰ ਇਹ ਰਾਹ ਬੰਦ ਕਰਨ ਵਿਚ ਤੁਰਤ-ਲਾਹਾ ਨਜਰ ਆਉਂਦਾ ਹੈ ਅਤੇ ਇਹ ਲਾਹਾ ਲੈਣ ਵਿਚ ਉਹ ਕਾਫੀ ਹੱਦ ਤਕ ਸਫਲ ਵੀ ਹੋ ਗਏ ਹਨ। ਇਹ ਰਾਹ ਖੁਲ੍ਹਾ ਰਖਣ ਦੀ ਬਹੁਤ ਲੋੜ ਹੈ ਅਤੇ ਅਜਿਹਾ ਕਰਨ ਲਈ, ਜਥੇਦਾਰੀ ਦੀ ਸੰਸਥਾ ਨੂੰ, ਧੜਿਆਂ ਨਾਲ ਧੜਾ ਹੋਣ ਤੋਂ ਗੁਰੇਜ਼ ਜਾਂ ਇਨਕਾਰ ਕਰਕੇ, ਪੰਥਕ-ਰੰਗ ਵਿਚ ਵਿਚਰਣ ਦਾ ਪ੍ਰਗਟਾਵਾ ਕਰਨਾ ਪਵੇਗਾ? ਜਿਸ ਕਿਸਮ ਦੀ ਇਸ ਪਾਸੇ ਕੋਸ਼ਿਸ਼ ਕੀਤੀ ਜਾ ਸਕਦੀ ਹੈ, ਅਤੇ ਜਿਵੇਂ ਵੀ ਇਸ ਪਾਸੇ ਤੁਰਿਆ ਜਾ ਸਕਦਾ ਹੈ, ਓਸੇ ਨੂੰ ਇਥੇ ਪੰਥਕ-ਨੈਤਿਕਤਾ ਕਿਹਾ ਜਾ ਰਿਹਾ ਹੈ। ਇਹੋ ਜਿਹੀ ਚੇਤਨਾ ਤੋਂ ਮਹਿਰੂਮ 'ਜਥੇਦਾਰਾਂ' ਨੇ, ਪੰਥਕ ਹੋਣ ਦੀ ਅਸਮਰਥਤਾ ਨੂੰ, ਸਿਆਸੀ ਹੋਣ ਦੀ ਸੌਖ ਨਾਲ ਸਰਚਾਉਣ ਦੀਆਂ ਕੋਸ਼ਿਸ਼ਾਂ ਲਗਾਤਾਰ ਕੀਤੀਆਂ ਹਨ। ਏਸੇ ਲਈ ਅਕਾਲ ਤਖਤ ਸਾਹਿਬ ਦੀ ਸੰਸਥਾ ਦਾ ਉਹ ਸੁਤੰਤਰ ਸਥਾਪਨ ਨਹੀਂ ਹੋ ਸਕਿਆ, ਜੋ ਅਸਲ ਸੀ ਅਤੇ ਜਿਸਦੀ ਬਹੁਤ ਲੋੜ ਸੀ ਤੇ ਹੈ ਵੀ। ਇਸ ਸਥਿਤੀ ਵਾਸਤੇ ਜੇ ਕਿਸੇ ਧਿਰ ਨੂੰ ਜੁੰਮੇਵਾਰ ਠਹਿਰਾਉਣ ਦੀ ਲੋੜ ਪੈ ਜਾਵੇ ਤਾਂ ਸਿੱਖ-ਸਿਆਸਤਦਾਨਾਂ ਨੂੰ ਹੀ ਜੁੰਮੇਵਾਰ ਠਹਿਰਾਇਆ ਜਾ ਸਕਦਾ ਹੈ। ਪਰ ਇਸਤੋਂ, ਜਿਥੋਂ ਤੱਕ ਹੋ ਸਕੇ ਗੁਰੇਜ਼ ਕਰਨਾ ਚਾਹੀਦਾ ਹੈ, ਕਿਉਕਿ ਇਸਦੇ ਨੁਕਸਾਨ ਹੀ ਨੁਕਸਾਨ ਹਨ।

2.2 ਦੁਨੀਆਂ ਵਿਚ ਜੋ ਭੂਮਿਕਾ ਸਿੱਖ ਧਰਮ ਚਿੰਤਨ ਨੂੰ ਨਿਭਾਉਣੀ ਚਾਹੀਦੀ ਸੀ,ਉਹ ਕਈ ਹੋਰ ਕਾਰਨਾਂ ਕਰਕੇ ਵੀ ਅਤੇ ਇਸ ਕਰਕੇ ਵੀ ਨਹੀਂ ਨਿਭਾਈ ਜਾ ਸਕੀ, ਕਿਉਕਿ ਅਸਮਰਥਤਾ ਨੂੰ ਸਮਰਥਾ ਸਮਝ ਲੈਣ ਦੇ ਭਰਮ ਨੇ ਸਿੱਖ-ਰੋਲ-ਮਾਡਲ ਤਾਂ ਗੁਅ ਹੀ ਲਿਆ ਹੈ। ਇਸ ਵਿਚ ਵਾਧਾ ਇਹ ਹੋ ਗਿਆ ਹੈ ਕਿ ਸਿੱਖ-ਲੀਡਰਸ਼ਿਪ ਦੀ ਸੰਤੁਸ਼ਟੀ ਨਾਲ ਆਮ ਸਿੱਖ ਨੂੰ ਸੰਤੁਸ਼ਟ ਹੋਣ ਦੀ ਮਜਬੂਰੀ ਹੰਢਾਉਣੀ ਪੈ ਰਹੀ ਹੈ। ਇਹ ਆਮ ਸਿੱਖਾਂ ਅੰਦਰ, ਗਿਆਨ ਅਤੇ ਬਿਬੇਕ ਦੇ ਮੁਦਿਆਂ ਵਲ ਪਿੱਠ ਹੋ ਜਾਣ ਕਰਕੇ ਵੀ ਵਾਪਰਿਆ ਹੈ। ਇਸ ਉਤੇ ਪਹਿਰਾ ਦੇਣ ਅਤੇ ਦੁਆਉਣ ਦੀ ਭੂਮਿਕਾ ਦਾ ਬਿਰਦ ਅਕਾਲ ਤਖਤ ਸਾਹਿਬ ਵਲੋਂ ਪਾਲੇ ਜਾਣ ਦੇ ਰਸਤੇ ਬੰਦ ਹੋ ਗਏ ਜਾਪਦੇ ਹਨ। ਮਸਲਿਆਂ ਨੂੰ ਮਸਲਿਆਂ ਦੇ ਪ੍ਰਸੰਗ ਵਿਚ ਹੀ ਸੁਲਝਾਇਆ ਜਾ ਸਕਦਾ ਹੈ। ਇਕ ਪ੍ਰਤੀਸ਼ਤ ਤੋ ਵੀ ਘਟ ਸਿੱਖ, ਸਿਆਸਤ ਵਿਚ ਹਨ। ਵਡੀ ਬਹੁਗਿਣਤੀ ਦੀ ਕੁਰਬਾਨੀ, ਅਲਪ ਸੰਖਿਅਕ ਸਿਆਸਤਦਾਨਾਂ ਲਈ ਕਿਉਂ ਦਿੱਤੀ ਜਾ ਰਹੀ ਹੈ?ਇਸ ਬਾਰੇ ਸੋਚਣ ਦੀ ਵਿਹਲ ਜਾਂ ਹਿੰਮਤ ਕਿਸ ਕੋਲ ਹੈ? ਵਿਰੋਧ ਵਾਸਤੇ ਵਿਰੋਧ ਦੀ ਸਿਆਸਤ ਦਾ ਜਜ਼ਬਾਤੀ-ਉਲਾਰ ਆਪਣੇ ਆਪ ਵਿਚ ਸਮਸਿਆਂ ਹੁੰਦਾ ਜਾ ਰਿਹਾ ਹੈ। ਕਿਹਾ ਜਾ ਸਕਦਾ ਹੈ ਕਿ ਸਿਆਸੀ-ਮਾਇਆ-ਜਾਲ ਨਾਲ ਪੈਦਾ ਹੋ ਜਾਣ ਵਾਲੀਆਂ ਸੰਭਾਵਨਾਵਾਂ ਨੇ ਤਾਂ ਸਿੱਖੀ ਦੀ ਇਕਸੁਰਤਾ ਦੇ ਕਿਸੇ ਕਿਸਮ ਦੇ ਪ੍ਰਗਟਾਵੇ ਦੀ ਸੰਭਾਵਨਾ ਨੂੰ, ਸਿਧਾਂਤਕ ਦ੍ਰਿਸ਼ਟੀ ਤੋਂ ਸੰਭਵ ਹੀ ਨਹੀਂ ਰਹਿਣ ਦਿੱਤਾ? ਸਿਆਸਤ ਤਾਂ ਕਿਸੇ ਨ ਕਿਸੇ ਰੂਪ ਵਿਚ ਈਜਾਰੇਦਾਰੀ ਹੀ ਰਹਿੰਦੀ ਹੈ । ਪਰ ਸਿੱਖੀ ਤਾਂ ਸੱਚ ਦੀ ਈਜਾਰੇਦਾਰੀ ਨਾਲ ਵੀ ਨਿਭਣ ਦੀ ਆਗਿਆ ਨਹੀਂ ਦੇਂਦੀ। ਇਉਂ ਈਜਾਰੇਦਾਰੀ ਦੀ ਸਿਆਸਤ ਨਾਲ,ਪੰਥ ਅਤੇ ਪੰਥ ਦੇ ਵਾਰਸਾਂ ਦਾ ਸਮਾਨਾਂਤਰਤਾ ਵਿਚ ਆ ਜਾਣਾ ਕੁਦਰਤੀ ਹੈ। ਇਹ "ਕੀਚੜ ਫਾਥੇ" ਵਰਗੀ ਖੜੋਤ ਹੈ। ਇਸ ਵਿਚੋਂ ਸੁਜੱਗਤਾ ਨਾਲ ਹੀ ਨਿਕਲਿਆ ਜਾ ਸਕਦਾ ਹੈ। ਇਸ ਪਾਸੇ ਤੁਰਨ ਦੀ ਲੋੜੀਂਦੀ ਅਗਵਾਈ ਜੇ ਜਥੇਦਾਰੀ-ਸੰਸਥਾ ਰਾਹੀਂ ਚਿਤਵਣੀ ਹੋਵੇ ਤਾਂ ਇਸ ਵਾਸਤੇ ਸੁਝਾਅ ਇਸ ਪ੍ਰਕਾਰ ਹੋ ਸਕਦੇ ਹਨ:

ੳ. ਸਿੱਖ ਮਾਨਸਿਕਤਾ ਦੀ ਰਾਏ ਜਾਣਨ ਵਾਸਤੇ ਸੰਗਤੀ ਜੁਗਤਿ ਦੀ ਵਰਤੋਂ ਕਰਦਿਆਂ, ਦਰਪੇਸ਼ ਸਿਆਸੀ ਮਸਲੇ ਨਾਲ ਸਬੰਧਤ ਸਿੱਖ ਲੀਡਰਾਂ ਅਤੇ ਸਿੱਖ ਸੰਗਤ ਨੂੰ ਇਕਠਿਆਂ ਇਕੋ ਵੇਲੇ, ਅਕਾਲ ਤਖਤ ਸਾਹਿਬ ਉਤੇ ਸੱਦਾ ਦੇਣਾ ਚਾਹੀਦਾ ਹੈ। ਮਸਲੇ ਦਾ ਐਲਾਨ ਜਥੇਦਾਰ ਅਕਾਲ ਤਖਤ ਸਾਹਿਬ ਹੀ ਕਰੇ। ਮਸਲੇ ਨਾਲ ਸਬੰਧਤ ਲੀਡਰਾਂ ਨੂੰ ਵਾਰੀ ਵਾਰੀ ਸੰਗਤ ਸਾਹਮਣੇ ਪੱਖ ਪੇਸ਼ ਕਰਨ ਦਾ ਮੌਕਾ ਦਿਤਾ ਜਾਵੇ। ਫਿਰ ਹਾਜ਼ਰ ਸਿੱਖਾਂ ਤੋਂ ਲਿਖਤੀ ਸੁਆਲ ਮੰਗੇ ਜਾਣ। ਉਨ੍ਹਾਂ ਸੁਆਲਾਂ ਦੇ ਉਤਰ ਦੇਣ ਦਾ ਸਬੰਧਤ ਲੀਡਰਾ ਨੂੰ ਮੌਕਾ ਦਿਤਾ ਜਾਵੇ। ਪੰਜ ਸਿੰਘ ਸਾਹਿਬਾਨ ਸਰਪ੍ਰਸਤਾਂ ਵਾਂਗ ਸਭ ਕੁਝ ਸੁਣਨ ਅਤੇ ਫਿਰ ਸਬੰਧਤ ਲੀਡਰਾਂ ਨੂੰ ਵਿਚ ਬੈਠਾ ਕੇ, ਦਰਪੇਸ਼ ਮਸਲੇ ਬਾਰੇ ਸਰਬਸੰਮਤੀ ਬਨਾਉਣ ਦੀ ਕੋਸ਼ਿਸ਼ ਕਰਨ। ਜੇ ਸਰਬਸੰਮਤੀ ਨ ਹੋਵੇ ਤਾਂ ਪੰਜ ਸਿੰਘ ਸਾਹਿਬਾਨ ਨਿਰਣਾ ਜਰੂਰ ਲੈਣ। ਪਰ ਇਸ ਨਿਰਣੈ ਨੂੰ ਤਨਖਾਹ ਲਾਕੇ ਨਿਪਟਾਉਣ ਜਾਂ ਹੁਕਮਨਾਮੇ ਰਾਹੀਂ ਮੰਨਵਾਉਣ ਦੀ ਥਾਂ, ਸਿੰਘ ਸਾਹਿਬਾਨ ਦੀ ਰਾਏ ਨੂੰ ਸਮੂਹ ਸਿੱਖਾਂ ਤੱਕ, ਕਿਸੇ ਵੀ ਸੰਭਵ ਵਿਧੀ ਰਾਹੀਂ ਪਹੁੰਚਾ ਦੇਣ। ਇਸ ਨਾਲ ਸਿੱਖ ਆਪੇ ਹੀ ਫੈਸਲਾ ਕਰ ਲੈਣਗੇ ਕਿ ਉਨ੍ਹਾਂ ਨੇ ਕਿਸ ਲੀਡਰ ਦਾ ਸਾਥ ਦੇਣਾ ਹੈ ਅਤੇ ਜਥੇਦਾਰਾਂ ਦੀ ਰਾਏ ਦਾ ਕਿੰਨਾਂ ਕੂ ਮਾਨ ਰਖਣਾ ਹੈ। ਇਹ ਮਾਰਗ, ਮੈਨੂੰ ਲਗਦਾ ਹੈ ਕਿ ਸੰਗਤ ਦੇ ਖਾਲਸਾ ਹੋ ਸਕਣ ਦਾ ਮਾਰਗ ਵੀ ਹੋ ਸਕਦਾ ਹੈ। ਇਹ ਸਰਬੱਤ ਖਾਲਸਾ ਦਾ ਬਦਲ ਤਾਂ ਨਹੀਂ ਕਹਿਣਾ ਚਾਹੀਦਾ, ਪਰ ਸਿੱਖਾਂ ਦੇ ਫੈਲਾਅ ਨਾਲ 'ਸਰਬਤ-ਖਾਲਸਾ' ਦੀ ਸੰਭਾਵਨਾ ਵਾਸਤੇ ਪੈਦਾ ਹੋ ਗਈਆਂ ਦੁਸ਼ਵਾਰੀਆਂ ਅਤੇ ਬਹਾਨਿਆਂ ਦਾ ਸਿੱਖ-ਹੱਲ ਲਭਣ ਵਲ ਇਕ ਕਦਮ ਤਾਂ ਜ਼ਰੂਰ ਸਾਬਤ ਹੋ ਸਕੇਗਾ।

ਅ. ਤਨਖਾਹ ਲਾਉਣ ਦੀ ਵਿਧੀ ਸਬੰਧਤ ਕਥਿਤ-ਦੋਸ਼ੀ ਸਿੱਖ ਨੂੰ ਭਾਈਚਾਰਕ ਸ਼ਰਮਿੰਦਗੀ ਤੋਂ ਬਚਾਉਣ ਵਾਸਤੇ ਹੀ ਸੀ। ਜੇ ਕੋਈ ਸਿੱਖ ਇਸ ਵਾਸਤੇ ਖੁਦ ਇਲਤਜ਼ਾ ਕਰੇ, ਤਾਂ ਹੀ ਇਸਦੀ ਵਰਤੋਂ ਕਰਨੀ ਚਾਹੀਦੀ ਹੈ। ਛੇਕੇ ਜਾਣ ਦੀ ਵਿਧੀ ਨੂੰ ਇਸ ਨਾਲੋਂ ਵੱਖ ਕਰਕੇ ਵੇਖੇ ਜਾਣ ਦੀ ਲੋੜ ਹੈ।

ੲ. ਸਿੱਖੀ ਵਿਚ ਜਥੇਦਾਰੀ ਸਮੇਤ ਕਿਸੇ ਵੀ ਪਦਵੀ ਦੇ ਅਧਿਕਾਰ ਦੀ ਕੋਈ ਵਿਵਸਥਾ ਨਹੀਂ ਹੈ। ਸਾਰੀਆਂ ਅਹੁਦੇਦਾਰੀਆਂ ਪਦਵੀ ਦੀ ਨੈਤਿਕਤਾ ਨਾਲ ਹੀ ਜੁੜੀਆਂ ਹੋਈਆਂ ਹਨ। ਪਦਵੀ ਦੇ ਅਧਿਕਾਰ ਦੀ ਪਿਰਤ ਸਿੱਖ-ਸਿਆਸਤਦਾਨਾਂ ਦੀ ਦੇਣ ਹੈ। ਤਨਖਾਹ ਦੀ ਵਿਧੀ ਨੂੰ ਲਾਗੂ ਕਰਨ ਲਗਿਆਂ, ਇਸਨੂੰ ਅਖੋਂ ਓਹਲੇ ਨਹੀਂ ਹੋਣ ਦੇਣਾ ਚਾਹੀਦਾ। ਸਿੱਖੀ ਅਨੁਸਾਰ ਸੱਚ ਓਹੀ ਹੈ, ਜਿਹੜਾ ਆਮ ਸਿੱਖ/ਆਦਮੀ ਨੂੰ ਵੀ ਸੱਚ ਲਗਦਾ ਹੈ।

ਸ. ਇਹ ਤੇ ਇਸ ਨਾਲ ਜੁੜੇ ਹੋਏ ਹੋਰ ਮਸਲਿਆਂ ਬਾਰੇ ਕੌਮੀ ਸੰਬਾਦ ਛੇੜਿਆ ਜਾ ਸਕਦਾ ਹੈ। ਜੇ ਸਿੱਖ ਆਪਣਿਆਂ ਮਸਲਿਆਂ ਬਾਰੇ ਆਪ ਨਹੀਂ ਸੋਚਣਗੇ, ਤਾਂ ਅਕਾਦਮਿਕ ਅਤੇ ਧਾਰਮਿਕ ਘੁਸਪੈਠ ਨਾਲ, ਸਿਆਸੀ ਘੜਮੱਸ ਪੈਦਾ ਕਰਨ ਦੀਆਂ ਸੰਭਾਵਨਾਵਾਂ ਕਾਇਮ ਰਹਿਣੀਆਂ ਕੁਦਰਤੀ ਹੋ ਜਾਣਗੀਆਂ। ਇਹ ਸੋਚਕੇ ਸ਼ੁਰੂਆਤ ਕਰਨੀ ਚਾਹੀਦੀ ਹੈ ਕਿ ਸਿੱਖ-ਸਿਆਸਤਦਾਨ ਅਤੇ ਸਿੱਖ-ਸਮਰਥਕਾਂ ਵਿਚਕਾਰ ਸਮਝੌਤੇ ਦੀ ਨਹੀਂ, ਤਵਾਜ਼ਨ ਦੀ ਲੋੜ ਹੈ ਅਤੇ ਇਸਨੂੰ ਸਿੱਖੀ ਭਾਵਨਾਂ ਵਿਚ ਪੂਰਾ ਕੀਤਾ ਜਾ ਸਕਦਾ ਹੈ? ਫਿਰ ਦੇਰੀ, ਸੁਸਤੀ ਜਾਂ ਘੋਲ ਕਿਉਂ?

3.1 ਇਥੇ ਇਹ ਵੀਚਾਰੇ ਜਾਣ ਦੀ ਵੀ ਲੋੜ ਹੈ ਕਿ ਸਿੱਖ-ਤਖਤਾਂ ਦਾ ਗੁਰਦੁਆਰਾ ਐਕਟ 1925 ਨਾਲ ਕੀ ਸਬੰਧ ਹੈ? ਸੰਕਟ ਦੀ ਘੜੀ ਵਿਚ ਫੈਸਲੇ ਬਾਰੇ ਸੋਚਣ ਦਾ ਕੰਮ ਜੇ ਸਬੰਧਤ ਧਿਰਾਂ ਨਾ ਕਰਨ ਤਾਂ ਬੇਗਾਨੇ, ਸ਼ਰੀਕ ਅਤੇ ਵਿਰੋਧੀ ਆਪਣੀ ਅਗਿਆਨਤਾ ਵਿਚੋਂ ਜਾਂ ਸਬੰਧਤਾ ਦੀ ਅਗਿਆਨਤਾ ਦਾ ਲਾਭ ਉਠਾਕੇ, ਇੱਛਤ ਨਤੀਜਿਆਂ ਦੇ ਲਾਲਚ ਵਿਚ, ਸੰਕਟ ਨੂੰ ਵਧਾਉਣ ਵਾਲੇ ਪਾਸੇ ਲੈ ਜਾਣਗੇ। ਸਿੱਖ ਕੌਮ ਨੂੰ ਬਹੁਤੀਆਂ ਸਮੱਸਿਆਵਾਂ ਇਸੇ ਪ੍ਰਸੰਗ ਵਿਚੋਂ ਝੇਲਣੀਆਂ ਪਈਆਂ ਹਨ। ਅਕਾਲ ਤਖਤ ਸਾਹਿਬ ਨੂੰ ਲੈ ਕੇ ਵਰਤਮਾਨ ਵਿਚ ਛਿੜਦੇ ਵਿਵਾਦਾਂ ਨੂੰ ਗੁਰੂ ਖਾਲਸਾ ਪੰਥ ਸਾਮਹਣੇ ਦਰਪੇਸ਼ ਸੰਕਟ ਵਜੋਂ ਹੀ ਲਿਆ ਜਾਣਾ ਚਾਹੀਦਾ ਹੈ ਅਤੇ ਇਸ ਵਿਚੋ ਨਿਕਲਣ ਦਾ ਹੱਲ ਵੀ ਆਪ ਹੀ ਲੱਭਣਾ ਚਾਹੀਦਾ ਹੈ। ਮੂਲ ਪ੍ਰਸ਼ਨ ਇਹ ਹੈ ਕਿ ਕੀ ਤਖਤਾਂ ਦੇ ਜਥੇਦਾਰ ਗੁਰਦੁਆਰਾ ਐਕਟ ਦੇ ਘੇਰੇ ਵਿਚ ਆਉਦੇ ਹਨ? ਵੇਖਣ ਨੂੰ ਇਉ ਹੀ ਲਗਦਾ ਹੈ ਕਿ ਜੋ ਕੋਈ ਗੁਰਦੁਆਰਿਆਂ ਨਾਲ ਸਬੰਧਤ ਪ੍ਰਬੰਧ ਅਧੀਨ ਆਂ ਜਾਂਦਾ ਹੈ, ਉਹ ਐਕਟ ਦੇ ਘੇਰੇ ਵਿਚ ਵੀ ਆ ਜਾਂਦਾ ਹੈ। ਇਸ ਨਾਲ ਇਹ ਗੱਲਾਂ ਸਾਮਹਣੇ ਆ ਜਾਂਦੀਆਂ ਹਨ :



ਜਥੇਦਾਰ ਕਿਰਪਾਲ ਸਿੰਘ



ਜਥੇਦਾਰ ਗੁਰਚਰਨ ਸਿੰਘ ਟੌਹੜਾ

1. ਗੁਰਦੁਆਰਾ ਐਕਟ 1925 ਨਾਲ ਜੋੜਕੇ ਕੀਤੀ ਜਾ ਰਹੀ ਜਥੇਦਾਰਾਂ ਦੀ ਨਿਯੁਕਤੀ ਅਤੇ ਮੁਅੱਤਲੀ, ਨ ਹੀ ਤਖਤਾਂ ਦੇ ਪਰੰਪਰਕ ਜਲੌਅ ਦੀ ਅਨੁਸਾਰੀ ਹੈ ਅਤੇ ਨ ਹੀ ਐਕਟ 1925 ਦੇ ਮੁਤਾਬਿਕ ਹੈ।

2. ਜਿੰਨਾਂ ਚਿਰ ਗਰੇਡ ਵਿਚ ਤਨਖਾਹ ਨਹੀਂ ਦਿਤੀ ਜਾਂਦੀ ਅਤੇ ਮਿਲ ਸਕਦੇ ਹੋਰ ਵਿੱਤੀ ਲਾਭ ਨਹੀਂ ਲਏ ਜਾਂਦੇ, ਉਨਾਂ ਚਿਰ ਕਿਸੇ ਵੀ ਤਖਤ ਦੇ ਜਥੇਦਾਰ ਨੂੰ ਮੁਲਾਜ਼ਮ ਨਹੀਂ ਗਿਣਿਆ ਜਾ ਸਕਦਾ।

3. ਤੱਥ ਇਹੀ ਹਨ ਕਿ ਇਸ ਵੇਲੇ ਕੋਈ ਵੀ ਜਥੇਦਾਰ ਨਾ ਹੀ ਕਿਸੇ ਗਰੇਡ ਵਿਚ ਹੈ ਅਤੇ ਨਾ ਹੀ ਮੁਲਾਜ਼ਮ ਵਾਂਗ ਉਸਨੂੰ ਹੋਰ ਲਾਭ ਮਿਲਦੇ ਹਨ। ਤਖਤ ਦਾ ਜਥੇਦਾਰ, ਜੇ ਲੈਣਾ ਚਾਹੇ ਤਾਂ ਉਸਨੂੰ ਆਨਰੇਰੀਅਮ ਹੀ ਮਿਲਦਾ ਹੈ। ਇਹ ਆਨਰੇਰੀਅਮ ਚੈਕ ਰਾਹੀਂ ਮਿਲਦਾ ਹੋ ਸਕਦਾ ਹੈ। ਜੇ ਇਸਦੀ ਰਸੀਦ ਆਦਿ ਵੀ ਨਹੀਂ ਦੇਣੀ ਪੈਂਦੀ, ਤਾਂ ਵੀ ਇਹ ਮਸਲੇ ਦਾ ਹੱਲ ਨਹੀਂ ਹੈ। ਮੈਨੂੰ ਪਤਾ ਹੈ ਕਿ ਕਿਸੇ ਵੀ ਜਥੇਦਾਰ ਨੂੰ ਰਜਿਸਟਰ ਵਿਚ ਹਾਜ਼ਰੀ ਨਹੀਂ ਲਾਉਣੀ ਪੈਂਦੀ ਅਤੇ ਨ ਹੀ ਕਿਧਰੇ ਜਾਣ ਲਈ ਲਿਖਤੀ ਛੁਟੀ ਲੈਣੀ ਪੈਂਦੀ ਹੈ। ਪਰ ਇਹ ਸਾਰੀਆਂ ਛੋਟਾਂ ਹਨ ਅਤੇ ਇਨ੍ਹਾਂ ਨੂੰ ਜਥੇਦਾਰੀ ਨਾਲ ਜੁੜੀ ਹੋਈ ਪ੍ਰਭੂ-ਸੱਤਾ ਦਾ ਹਿੱਸਾ ਬਨਾਏ ਜਾਣ ਦੀ ਲੋੜ ਹੈ।

3.2 ਇਸ ਹਾਲਤ ਵਿਚ ਇਹ ਵੇਖਣਾ ਪਵੇਗਾ ਕਿ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਦਾ ਕੀ ਰਾਹ ਅਪਣਾਇਆ ਜਾਣਾ ਚਾਹੀਦਾ ਹੈ? ਇਸ ਤੋ ਪਹਿਲਾਂ 1925 ਦੇ ਗੁਰਦੁਆਰਾ ਐਕਟ ਮੁਤਾਬਿਕ ਜੇ ਵੇਖਿਆ ਜਾਵੇ ਤਾਂ ਜਥੇਦਾਰ ਨੂੰ ਹੈਂਡ ਮਨਿਸਟਰ ਦੇ ਤੌਰ ਤੇ ਲਿਆ ਜਾਂ ਰਿਹਾ ਹੈ। ਪਰ ਇਹ ਵਿਆਖਿਆ, ਜੇ ਬਾਈ-ਲਾਜ਼ ਰਾਹੀਂ ਵੀ ਲਾਗੂ ਕਰ ਲਈ ਗਈ ਹੋਵੇ ਤਾਂ ਵੀ ਠੀਕ ਨਹੀਂ ਜਾਪਦੀ। ਮਨਿਸਟਰ ਦੀ ਵਿਆਖਿਆ ਐਕਟ ਵਿਚ ਪੰਨਾ 6 ਤੇ ਇਸ ਤਰ੍ਹਾਂ ਦਰਜ ਹੋਈ ਹੋਈ ਹੈ: "be deemed to be a Minister for the purpose of section (vii),"Minister" means an office-holder to whom either solely or alongwith others the control of the management or performance of public worship in a Gurdwara and of the rituals and ceremonies, observed therin is entrusted :(Provided that an office-holder to whom either solely or alongwith others the performance of public worship in a Gurdwara and of the rituals and ceremonies observed therein is not entrusted directly shall not……)

ਅਸਲ ਵਿਚ ਇਸ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਇਹ ਵਿਆਖਿਆ ਤਖਤਾਂ ਦੇ ਜਥੇਦਾਰ ਵਾਸਤੇ ਹੀ ਹੈ, ਸਗੋਂ ਇਸ ਤੋਂ ਇਹ ਸੰਕੇਤ ਤਾਂ ਜ਼ਰੂਰ ਮਿਲਦਾ ਹੈ ਕਿ ਹੈਂਡ ਮਨਿਸਟਰ, ਗੁਰਦੁਆਰੇ ਦੇ ਹੈਂਡ ਗ੍ਰੰਥੀ ਵਾਸਤੇ ਵਰਤਿਆ ਗਿਆ ਹੈ ਅਤੇ ਮਨਿਸਟਰ ਗੁਰਦੁਆਰੇ ਦੇ ਬਾਕੀ ਗ੍ਰੰਥੀਆਂ ਵਾਸਤੇ ਵਰਤਿਆ ਗਿਆ ਹੈ। ਪਰੰਪਰਾਗਤ ਵਿਆਖਿਆ ਅਨੁਸਾਰ ਵੀ ਮਨਿਸਟਰ ਦਾ ਅਰਥ ਉਸ ਅਹੁਦੇਦਾਰ ਤੋਂ ਹੈ, ਜਿਹੜਾ ਆਪਣੇ ਆਪ ਜਾਂ ਦੂਜਿਆਂ ਨਾਲ ਰਲਕੇ ਗੁਰਦੁਆਰਿਆਂ ਵਿਚ ਗੁਰਦੁਆਰਾ ਪ੍ਰਬੰਧ ਨਾਲ ਸਬੰਧਤ ਲੋੜੀਂਦੀ ਧਾਰਮਿਕ ਕਾਰਵਾਈ ਕਰਦਾ ਹੈ। ਕਿਸੇ ਥਾਂ ਤੇ ਵੀ ਤਖਤ ਦੇ ਜਥੇਦਾਰ ਨੂੰ ਇਹ ਕਰਵਾਈ ਕਰਨ ਦਾ ਬੰਧਨ ਨਹੀਂ ਹੈ। ਇਸ ਨਾਲ

*(ਬਾਕੀ ਅਗਲੇ ਸਫੇ 'ਤੇ)*

# ਖੁਸ਼ਵੰਤ ਸਿੰਘ ਸਾਹਿਤ ਉਤਸਵ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਮੈਨੂੰ ਕਸੌਲੀ ਕਲੱਬ ਵਾਲੇ ਤੇਰ੍ਹਵੇਂ ਖੁਸ਼ਵੰਤ ਸਿੰਘ ਲਿਟ-ਫੈਸਟ (ਸਾਹਿਤ ਉਤਸਵ) ਨੇ ਬੜਾ ਉਤਸ਼ਾਹ ਦਿੱਤਾ ਹੈ। ਇਸ ਤਿੰਨ-ਰੋਜ਼ਾ ਉਤਸਵ ਵਿਚ ਹੜੱਪਾ ਤੋਂ ਅੱਜ ਤੱਕ ਦੇ ਸਭਿਆਚਾਰ ਦਾ ਲੇਖਾ-ਜੋਖਾ

ਪ੍ਰਧਾਨ ਸੀ ਜਿਹੜਾ ਵਿਕਸਤ ਭਾਰਤ 2047 ਦੇ ਮਾਡਲ ਨਾਲ ਸਮਾਪਤ ਹੋਇਆ। ਭਾਰਤ ਦੇ ਮਾਣਮੱਤੇ ਅਤੀਤ ਵਿਚ ਪਰੋ ਕੇ ਮਹਿਲਾਵਾਂ ਦੀ ਹਿੱਸੇਦਾਰੀ ਨੂੰ ਉਭਾਰਿਆ ਗਿਆ। ਇਹ ਵਿਚਾਰ ਪੇਸ਼ ਕੀਤਾ ਗਿਆ ਕਿ ਸਾਨੂੰ ਹੜੱਪਾ ਯੁੱਗ ਦੀਆਂ ਮਹਿਲਾਵਾਂ ਦੇ ਨੱਚਣ ਗਾਉਣ ਤੇ ਦੇਵੀ ਪੂਜਣ ਵਾਲੇ ਪੱਖਾਂ ਤੋਂ ਅੱਗੇ ਵਧ ਕੇ ਭਾਰਤੀ ਸਮਾਜ ਵਿਚ ਉਨ੍ਹਾਂ ਦੀ ਹਾਂ-ਪੱਖੀ ਦੇਣ ਉੱਤੇ ਜ਼ੋਰ ਦੇਣਾ ਚਾਹੀਦਾ ਹੈ। ਅੱਜ ਦੇ ਯੁੱਗ ਵਿਚ ਤਾਂ ਉਨ੍ਹਾਂ ਦਾ ਯੋਗਦਾਨ ਪੁਰਾਤਨ ਸਮਿਆਂ ਦੇ ਖੇਤੀ-ਮੁਖੀ ਸਮਾਜ ਨਾਲੋਂ ਵੀ ਵੱਧ ਹੈ। ਵਿਦਿਆ ਪ੍ਰਾਪਤੀ ਨੇ ਉਨ੍ਹਾਂ ਵਿਚ ਅਜਿਹੀ ਚੇਤਨਾ ਸ਼ਕਤੀ ਪੈਦਾ ਕੀਤੀ ਹੈ ਕਿ ਉਹ ਮਰਦਾਂ ਨੂੰ ਮਾਤ ਪਾਉਂਦੀਆਂ ਹਨ। ਉਹ ਆਉਣ ਵਾਲੀ ਨਸਲ ਦੇ ਪਾਲਣ-ਪੋਸ਼ਣ ਸਮੇਤ ਫੈਕਟਰੀਆਂ ਵਿਚ ਵੀ ਬਰਾਬਰ ਦਾ ਹਿੱਸਾ ਪਾਉਂਦੀਆਂ ਹਨ। ਉਨ੍ਹਾਂ ਵਿਚ ਵਿਗਿਆਨਕ ਦੇਣ ਦੀਆਂ ਜੁਗਤਾਂ ਨੂੰ ਗ੍ਰਹਿਣ ਕਰਨ ਦੀ ਭਾਵਨਾ ਬੜੀ ਤੇਜ਼ ਹੈ। ਇਸ ਹਿੱਸੇਦਾਰੀ ਨੂੰ 50 ਫੀਸਦੀ ਕਰਨਾ ਸਮੇਂ ਦੀ ਲੋੜ ਹੈ।

ਇਹ ਉਤਸਵ ਤੇਰਾਂ ਵਰ੍ਹਿਆਂ ਤੋਂ ਜਾਰੀ ਹੈ ਪਰ ਇਹ ਪਹਿਲੀ ਵਾਰ ਹੈ ਕਿ ਏਥੇ ਹੜੱਪਾ ਯੁੱਗ ਤੋਂ ਲੈ ਕੇ ਭਾਰਤ-ਚੀਨ ਤੇ ਭਾਰਤ-ਪਾਕਿ ਭੁੱਲਾਂ ਦੀ ਗੱਲ ਖੁੱਲ੍ਹ ਕੇ ਕੀਤੀ ਗਈ। ਅੱਜ ਦੇ ਹਾਕਮਾਂ ਨੂੰ ਇਹ ਵੀ ਦੱਸਿਆ ਗਿਆ ਕਿ ਏਥੇ ਅਟਲ ਬਿਹਾਰੀ ਵਾਜਪਾਈ ਵਾਲਾ ਦ੍ਰਿਸ਼ਟੀਕੋਣ ਅਪਨਾ ਕੇ ਹੀ ਸਾਰਥਕ ਨਤੀਜੇ ਕੱਢੇ ਜਾ ਸਕਦੇ ਹਨ। ਕੁਝ ਨਾ ਕੁਝ ਦੇ ਕੇ ਹੀ ਕੁਝ ਨਾ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ।

ਏਥੇ ਭਾਰਤ ਦੇ ਜੰਗਲਾਂ ਤੇ ਜੰਗਲੀ ਜਾਨਵਰਾਂ ਦੀ ਦੇਣ ਉੱਤੇ ਵੀ ਚਾਨਣਾ ਪਾਇਆ ਗਿਆ ਤੇ 'ਇੱਕ ਰਾਸ਼ਟਰ-ਇੱਕ ਚੋਣ' ਦੇ ਭਖਦੇ ਮਸਲਿਆਂ ਉੱਤੇ ਵੀ। ਫਿਲਮ ਜਗਤ ਵਿਚ ਆ ਰਹੀਆਂ ਤਬਦੀਲੀਆਂ ਨੂੰ ਇਤਿਹਾਸ ਦੇ ਚੌਖਟੇ ਵਿਚ ਫਿੱਟ ਕਰ ਕੇ ਇਮਤਿਆਜ਼ ਅਲੀ ਨੇ ਵੀ ਕਮਾਲ ਦੀ ਪੇਸ਼ਕਾਰੀ ਕੀਤੀ। ਸੱਤ ਸਮੁੰਦਰ ਪਾਰ ਤੋਂ ਪਹੁੰਚੇ ਸਰਬਪ੍ਰੀਤ ਸਿੰਘ ਨੇ ਸਿੱਖ ਪੰਥ ਦੀਆਂ ਪ੍ਰਾਪਤੀਆਂ ਨੂੰ ਇਤਿਹਾਸ ਦੇ ਝਰੋਖੇ ਰਾਹੀਂ ਪੇਸ਼ ਕਰ ਕੇ ਮਹਾਰਾਜਾ ਰਣਜੀਤ ਸਿੰਘ ਦੀ ਧਰਮ-ਨਿਰਪੱਖ ਸੋਚ ਨੂੰ ਸਾਦਾ ਤੇ ਸਰਲ ਢੰਗ ਵਿਚ ਪੇਸ਼ ਕੀਤਾ-1706 ਤੋਂ 1780 ਦੇ ਸਮੇਂ ਨੂੰ ਆਧਾਰ ਬਣਾ ਕੇ।


ਮੇਰੇ ਲਈ ਕਸੌਲੀ ਜਾਣਾ ਖੁਸ਼ਵੰਤ ਸਿੰਘ ਦੀ ਦਰਿਆ ਦਿਲੀ ਨੂੰ ਚੇਤੇ ਕਰਨਾ ਹੈ। ਮੈਂ ਉਸਦੇ ਜੀਵਨ ਕਾਲ ਵਿਚ ਉਸਦੀ ਕਸੌਲੀ ਵਾਲੀ ਕੋਠੀ ਵਿਚ ਹਰ ਸਾਲ 15-20 ਦਿਨ ਰਹਿੰਦਾ ਰਿਹਾ ਹਾਂ। ਕੇਵਲ ਦੋ ਸ਼ਰਤਾਂ ਅਧੀਨ। ਪਹਿਲੀ ਇਹ ਕਿ ਇਸ ਕੋਠੀ ਵਿਚ ਰਹਿਣ ਦਾ ਸਮਾਂ ਚੁਣਦੇ ਸਮੇਂ ਮੈਨੂੰ ਇਹ ਗੱਲ ਧਿਆਨ ਵਿਚ ਰੱਖਣੀ ਪੈਂਦੀ ਸੀ ਕਿ ਖੁਸ਼ਵੰਤ ਸਿੰਘ ਖੁਦ ਉਥੇ ਨਾ ਹੋਵੇ। ਦੂਜੀ ਇਹ ਕਿ ਉਸਦੀ ਲਾਇਬਰੇਰੀ ਵਿਚ ਪਈਆਂ ਪੁਸਤਕਾਂ ਵਿਚ ਕੋਈ ਵੀ ਪੁਸਤਕ ਏਧਰ-ਓਧਰ ਨਾ ਹੋਵੇ।

ਮੈਨੂੰ ਇਹ ਗੱਲ ਵੀ ਕੱਲ੍ਹ ਵਾਂਗ ਚੇਤੇ ਹੈ ਕਿ ਜਦੋਂ 1970 ਵਿਚ ਉਸ ਨੂੰ ਭਾਸ਼ਾ ਵਿਭਾਗ ਨੇ ਸ਼੍ਰੋਮਣੀ ਪੱਤਰਕਾਰ ਦੇ ਪੁਰਸਕਾਰ ਨਾਲ ਨਿਵਾਜਿਆ ਸੀ ਤਾਂ ਉਸ ਨੇ ਅਭਿਨੰਦਨ ਵਾਸਤੇ ਤਿਆਰ ਕੀਤੀ ਜਾਣ ਵਾਲੀ ਪੋਥੀ ਲਈ ਮੇਰੇ ਕੋਲੋਂ ਵੀ ਲੇਖ ਦੀ ਮੰਗ ਕੀਤੀ ਸੀ।

ਮੇਰੇ ਲੇਖ ਦਾ ਸਿਰਲੇਖ 'ਖੁਸ਼ਵੰਤ ਸਿੰਘ-ਇੱਕ ਸਾਹਿਤ-ਅਫਜ਼ਾ ਸ਼ਖ਼ਸੀਅਤ' ਸੀ। ਉਸ ਨੂੰ ਮਿਲਣਾ ਠੰਢੀ ਹਵਾ ਦੇ ਬੁੱਲ੍ਹੇ ਮਾਨਣ ਵਰਗਾ ਸੀ। ਉਸ ਦੇ ਉਤਸਵ ਵਿਚ ਸ਼ਿਰਕਤ ਕੀਤਿਆਂ ਵੀ ਇਸ ਤਰ੍ਹਾਂ ਦਾ ਅਹਿਸਾਸ ਹੁੰਦਾ ਹੈ।

ਇਹ ਗੱਲ ਨੋਟ ਕਰਨ ਵਾਲੀ ਹੈ ਕਿ ਸਮੇਂ ਨਾਲ ਇਸ ਉਤਸਵ ਦੇ ਸੈਸ਼ਨਾਂ ਵਿਚ ਵੀ ਨਿਖਾਰ ਆ ਗਿਆ ਹੈ। ਵਿਸ਼ੇ ਵੀ ਨਵੇਂ-ਨਵੇਂ ਲਏ ਜਾ ਰਹੇ ਹਨ ਤੇ ਬੁਲਾਰੇ ਵੀ ਕਮਾਲ ਦੇ। ਇਸ ਦਾ ਪੂਰਾ ਨਕਸ਼ਾ ਇੱਕ ਲੇਖ ਵਿਚ ਨਹੀਂ ਖਿੱਚਿਆ ਜਾ ਸਕਦਾ ਇਹੀਓ ਕਾਰਨ ਹੈ ਕਿ ਸੋਸ਼ਲ ਮੀਡੀਆ ਵਿਚ ਇਸ ਨੂੰ ਪੂਰੀ ਥਾਂ ਨਹੀਂ ਮਿਲੀ।

ਖੁਸ਼ਵੰਤ ਸਿੰਘ ਨੂੰ ਪੰਜਾਬੀ ਪਾਠਕਾਂ ਤੱਕ ਪਹੁੰਚਾਉਣ ਵਾਲਾ ਹੋਣ ਦੇ ਨਾਤੇ ਮੇਰੀ ਇਛਾ ਹੈ ਕਿ ਇਸ ਉਤਸਵ ਵਿਚ ਇਕ ਸੈਸ਼ਨ ਪੰਜਾਬੀ ਸਾਹਿਤ ਬਾਰੇ ਵੀ ਹੋਣਾ ਚਾਹੀਦਾ ਹੈ ਕਿਉਂਕਿ ਇਸ ਉਤਸਵ ਵਿਚ ਸ਼ਿਰਕਤ ਕਰਨ ਵਾਲਿਆਂ ਵਿਚ ਪੰਜਾਬੀਆਂ ਦੀ ਬਹੁਗਿਣਤੀ ਹੁੰਦੀ ਹੈ। ਮੈਂ ਤਾਂ ਇਹ ਵੀ ਚਾਹਾਂਗਾ ਕਿ ਇੱਕ ਦੋ ਬੁਲਾਰੇ ਉਹ ਵੀ ਹੋਣ




ਜੋ ਖੁਸ਼ਵੰਤ ਸਿੰਘ ਦੇ ਨਿੱਜ ਬਾਰੇ ਚਾਨਣਾ ਪਾਉਣ। ਖਾਸ ਕਰਕੇ ਉਸ ਦੀ ਜੀਵਨ ਸਾਥਣ ਕਵਲ ਦੇ ਯੋਗਦਾਨ ਬਾਰੇ। ਇਸ ਯੋਗਦਾਨ ਵਿਚ ਅੱਖੜਤਾ ਤਾਂ ਸੀ ਪਰ ਭਾਵਨਾ ਸੁੱਚੀ ਤੇ ਸੱਚੀ ਸੀ।

ਖੁਸ਼ਵੰਤ ਦੇ ਆਪਣੇ ਸ਼ਬਦਾਂ ਵਿਚ 'ਮੈਨੂੰ ਕਵਲ ਦੇ ਸੁਭਾਅ ਦਾ ਬੇਹਦ ਲਾਭ ਹੋਇਐ ਜੇ ਮੇਰੇ ਉੱਤੇ ਉਹਦਾ ਡਸਿਪਲਨ ਨਾ ਹੁੰਦਾ ਤਾਂ ਮੈਂ ਕਦੀ ਵੀ ਏਨਾ ਕੰਮ ਨਹੀਂ ਸੀ ਕਰ ਸਕਦਾ। ਜੇ ਤੁਸੀਂ ਅੱਖੜ ਨਾ ਹੋਵੋ ਤਾਂ ਸੁਣਦਾ ਵੀ ਕੋਈ ਨਹੀਂ। ਕਵਲ ਨੂੰ ਆਲਤੂ-ਫਾਲਤੂ ਗੱਲਾਂ ਬੰਦ ਕਰਨ ਦਾ ਵਲ ਆਉਂਦਾ ਸੀ। ਮੈਂ ਜਿੱਥੇ ਤੱਕ ਪੁੱਜਾ ਹਾਂ ਉਸਦੀ ਪਾਬੰਦੀ ਸਦਕਾ। ਉਸਨੇ ਮੇਰਾ ਅੰਤਾਂ ਦਾ ਸਮਾਂ ਸਾਂਭਿਆ ਹੈ।'

ਮੈਂ ਖੁਸ਼ਵੰਤ ਸਿੰਘ ਨੂੰ ਸਾਹਿਤ-ਅਫਜ਼ਾ ਹਸਤੀ ਗਰਦਾਨ ਚੁਕਿਆ ਹਾਂ। ਕਸੌਲੀ ਨੂੰ ਸਾਹਿਤ-ਅਫਜ਼ਾ ਬਣਾਉਣ ਵਿਚ ਵੀ ਉਸਦਾ ਹੱਥ ਹੈ। ਜਿਸਨੂੰ ਉਹਦੇ ਬਾਰੇ ਰਚਾਇਆ ਉਤਸਵ ਹਰ ਵਰ੍ਹੇ ਚੇਤੇ ਕਰਦਾ ਹੈ। ਇਹ ਦੱਸਣਾ ਵੀ ਬਣਦਾ ਹੈ ਕਿ ਇਸਦੀ ਵਿਉਂਤਬੰਦੀ ਵਿਚ ਖੁਸ਼ਵੰਤ ਸਿੰਘ ਦੇ ਬੇਟੇ ਰਾਹੁਲ ਨਾਲੋਂ ਬੇਟੇ ਦੀ ਸਹੇਲੀ ਨੀਲੋਫਰ ਦਾ ਹੱਥ ਵਧੇਰੇ ਹੁੰਦਾ ਹੈ। ਉਹ ਸਾਰੀ ਸੁਘੜ ਤੇ ਸਿਆਣੀ ਹੈ।

ਜਾਂਦੇ ਜਾਂਦੇ ਇਹ ਵੀ ਦੱਸ ਦਿਆਂ ਕਿ ਮੈਂ ਖੁਸ਼ਵੰਤ ਸਿੰਘ ਨੂੰ 1958 ਤੋਂ ਜਾਣਿਆ ਹੈ। ਮੈਂ ਓਦੋਂ ਉਸਦੇ ਨਾਵਲ 'ਟਰੇਨ ਟੂ ਪਾਕਿਸਤਾਨ' ਦਾ ਪੰਜਾਬੀ ਅਨੁਵਾਦ ਕਰ ਕੇ ਇਸ ਨੂੰ 'ਪਾਕਿਸਤਾਨ ਮੇਲ' ਸਿਰਲੇਖ ਦਿੱਤਾ ਸੀ। ਉਸ ਨੂੰ ਮਿਲਣਾ ਸਦਾ ਚੰਗਾ ਲਗਦਾ ਸੀ। ਉਸਦੀ ਮਿਲਣਸਾਰਤਾ ਤੇ ਲੇਖਣੀ ਦਾ। ਮੈਨੂੰ ਉਸਦੇ ਕਾਲਮਾਂ ਦੇ ਅੰਤ ਵਾਲੇ ਲਤੀਫੇ ਵੀ ਭਾਉਂਦੇ ਸਨ ਜਿਹੜੇ ਜਾਣਕਾਰ ਹੁੰਦੇ ਹੋਏ ਜ਼ਾਤ-ਪਾਤ ਤੇ ਧਰਮ ਪੱਖੀਆਂ ਨੂੰ ਵੀ ਨਹੀਂ ਸਨ ਬਖਸ਼ਦੇ।

ਉਹਦੇ ਵਾਲੇ ਤੇਰ੍ਹਵੇਂ ਉਤਸਵ ਦੀ ਗੱਲ ਨੂੰ ਜੰਗਲੀ ਜਾਨਵਰਾਂ ਦੇ ਉਸ ਲਤੀਫੇ ਨਾਲ ਸਮੇਟਦਾ ਹਾਂ ਜਿਹੜਾ ਸਬੰਧਤ ਸੈਸ਼ਨ ਦੀ ਚਰਚਾ ਸਮੇਂ ਮੈਨੂੰ ਚੇਤੇ ਆਇਆ ਸੀ। ਇਸ ਲਤੀਫ਼ੇ ਵਿਚ ਵੀ ਖੁਸ਼ਵੰਤ ਦੇ ਲਤੀਫਿਆਂ ਵਾਲਾ ਦਮ ਹੈ। ਖੁਸ਼ਵੰਤ ਸਿੰਘ ਦੇ ਪਾਠਕ ਹੇਠ ਲਿਖੇ ਲਤੀਫੇ ਦਾ ਲੁਤਫ਼ ਲੈਣਗੇ:

ਇੱਕ ਸ਼ੇਰ ਨੂੰ ਆਪਣੀ ਬਾਦਸ਼ਾਹੀ ਦਾ ਗੁਮਾਨ ਹੋ ਗਿਆ। ਉਹ ਜੰਗਲ ਦੇ ਸਾਰੇ ਜਾਨਵਰਾਂ ਤੋਂ ਪੁੱਛਣ ਤੁਰ ਪਿਆ ਕਿ ਜੰਗਲ ਦਾ ਰਾਜਾ ਕੌਣ ਹੈ। ਬਾਂਦਰ, ਗਿੱਦੜ ਤੇ ਹੋਰ ਅਨੇਕਾਂ ਦਾ ਇੱਕ ਹੀ ਉਤਰ ਸੀ-ਸ਼ੇਰ। ਅੰਤ ਵਿਚ ਉਸ ਦੇ ਸਾਹਮਣੇ ਮਸਤ ਹਾਥੀ ਆ ਗਿਆ। ਉਹ ਸ਼ੇਰ ਨੇ ਉਸਨੂੰ ਵੀ ਉਹੀਓ ਸਵਾਲ ਪਾਇਆ, ''ਜੰਗਲ ਦਾ ਰਾਜਾ ਕੌਣ?'' ਹਾਥੀ ਨੇ ਕੋਈ ਉੱਤਰ ਨਾ ਦਿੱਤਾ ਤਾਂ ਸ਼ੇਰ ਨੇ ਸਵਾਲ ਦੁਹਰਾਇਆ। ਜਦ ਦੂਜੀ ਵਾਰ ਵੀ ਹਾਥੀ ਨੇ ਕੋਈ ਉੱਤਰ ਨਾ ਦਿੱਤਾ ਤਾਂ ਸ਼ੇਰ ਗਰਜ ਕੇ ਬੋਲਿਆ 'ਜੰਗਲ ਦਾ ਰਾਜਾ ਕੌਣ?' ਹਾਥੀ ਨੇ ਉਸ ਦੀ ਗਰਜ ਸੁਣਦੇ ਸਾਰ ਸ਼ੇਰ ਨੂੰ ਆਪਣੀ ਸੁੰਡ ਵਿਚ ਲਪੇਟ ਕੇ ਦੋ ਤਿੰਨ ਵਾਰ ਏਧਰ-ਓਧਰ ਮਾਰ ਕੇ ਛੱਡ ਦਿੱਤਾ।

ਸ਼ੇਰ ਦੇ ਝਰੀਟਾਂ ਵੀ ਆਈਆਂ ਤੇ ਸੱਟਾਂ ਵੀ ਲੱਗੀਆਂ। ਬੇਇੱਜ਼ਤੀ ਹੋ ਗਈ।

ਉਸਨੇ ਅਪਣੀ ਇੱਜ਼ਤ ਬਹਾਲ ਕਰਨ ਦਾ ਰਾਹ ਲੱਭ ਲਿਆ। ਇੱਕ ਪਾਸੇ ਖਲੋ ਕੇ ਹਾਥੀ ਨੂੰ ਕਹਿਣ ਲੱਗਿਆ, ''ਗੱਲ ਸੁਣ! ਜੇ ਸਵਾਲ ਦਾ ਜਵਾਬ ਨਾ ਆਉਂਦਾ ਹੋਵੇ ਤਾਂ ਟੈਂਪਰ ਤਾਂ ਨਹੀਂ ਲੂਜ਼ ਕਰੀਦਾ। ਭਾਵ ਚਿੜਚਿੜੇ ਤਾਂ ਨਹੀਂ ਹੋਈਦਾ!''

ਸ਼ੇਰ ਹਾਰ ਕੇ ਵੀ ਨਹੀਂ ਹਾਰਿਆ। ਕਾਸ਼ ! ਮੈਂ ਇਹ ਲਤੀਫਾ ਜੰਗਲੀ ਜਾਨਵਰਾਂ ਵਾਲੇ ਸੈਸ਼ਨ ਵਿਚ ਸੁਣਾਉਂਦਾ!

ਅੰਤਿਕਾ
ਸੁਰਿੰਦਰ ਗੀਤ॥
ਜੇ ਤੂੰ ਲੋਕ ਦਿਲਾਂ ਵਿਚ ਵਸਣਾ
ਗੀਤ, ਗਜ਼ਲ, ਕਵਿਤਾਵਾਂ ਬਣ ਜਾ
ਧੁੱਪ 'ਚ ਸੜਦੇ ਲੋਕਾਂ ਖਾਤਿਰ
ਰੁੱਖ ਤੂੰ ਇਕ ਘਣਛਾਵਾਂ ਬਣ ਜਾ।

# ਅਕਾਲ ਤਖਤ ਸਾਹਿਬ ਦੀਆਂ ਪ੍ਰਬੰਧਕੀ ਵੰਗਾਰਾਂ ਦਾ ਪੰਥਕ ਪ੍ਰਸੰਗ

***(ਪਿਛਲੇ ਸਫੇ ਦੀ ਬਾਕੀ)***

ਇਹ ਗੱਲਾਂ ਸਾਹਮਣੇ ਆ ਜਾਂਦੀਆਂ ਹਨ:

ੳ. ਤਖਤ ਅਤੇ ਗੁਰਦੁਆਰੇ ਨੂੰ ਇਕ ਅਰਥ ਵਿਚ ਨਹੀਂ ਲਿਆ ਜਾ ਸਕਦਾ।

ਅ. ਤਖਤ ਦਾ ਜਥੇਦਾਰ ਗ੍ਰੰਥੀ ਵਾਲੀਆਂ ਜ਼ੁੰਮੇਵਾਰੀਆਂ ਨਹੀਂ ਨਿਭਾਉਂਦਾ ਕਿਉਂਕਿ ਤਖਤ ਦੇ ਜਥੇਦਾਰ ਦੀ ਨਿਯੁਕਤੀ ਵੀ ਇਨ੍ਹਾਂ ਗ੍ਰੰਥੀਆਂ ਵਾਂਗ ਨਹੀਂ ਹੁੰਦੀ ਅਤੇ ਤਖਤ ਦੇ ਜਥੇਦਾਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਦਾ ਵੀ ਗ੍ਰੰਥੀਆਂ ਵਾਂਗ ਕੋਈ ਬੰਧਨ ਨਹੀਂ ਹੈ।

ੲ. ਜਥੇਦਾਰ ਅਤੇ ਗ੍ਰੰਥੀ ਵਿਚਕਾਰ ਉਸੇ ਤਰ੍ਹਾਂ ਫਰਕ ਕੀਤੇ ਜਾਣ ਦੀ ਲੋੜ ਹੈ, ਜਿਵੇਂ ਤਖਤ ਅਤੇ ਗੁਰਦੁਆਰੇ ਵਿਚ ਫਰਕ ਕਰਨਾ ਜ਼ਰੂਰੀ ਹੋ ਗਿਆ ਹੈ।

3.3 ਇਸ ਗੁਰਦੁਆਰਾ ਐਕਟ ਵਿਚ ਜਿਹੜੇ ਤਖਤਾਂ ਦਾ ਜ਼ਿਕਰ ਆਇਆ ਹੈ, ਉਨ੍ਹਾਂ ਸਾਰਿਆਂ ਤੇ ਤਖਤ-ਜਥੇਦਾਰਾਂ ਦੇ ਨਾਲ ਨਾਲ ਹੈਂਡ ਗ੍ਰੰਥੀ ਅਤੇ ਗ੍ਰੰਥੀ ਵੀ ਸੁਭਾਏਮਾਨ ਹਨ ਅਤੇ 'ਹੈੱਡ ਮਨਿਸਟਰ' ਅਤੇ 'ਮਨਿਸਟਰ' ਸ਼ਬਦ ਇਨ੍ਹਾਂ ਵਾਸਤੇ ਹੀ ਵਰਤਿਆ ਹੋਇਆ ਮੰਨਿਆ ਜਾਣਾ ਚਾਹੀਦਾ ਹੈ। ਇਸ ਤੋਂ ਬਿਨਾਂ ਇਸਦੀ ਪੁਸ਼ਟੀ ਇਸ ਗੱਲ ਤੋ ਵੀ ਹੋ ਜਾਂਦੀ ਹੈ ਕਿ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਵਿਖੇ ਜਥੇਦਾਰ ਦੀ ਨਿਯੁਕਤੀ ਉਸਤਰ੍ਹਾਂ ਨਹੀਂ ਹੁੰਦੀ, ਜਿਸ ਤਰ੍ਹਾਂ ਪੰਜਾਬ ਵਿਚਲੇ ਤਿੰਨ ਤਖਤਾਂ ਦੇ ਜਥੇਦਾਰਾਂ ਦੀ ਹੁੰਦੀ ਹੈ। ਜੇ ਤਖਤਾਂ ਤੇ 'ਹੈੱਡ ਮਨਿਸਟਰ' ਵਾਲੀ 1925 ਦੇ ਐਕਟ ਦੀ ਗੱਲ ਲਾਗੂ ਕਰ ਦਿੱਤੀ ਜਾਵੇ ਤਾਂ ਪਟਨਾ ਸਾਹਿਬ ਅਤੇ ਹਜੂਰ ਸਾਹਿਬ ਵਿਖੇ ਤਾਂ ਇਹ ਵਿਧੀ ਇਸ ਲਈਂ ਵੀ ਲਾਗੂ ਨਹੀਂ ਕੀਤੀ ਜਾ ਸਕਦੀ, ਕਿਉਂਕਿ ਉਨ੍ਹਾਂ ਦੋਹਾਂ ਤਖਤਾਂ ਉਤੇ 1925 ਵਾਲਾ ਐਕਟ ਲਾਗੂ ਹੀ ਨਹੀਂ ਹੁੰਦਾ।

ਸੋ ਸਪਸ਼ਟ ਹੋਇਆ ਕਿ ਪੰਜਾਬ ਵਿਚਲੇ ਤਿੰਨ ਤਖਤਾਂ ਦੇ ਜਥੇਦਾਰਾਂ ਨੂੰ 1925 ਦੇ ਐਕਟ ਤੋਂ ਮੁਕਤ ਮੰਨਕੇ ਹੀ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਦੇ ਜਥੇਦਾਰਾਂ ਵਾਸਤੇ ਸਾਂਝੀ ਪੰਥਕ-ਵਿਧੀ ਤਿਆਰ ਕੀਤੀ ਜਾ ਸਕਦੀ ਹੈ।

ਇਸ ਕਰਕੇ 'ਹੈੱਡ ਮਨਿਸਟਰ' ਦੀ ਵਿਆਖਿਆ ਜੇ ਠੀਕ ਪ੍ਰਸੰਗ ਵਿਚ ਨਾ ਕੀਤੀ ਗਈ ਤਾਂ ਇਸ ਅਣਗਹਿਲੀ ਨਾਲ ਹੋਰ ਉਲਝਾ ਵੀ ਪੈਦਾ ਹੋ ਸਕਦੇ ਹਨ ਅਤੇ ਇਨ੍ਹਾਂ ਉਲਝਾਵਾਂ ਵਿਚ ਇਹ ਗੱਲਾਂ ਸ਼ਾਮਲ ਰਹਿਣਗੀਆਂ :

1. ਜਥੇਦਾਰ ਨੂੰ 'ਹੈੱਡ ਗ੍ਰੰਥੀ' ਨਾਲ ਰਲਗੱਡ ਕਰਕੇ ਤਖਤਾਂ ਦੀ ਮਾਨ ਮਰਯਾਦਾ ਬਾਰੇ ਘਚੋਲਾ ਪਿਆ ਰਹੇਗਾ ਅਤੇ ਇਸਦਾ ਸਿਆਸਤਦਾਨ ਬੇਲੋੜਾ ਸਿਆਸੀ ਲਾਭ ਲੈਂਦੇ ਰਹਿਣਗੇ।

2. ਪੰਥਕ-ਮਾਨਸਿਕਤਾ ਵਿਚ ਤਖਤਾਂ ਦੀ ਸਦਾ-ਤਾਜ਼ੀ ਸੁਤੰਤਰ-ਹਸਤੀ ਸਥਾਪਤ ਨਹੀਂ ਕੀਤੀ ਜਾ ਸਕੇਗੀ।

3. ਤਖਤਾਂ ਦੇ ਮੂਲ ਸਰੋਕਾਰਾਂ ਵਿਚ ਇਹ ਗੱਲਾਂ ਸ਼ਾਮਲ ਹਨ :

ੳ. ਸਰਬੱਤ ਖਾਲਸਾ ਅ. ਗੁਰਮਤਾ ੲ. ਹੁਕਮਨਾਮਾ

ਪਰੰਪਰਾ ਅਨੁਸਾਰ ਇਹ ਤਿੰਨੋ ਹੀ ਅਕਾਲ ਤਖਤ ਸਾਹਿਬ ਤੋਂ ਸੰਭਵ ਹੁੰਦੇ ਰਹੇ ਹਨ ਅਤੇ ਇਸ ਨਾਤੇ ਹੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਸੁਪਰੀਮ ਮੰਨਿਆ ਜਾਂਦਾ ਰਿਹਾ ਹੈ। ਵਰਤਮਾਨ ਵਿਚ ਅਕਾਲ ਤਖਤ ਸਾਹਿਬ ਹੀ ਕਟਿਹਰੇ ਵਿਚ ਆ ਗਿਆ ਹੈ ਤਾਂ ਤਖਤਾਂ ਬਾਰੇ ਗੁਰਦੁਆਰਾ ਐਕਟ ਨੂੰ ਸਪਸ਼ਟ ਕਰਕੇ ਅਜਿਹਾ ਫੈਸਲਾ ਲਏ ਜਾਣ ਦੀ ਲੋੜ ਹੈ, ਜਿਹੜਾ ਸਿੱਖ ਸਿਧਾਂਤ , ਸਿੱਖ ਇਤਿਹਾਸ ਅਤੇ ਸਿਖ ਪਰੰਪਰਾਵਾਂ ਨਾਲ ਮੇਲ ਖਾਂਦਾ ਹੋਵੇ।

3.3 ਕਿਹਾ ਇਹ ਜਾ ਰਿਹਾ ਹੈ ਕਿ 'ਮਨਿਸਟਰ' ਜਾਂ 'ਹੈਡ ਮਨਿਸਟਰ' ਦਾ ਸਬੰਧ ਨੋਟੀਫਾਇਡ ਗੁਰਦਵਾਰੇ ਨਾਲ ਹੈ ਅਤੇ ਕੋਈ ਵੀ ਤਖਤ ਨੋਟੀਫਾਈਡ ਗੁਰਦੁਆਰਾ ਨਹੀਂ ਹੈ ਅਤੇ ਨਾ ਹੀ ਤਖਤਾਂ ਦੇ ਜਥੇਦਾਰ, ਗ੍ਰੰਥੀ ਦੀ ਭੂਮਿਕਾ ਨਿਭਾਉਂਦੇ ਹਨ। ਸਾਰੇ ਹੀ ਤਖਤਾਂ ਕੋਲ ਜਾਂ ਤਖਤਾਂ ਨਾਲ ਸਬੰਧਤ ਗ੍ਰੰਥੀ ਵੱਖਰੇ ਤੌਰ ਤੇ ਹਨ ਅਤੇ ਉਹ ਗੁਰਦੁਆਰਾ ਕਮੇਟੀਆਂ ਦੇ ਤਨਖਾਹਦਾਰ ਮੁਲਾਜ਼ਮ ਹਨ। ਇਨ੍ਹਾਂ ਤਨਖਾਹਦਾਰ ਮੁਲਾਜ਼ਮਾਂ ਦਾ ਢਾਂਚਾ ਸਿਧੇ ਤੌਰ ਤੇ ਜਥੇਦਾਰਾਂ ਤੇ ਲਾਗੂ ਕਰਨ ਨਾਲ ਤਖਤ ਸਾਹਿਬਾਨ ਦੀ ਸੁਤੰਤ੍ਰਤਾ ਬਾਰੇ ਕਿੰਤੂ ਪ੍ਰੰਤੂ ਪੈਦਾ ਹੋ ਜਾਣਗੇ। ਇਸ ਵੇਲੇ ਦਾ ਵਰਤਾਰਾ ਵੀ ਇਹੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦਾ ਹੁਕਮ ਤਾਂ ਪੰਜਾਬ (ਵਰਤਮਾਨ), ਹਰਿਆਣਾ ਅਤੇ ਹਿਮਾਚਲ ਵਿਚ ਹੀ ਚਲਦਾ ਹੈ, ਪਰ ਜਥੇਦਾਰ ਅਕਾਲ ਤਖਤ ਸਾਹਿਬ ਦਾ ਹੁਕਮ ਉਨ੍ਹਾਂ ਸਾਰੇ ਸਿੱਖਾਂ ਤੇ ਲਾਗੂ ਹੁੰਦਾ ਹੈ, ਜਿਨ੍ਹਾਂ ਦਾ ਵਿਸ਼ਵਾਸ਼ ਸਿੱਖ ਧਰਮ ਵਿਚ ਬਣਿਆ ਹੋਇਆ ਹੈ। ਭਾਵੇਂ ਉਹ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਰਹਿ ਰਹੇ ਹਨ। ਇਸਤਰ੍ਹਾਂ ਗੁਰਦੁਆਰਾ ਐਕਟ ਅਧੀਨ ਬਣੀ ਹੋਈ ਸ਼੍ਰੋਮਣੀ ਕਮੇਟੀ, ਜਥੇਦਾਰ ਨੂੰ ਆਪਣੇ ਅਧਿਕਾਰ ਖੇਤਰ ਵਿਚ ਲੈ ਕੇ, ਸਿੱਖ ਸਿਧਾਂਤ ਅਤੇ ਪਰੰਪਰਾਵਾਂ ਨੂੰ ਸੰਗੋੜਨ ਵਿਚ ਤਾਂ ਹਿੱਸਾ ਪਾ ਸਕਦੀ ਹੈ ਪਰ ਵਿਸਥਾਰਨ ਦੇ ਕਾਰਜ ਵਿਚ ਹਿੱਸਾ ਨਹੀਂ ਪਾ ਸਕਦੀ। ਐਕਟ 1925 ਦੇ ਘਾੜਿਆਂ ਨੂੰ ਇਸ ਗਲ ਦਾ ਅਹਿਸਾਸ ਸੀ ਅਤੇ ਏਸੇ ਲਈ ਜਥੇਦਾਰੀ ਦੀ ਸੰਸਥਾ ਨੂੰ ਐਕਟ ਦੇ ਘੇਰੇ ਤੋਂ ਬਾਹਰ ਰਖਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੀ ਧਰਮ ਪਰਚਾਰ ਕਮੇਟੀ ਨੇ,ਜਿਸਦਾ ਮੈਂ ਵੀ ਮੈਂਬਰ ਸੀ, ਆਪਣੀ ਫਤਹਗੜ੍ਹ ਸਾਹਿਬ ਵਿਖੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਪ੍ਰਧਾਨਗੀ ਹੇਠ ਹੋਈ ਆਖਰੀ ਮੀਟਿੰਗ (ਸਿਆਸੀ ਲੜਾਈ ਤੋਂ ਪਹਿਲਾਂ) ਵਿਚ ਮਤਾ ਪਾਸ ਕੀਤਾ ਸੀ ਕਿ ਜਥੇਦਾਰੀ ਦੀ ਸੰਸਥਾ ਨੂੰ ਐਕਟ ਦੇ ਘੇਰੇ ਵਿਚ ਰੱਖੇ ਜਾਣ ਦੀ ਲੋੜ ਨਹੀਂ ਹੈ। ਇਸ ਨਾਲ ਸਬੰਧਤ ਕਾਰਵਾਈ ਦੀ ਪੁਸ਼ਟੀ ਸ਼੍ਰੋਮਣੀ ਕਮੇਟੀ ਦੇ ਚੰਡੀਗੜ੍ਹ ਦਫਤਰ ਵਿਚ ਬੀਬੀ ਜਗੀਰ ਕੌਰ ਦੀ ਪ੍ਰਧਾਨਗੀ ਹੇਠ ਹੋਈ ਧਰਮ ਪਰਚਾਰ ਕਮੇਟੀ ਦੀ ਪਹਿਲੀ ਮੀਟਿੰਗ ਵਿਚ ਹੋ ਗਈ ਸੀ।

4.1 ਨੁਕਤਿਆਂ ਵਿਚ ਵੀਚਾਰਣਯੋਗ ਮਸਲੇ ਇਹ ਹੋ ਸਕਦੇ ਹਨ:

ੳ. ਜਥੇਦਾਰੀ ਦੀ ਸੰਸਥਾ ਨਾਲ ਜੁੜੇ ਹੋਏ ਨੁਕਤਿਆਂ ਵਿਚੋਂ ਸਭ ਤੋਂ ਪਹਿਲਾਂ ਇਹ ਵੀਚਾਰੇ ਜਾਣ ਦੀ ਲੋੜ ਹੈ ਕਿ ਵਿਰਾਸਤ ਵਿਚ ਪ੍ਰਾਪਤ ਕੀ ਹੈ, ਇਸ ਵਿਚੋਂ ਲਿਆ ਕੀ ਹੈ ਅਤੇ ਛੱਡਿਆ ਕੀ ਹੈ? ਵਿਰਾਸਤ ਵਿਚ ਅਕਾਲ ਤਖਤ ਸਾਹਿਬ, ਸਿੱਖ-ਸੰਘਰਸ਼ ਅਤੇ ਪ੍ਰੇਰਨਾ ਦਾ ਸ੍ਰੋਤ ਰਿਹਾ ਹੈ। ਪਰ ਰਿਆਸਤ ਵਿਚ ਮਿਲ ਗਿਆ ਹੈ ਗੁਰਦੁਆਰਾ ਐਕਟ 1925 ਅਤੇ ਸਿੱਖ ਭਾਈਚਾਰੇ ਨੇ ਛੱਡ ਲਿਆ ਹੈ ਪਰੰਪਰਾ ਦੀ ਨੈਤਿਕਤਾ ਨੂੰ। ਇਸ ਨਾਲ ਸਿੱਖ ਸੰਸਥਾਂਵਾਂ, ਸਿੱਖ ਪ੍ਰਬੰਧਕ ਅਤੇ ਸਿੱਖ ਭਾਈਚਾਰਾ ਤਨਾਉ ਵਿਚ ਆ ਗਏ ਹਨ। ਇਸਦਾ ਪੰਥਕ ਸੁਰ ਵਿਚ ਹੱਲ ਲਭਿਆ ਜਾ ਸਕਦਾ ਹੈ?

ਅ. ਜਥੇਦਾਰਾਂ ਦੀਆਂ ਨਿਯੁਕਤੀਆਂ ਦੇ ਪੈਟਰਨ, ਪੈਂਤੜੇ ਅਤੇ ਸਾਖ ਨਾਲ ਸੰਤੁਸ਼ਟ ਹੋਣਾ ਦਿਨੋ ਦਿਨ ਮੁਸ਼ਕਲ ਹੁੰਦਾ ਜਾ ਰਿਹਾ ਹੈ। ਹੁਣ ਤੱਕ ਅਕਾਲੀ ਪਿਛੋਕੜ ਵਾਲੇ ਜਥੇਦਾਰ ਅਤੇ ਗ੍ਰੰਥੀ ਪਿਛੋਕੜ ਵਾਲੇ ਜਥੇਦਾਰ ਲੋੜੀਂਦੀ ਭੂਮਿਕਾ ਨਿਭਾਉਂਦੇ ਰਹੇ ਹਨ। ਪਰ ਹਾਲਾਤ, ਸੁਧਰਨ ਦੀ ਥਾਂ ਵਿਗੜਦੇ ਹੀ ਜਾ ਰਹੇ ਹਨ। ਜਥੇਦਾਰ ਅਤੇ ਗ੍ਰੰਥੀ ਸ਼੍ਰੇਣੀ ਦੀ ਗਿਣਤੀ ਸਿੱਖਾਂ ਵਿਚਕਾਰ 1% ਨਾਲੋਂ ਵੀ ਘਟ ਹੈ। ਬਾਕੀ 99% ਦੀ ਇੱਛਾ ਜਾਨਣ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ।

ੲ. ਅਕਾਲ ਤਖਤ ਸਾਹਿਬ ਨੂੰ ਸਿਆਸੀ-ਮੋਹਰੇ ਵਜੋਂ ਵਰਤੇ ਜਾਣ ਦੀ ਸਿਆਸਤ ਨਾਲ, ਆਮ ਸਿੱਖ ਲਈ ਪੈਦਾ ਹੋ ਗਏ ਬੰਧੂਆ-ਸਰੋਕਾਰ, ਸਿੱਖਾਂ ਅਤੇ ਸਿੱਖ-ਸੰਸਥਾਂਵਾਂ ਵਿਚਕਾਰ ਤਨਾਉ ਪੈਦਾ ਕਰ ਰਹੇ ਹਨ।

ਸ. ਅਰਥਾਂ ਦੀ ਰਾਜਨੀਤੀ ਦੇ ਬੋਲਬਾਲੇ ਨਾਲ ਕੋਮਲ-ਸਿੱਖ-ਮਾਨਸਿਕਤਾ ਭਰਮ-ਮੂਲਕ ਕਰਮਾਂ ਅਤੇ ਅਗਿਆਨ-ਕਲਪਿਤ ਬੰਧਨਾ ਵਲ ਤੁਰ ਪਈ ਹੈ। ਅਰਥਾਂ ਦੀ ਰਾਜਨੀਤੀ ਵਿਚ, ਵੋਟ-ਬੈਂਕ ਦੀ ਰਾਜਨੀਤੀ ਵਾਂਗ ਹੀ, ਧਰਮ ਦੀ ਆੜ ਵਿਚ ਸਿਮਰਨ, ਕੀਰਤਨ ਅਤੇ ਅੰਮ੍ਰਿਤ ਦੀ ਰਾਜਨੀਤੀ ਵੀ ਸ਼ਾਮਲ ਹੋ ਗਈ ਹੈ। ਇਸ ਨਾਲ ਜਲਸੇ-ਜਲੂਸਾਂ ਦੀ ਰਾਜਨੀਤੀ ਨੇ, ਪਵਿਤਰ-ਸਰੋਕਾਰਾਂ ਦੇ ਮੰਡੀਕਰਨ ਦੀਆਂ ਸੰਭਾਵਨਾਵਾਂ ਪੈਦਾ ਕਰ ਦਿੱਤੀਆਂ ਹਨ।

ਹ. ਕੁਝ ਕਰ ਸਕਣ ਦੀ ਇੱਛਾ ਅਤੇ ਕੁਝ ਕਰ ਗੁਜ਼ਰਨ ਦੀ ਮਾਨਸਿਕਤਾ ਪੈਦਾ ਕਰਨ ਲਈ ਇਹ ਮੁਢਲੀਆਂ ਲੋੜਾਂ ਹੋ ਸਕਦੀਆਂ ਹਨ ਅਤੇ ਵੀਚਾਰੀਆਂ ਜਾ ਸਕਦੀਆਂ ਹਨ:

1. ਆਮ ਸਿੱਖ/ਆਦਮੀ ਦੇ ਵਰਤਮਾਨ ਯੁਗ ਵਿਚ, ਆਮ ਸਿੱਖ ਤਕ ਧਰਮ ਦੇ ਮਾਧਿਅਮ ਰਾਹੀਂ ਪਹੁੰਚਿਆ ਜਾਵੇ ਅਤੇ ਇਹ ਚੇਤਨਤਾ ਪ੍ਰਚੰਡ ਕੀਤੀ ਜਾਵੇ ਕਿ ਧਰਮ ਅਤੇ ਸਿਆਸਤ ਵਿਚੋਂ ਕਿਸੇ ਇਕ ਨਾਲ ਹੀ ਨਿਭਿਆ ਜਾ ਸਕਦਾ ਹੈ। ਜਦੋਂ ਇਹ ਪਤਾ ਲਗ ਗਿਆ ਹੈ ਕਿ ਰਾਜਨੀਤੀ ਨੂੰ ਧਰਮ ਲਈ ਨਹੀਂ ਵਰਤਿਆ ਜਾ ਸਕਦਾ ਤਾਂ ਫਿਰ ਧਰਮ ਨੂੰ ਰਾਜਨੀਤੀ ਲਈ ਵਰਤੇ ਜਾਣ ਦੀ ਆਗਿਆ ਕਿਉਂ ਦਿਤੀ ਜਾਵੇ?

2. ਭਾਸ਼ਣ-ਕਲਾ ਨਾਲ ਜਜ਼ਬਾਤੀ-ਸ਼ੋਸ਼ਣ ਦੇ ਤਲਿੱਸਮੀ-ਸਰੋਕਾਰਾਂ ਤੋਂ ਬਚਣ ਦੇ ਨਾਲ ਨਾਲ ਸਮਾਜ ਦੇ ਸਿਆਸੀਕਰਨ ਅਤੇ ਧਰਮ ਦੇ ਵਿਉਪਾਰੀਕਰਨ ਤੋਂ ਪਹਿਲਾਂ ਆਪ ਬਚਿਆ ਜਾਵੇ ਅਤੇ ਫਿਰ ਹੋਰਨਾਂ ਨੂੰ ਬਚਾਉਣ ਵਾਸਤੇ ਲਹਿਰ ਪੈਦਾ ਕੀਤੀ ਜਾਵੇ।

3. ਇਹ ਸਚਾਈ ਆਮ ਸਿੱਖ ਦੀ ਸੋਚ ਦਾ ਹਿੱਸਾ ਬਨਾਈ ਜਾਵੇ ਕਿ ਸਿੱਖੀ ਵਿਚ ਅਹੁਦਿਆਂ ਦੇ ਅਧਿਕਾਰ ਨੂੰ ਮਾਨਤਾ ਨਹੀਂ ਦਿਤੀ ਗਈ ਅਤੇ ਇਸਦੀ ਥਾਂ ਜ਼ੁੰਮੇਵਾਰੀਆਂ ਦੀ ਨੈਤਿਕਤਾ ਨੂੰ ਹੀ ਮਾਨਤਾ ਦਿਤੀ ਗਈ ਹੈ।

4. ਰਾਏ ਦੇ ਵਿਰੋਧ ਨੂੰ ਨਾਲ ਲੈਕੇ ਤੁਰਨ ਦੀ ਸਿੱਖ-ਸਹਿਜ-ਵਿਧੀ ਅਪਨਾਈ ਜਾਵੇ।

5. ਸਿਆਸੀ-ਮੁੱਦਿਆਂ ਅਤੇ ਧਾਰਮਿਕ-ਮੁੱਦਿਆਂ ਵਿਚ ਨਿਖੇੜਾ ਕਰ ਸਕਣ ਲਈ ਸੰਬਾਦ ਰਚਾਉਣ ਦੇ ਅਵਸਰ ਪੈਦਾ ਕੀਤੇ ਜਾਣ।

6. ਸਿੱਖਾਂ ਨੂੰ ਸਿੱਖਾਂ ਅਰਥਾਤ ਸਿਆਸੀ ਅਤੇ ਬਿਉਪਾਰੀ ਸਿੱਖਾਂ ਤੋਂ ਬਚਾਉਣ ਲਈ ਸਹਿਮਤੀ ਪੈਦਾ ਕਰਨ ਦੇ ਯਤਨ ਕੀਤੇ ਜਾਣ ਅਤੇ ਉਲਾਰ-ਰਾਜਨੀਤੀ ਨਾਲ ਪੈਦਾ ਹੋਣ ਵਾਲੇ ਹੰਕਾਰੀ-ਸਰੋਕਾਰਾਂ ਤੋਂ ਬਚਣ ਦੀ ਚੇਤਨਾ ਪੈਦਾ ਕੀਤੀ ਜਾਵੇ ਅਰਥਾਤ ਇਸ ਪਾਸੇ ਯਤਨ ਕੀਤੇ ਜਾਣ।

7. ਤਖਤਾਂ ਦੇ ਜਥੇਦਾਰਾਂ ਦੀ ਚੋਣ-ਵਿਧੀ, ਅਵਧੀ ਅਤੇ ਸੇਵਾ-ਸ਼ਰਤਾਂ ਬਾਰੇ ਪਹਿਲਾਂ ਕਮੇਟੀ ਬਣਾਕੇ ਸਹਿਮਤੀ-ਦਸਤਾਵੇਜ਼ ਤਿਆਰ ਕੀਤਾ ਜਾਵੇ ਅਤੇ ਫਿਰ ਚੋਣਵੇਂ ਚੇਤੰਨ ਸਿੱਖ ਇਸ ਬਾਰੇ ਨਿੱਠਕੇ ਵੀਚਾਰ ਕਰਨ। ਪਰਵਾਨ ਕੀਤੇ ਦਸਤਾਵੇਜ਼ ਬਾਰੇ ਪਹਿਲਾਂ ਖੁਲ੍ਹੀ ਬਹਿਸ ਕਰਵਾਈ ਜਾਵੇ ਅਤੇ ਫਿਰ ਅਕਾਲ ਤਖਤ ਸਾਹਿਬ ਤੇ ਇਕੱਠਿਆ ਬੈਠਕੇ ਗੁਰਮਤੇ ਵਜੋਂ ਪਰਵਾਨ ਕੀਤਾ ਜਾਵੇ।

8. ਮੀਡੀਆ-ਤ੍ਰਿਸ਼ਨਾ ਤੋਂ ਬਚੇ ਬਗੈਰ, ਇਸ ਸਭ ਕਾਸੇ ਲਈ ਲੋੜੀਂਦਾ ਸਬਰ, ਸੰਤੋਖ ਅਤੇ ਸਹਜ ਬਣਾਈ ਰਖਣਾ ਔਖਾ ਲਗਦਾ ਹੈ।

9. ਸਾਰੀਆਂ ਕੋਸ਼ਿਸ਼ਾਂ ਸਮੇਂ ਦੇ ਹਾਣ ਦਾ ਜਥੇਦਾਰ ਤਲਾਸ਼ਣ ਲਈ ਹੀ ਹੋਣੀਆਂ ਚਾਹੀਦੀਆਂ ਹਨ। ਜਥੇਦਾਰ ਨੂੰ ਨੈਤਿਕ-ਸਰਪ੍ਰਸਤੀ ਅਧੀਨ, ਹਰ ਉਸ ਸਿੱਖ ਦੀਆਂ ਧਾਰਮਿਕ ਲੋੜਾਂ ਦਾ ਖਿਆਲ ਰਖਣਾ ਹੋਵੇਗਾ,ਜਿਹਨਾਂ ਦਾ ਅਕਾਲ ਤਖਤ ਸਾਹਿਬ ਵਿਚ ਵਿਸ਼ਵਾਸ਼ ਹੈ।

10. ਇਹ ਵੀ ਵੀਚਾਰੇ ਜਾਣ ਦੀ ਲੋੜ ਹੈ ਕਿ ਜਥੇਦਾਰ ਲਗ ਜਾਣ ਤੋਂ ਬਾਅਦ ਕਿਉਂ ਜਥੇਦਾਰ ਸਾਹਿਬਾਨ ਇਸ ਪਾਸੇ ਨਹੀਂ ਤੁਰ ਸਕਦੇ, ਜਿਸ ਨਾਲ ਜਥੇਦਾਰੀ-ਸੰਸਥਾ ਨੂੰ ਪ੍ਰਬੰਧਕੀ-ਆੜ ਵਿਚ ਲਏ ਜਾਣ ਵਾਲੇ ਸਿਆਸੀ-ਫੈਸਲਿਆਂ ਤੋਂ ਬਚਾਇਆ ਜਾ ਸਕਦਾ ਹੈ?ਮੌਜੂਦਾ ਜਥੇਦਾਰੀ-ਸੰਕਟ ਨ ਪਹਿਲਾ ਹੈ ਅਤੇ ਨ ਆਖਰੀ।

# ਤਾਪ ਤੇ ਇਸਦਾ ਪ੍ਰਤਾਪ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪਹਿਲੀਆਂ 'ਚ ਟਾਟਾ ਨੂੰ ਗੁਜਰਾਤੀ ਵਿਚ ਤਾਤਾ ਕਹਿੰਦੇ ਸਨ, ਜਿਸ ਦਾ ਪੰਜਾਬੀ ਵਿਚ ਅਰਥ ਤੱਤਾ, ਗਰਮ ਅਤੇ ਲਾਖਣਿਕ ਤੱਤੇ ਸੁਭਾਅ ਵਾਲਾ ਹੁੰਦਾ ਹੈ। ਇਹ ਸਮਝਣ ਵਾਲੀ ਗੱਲ ਹੈ ਕਿ ਗਰਮੀ ਦੇ ਸੰਕਲਪ ਦਾ ਕ੍ਰੋਧ ਨਾਲ ਕੀ ਸਬੰਧ ਹੈ? ਮੈਂ ਕਈ ਭਾਸ਼ਾਵਾਂ ਵਿਚ ਦੇਖਿਆ ਹੈ ਕਿ ਤੱਤਾ ਅਰਥਾਂ ਵਾਲਾ ਸ਼ਬਦ ਕ੍ਰੋਧ ਦਾ ਵੀ ਅਰਥਾਵਾਂ ਹੈ। ਗਰਮੀ ਲੱਗਣ ਨਾਲ ਮਨੁੱਖ ਤਲਖੀ ਭਰਿਆ, ਆਪੇ ਤੋਂ ਬਾਹਰ ਹੋਇਆ ਮਹਿਸੂਸ ਕਰਦਾ ਹੈ ਜਿਸ ਕਾਰਨ ਉਸ ਦਾ ਮਿਜਾਜ਼ ਚਿੜਚੜਾ ਹੋ ਜਾਂਦਾ ਹੈ। ਇਹ ਮਿਜਾਜ਼ ਉਸ ਨੂੰ ਕ੍ਰੋਧਵਾਨ ਬਣਾਉਂਦਾ ਹੈ ਜਿਸ ਦਾ ਉਸ ਦੇ ਨਿਕਟਵਰਤੀ ਖਾਹ-ਮਖਾਹ ਸ਼ਿਕਾਰ ਬਣਦੇ ਹਨ। ਟਾਟਾ ਵਾਲੇ ਲੇਖ ਵਿਚ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਟਾਟਾ ਦਾ ਗੁਜਰਾਤੀ ਤਾਤਾ ਸ਼ਬਦ ਨਾਲ ਕੀ ਸਬੰਧ ਹੈ ਅਤੇ ਇਹ ਕਿਹੜੀਆਂ ਹਾਲਤਾਂ ਵਿਚ ਉਭਰਿਆ। ਇਹ ਸੰਕੇਤ ਕੀਤਾ ਗਿਆ ਸੀ ਕਿ ਇਹ ਪੰਜਾਬੀ ਤੱਤਾ (ਗਰਮ) ਦਾ ਸਜਾਤੀ ਹੈ ਅਤੇ ਭਾਰੋਪੀ ਖਾਸੇ ਵਾਲਾ ਹੈ। ਅੱਜ ਅਸੀਂ ਇਸ ਸ਼ਬਦ ਦੇ ਪੰਜਾਬੀ ਦੇ ਆਪਣੇ ਅਤੇ ਹੋਰ ਭਾਸ਼ਾਵਾਂ ਵਿਚ ਵਿਛੜੇ ਖ਼ੂਨੀ ਸਾਕ ਲੱਭਣੇ ਹਨ ਜੋ ਉਨ੍ਹਾਂ ਦੇ ਨੈਣ-ਨਕਸ਼ਾਂ ਤੋਂ ਪਛਾਣ ਸਕਦੇ ਹਾਂ।

ਸੰਸਕ੍ਰਿਤ ਵਿਚ ਇਸ ਦਾ ਧਾਤੂ *ਤਪ ਹੈ ਜਿਸ ਵਿਚ ਗਰਮੀ ਦਾ ਭਾਵ ਹੈ। ਤਪ ਤੋਂ ਸੰਸਕ੍ਰਿਤ ਵਿਚ ਭੂਤ ਕਾਰਦੰਤਕ 'ਤਪਿਤ' ਸ਼ਬਦ ਬਣਿਆ ਜਿਸ ਨੂੰ ਪੰਜਾਬੀ ਵਿਚ ਤਪਿਆ ਕਹਿ ਸਕਦੇ ਹਾਂ। ਇਸ ਤਪਿਤ ਵਿਚੋਂ 'ਪ' ਧੁਨੀ ਅਲੋਪ ਹੋ ਕੇ ਤੱਤ ਤੇ ਅੱਗੇ ਤੱਤਾ ਸ਼ਬਦ ਬਣਦਾ ਹੈ। ਤੱਤਾ ਦੀ ਚਰਚਾ ਅਸੀਂ ਟਾਟਾ ਵਾਲੀ ਪੋਸਟ ਵਿਚ ਕਰ ਆਏ ਹਾਂ। ਤਪ ਧਾਤੂ ਤੋਂ ਸਿਧਾ ਧਿਆਨ ਤਪ ਸ਼ਬਦ ਵੱਲ ਜਾਂਦਾ ਹੈ ਜੋ ਰਿਸ਼ੀਆਂ, ਮੁਨੀਆਂ ਆਦਿ ਵਲੋਂ ਆਪਣੇ ਤਨ-ਮਨ ਨੂੰ ਘੋਰ ਕਸ਼ਟ ਵਿਚ ਪਾ ਕੇ ਲੰਮਾ ਸਮਾਂ ਸਮਾਧੀ ਵਿਚ ਲੀਨ ਹੋਣ ਦਾ ਭਾਵ ਦਿੰਦਾ ਹੈ, ਇੱਕ ਪਰਿਭਾਸ਼ਾ ਅਨੁਸਾਰ "ਸਰੀਰ ਨੂੰ ਤਪਾਉਣ ਵਾਲਾ ਵ੍ਰਤ"। ਤਪ ਕਰਨ ਵਾਲਾ ਆਪਣੇ ਆਪ ਨੂੰ ਖਪਾਉਂਦਾ ਹੈ। ਧਰਮਾਂ ਵਿਚ ਤਪ, ਜੁਹਦ ਕਰਕੇ ਪਰਮ ਸਤਿ ਪਾਉਣ ਦਾ ਵਿਆਪਕ ਵਿਚਾਰ ਹੈ। ਤਪ ਤੋਂ ਲਗਭਗ ਇਸੇ ਅਰਥ ਵਾਲਾ ਸ਼ਬਦ ਤਪੱਸਿਆ (ਸੰਸਕ੍ਰਿਤ ਤਪਯਤਿ) ਬਣਦਾ ਹੈ ਤੇ ਇਹ ਵ੍ਰਤ ਕਰਨ ਵਾਲਾ ਤਪੀ, ਤਪਾ, ਤਪੀਆ, ਤਾਪਸੀ, ਤਪੱਸਵੀ ਅਤੇ ਤਪੀਸੁਰ। 'ਤਪੀਆ ਹੋਵੈ ਤਪੁ ਕਰੈ' -ਗੁਰੂ ਨਾਨਕ, 'ਤਪ ਮਹਿ ਤਪੀਸੁਰ ਗ੍ਰਿਹਸਤ ਮਹਿ ਭੋਗੀ'-ਸੁਖਮਨੀ ਸਾਹਿਬ। ਇਹ ਸਾਰੇ ਸ਼ਬਦ ਹੋਰ ਅਰਥ ਵਿਸਤਾਰ ਕਰਕੇ ਸਖਤ ਮਿਹਨਤ ਜਾਂ ਘਾਲਣਾ ਦੇ ਅਰਥਾਵੇਂ ਵੀ ਬਣ ਜਾਂਦੇ ਹਨ ਜਿਵੇਂ ਖੇਤੀ ਨਿਯਮ ਵਾਪਸ ਲੈਂਦਿਆਂ ਮੋਦੀ ਨੇ ਕਿਹਾ ਸੀ ਕਿ ਮੇਰੀ ਤਪੱਸਿਆ ਵਿਚ ਕੋਈ ਕਮੀ ਹੀ ਰਹਿ ਗਈ ਹੋਵੇਗੀ ਕਿ ਨਿਯਮ ਮੰਨੇ ਨਹੀਂ ਗਏ। ਸ਼ਬਦ ਤਪ ਤੋਂ ਸੇਕ ਦੇ ਅਰਥਾਂ ਵਾਲੀ ਭਾਵਵਾਚਕ ਸੰਗਿਆ ਤਪਸ਼ ਬਣਦੀ ਹੈ, ਅੱਜ-ਕਲ੍ਹ 'ਆਲਮੀ ਤਪਸ਼' ਸ਼ਬਦ ਵੀ ਚਲਾਇਆ ਗਿਆ ਹੈ। ਅੱਗੇ ਗਰਮਜੋਸ਼ੀ ਦੇ ਅਰਥਾਂ ਵਾਲਾ ਤਪਾਕ ਸ਼ਬਦ ਬਣਦਾ ਹੈ। ਅੱਖਰੀ ਅਰਥਾਂ ਵਜੋਂ ਤਪਦਿਕ ਉਹ ਬੀਮਾਰੀ ਹੈ ਜਿਸ ਦਾ ਤਾਪ ਬਹੁਤ ਦਿੱਕ ਕਰਦਾ ਹੈ। ਤਾਪ-ਤਿੱਲੀ, ਤਿੱਲੀ ਦੇ ਵਧਣ ਕਾਰਨ ਹੋਇਆ ਬੁਖਾਰ ਹੈ।

ਗਰਮੀ ਅਤੇ ਰੋਸ਼ਨੀ ਦੇ ਵਰਤਾਰੇ ਨਾਲੋ-ਨਾਲ ਵਾਪਰਦੇ ਹਨ ਇਸ ਲਈ ਦੋਨਾਂ ਵਾਸਤੇ ਕਈ ਭਾਸ਼ਾਵਾਂ ਵਿਚ ਇਕੋ ਸ਼ਬਦ ਦੇ ਦੋਨੋਂ ਅਰਥ ਮਿਲਦੇ ਹਨ। ਮਹਾਂਪੁਰਸ਼ਾਂ ਦੇ ਦਗ-ਦਗ ਕਰਦੇ ਚਿਹਰੇ, ਜੋ ਪ੍ਰਭਾਵਸ਼ਾਲੀ ਹੁੰਦੇ ਹਨ, ਲਈ ਵੀ ਤਪ ਸ਼ਬਦ ਵਰਤਿਆ ਮਿਲਦਾ ਹੈ 'ਦੇਵਨ ਕੋ ਤਪ ਮੈ ਸੁਖ ਪਾਵੈ'- ਚੰਡੀ ਦੀ ਵਾਰ। ਏਥੇ ਤਪ ਇਕ ਰੂਹਾਨੀ ਪਾਸਾਰ ਵੀ ਅਖਤਿਆਰ ਕਰ ਲੈਂਦਾ ਹੈ। ਇਸ ਲਈ ਤੇਜ ਸ਼ਬਦ ਵੀ ਚੱਲਦਾ ਹੈ। ਧਿਆਨ ਦਿਓ 'ਦਗ' ਸ਼ਬਦ ਵਿਚ ਵੀ ਗਰਮੀ ਅਤੇ ਰੋਸ਼ਨੀ ਦੇ ਦੋਵੇਂ ਭਾਵ ਹਨ ਜੋ ਕਿ ਸੰਸਕ੍ਰਿਤ ਦਾਗ ਤੋਂ ਹੀ ਵਿਉਤਪਤ ਹੋਇਆ ਹੈ। ਤਪ ਤੋਂ ਕਿਰਿਆਵਾਂ ਬਣਦੀਆਂ ਹਨ ਤਪਣਾ/ਤਪਾਉਣਾ ਅਰਥਾਤ ਗਰਮ ਹੋਣਾ/ਕਰਨਾ ਜਿਵੇਂ ਚੁੱਲ੍ਹਾ ਤਪਣਾ ਜਾਂ ਤਪਾਉਣਾ। ਦੋਨਾਂ ਸ਼ਬਦਾਂ ਵਿਚ ਕਰਮਵਾਰ ਕ੍ਰੋਧ ਵਿਚ ਆਉਣਾ ਜਾਂ ਕਿਸੇ ਨੂੰ ਲਿਆਉਣਾ ਵੀ ਹੈ। ਤਪ ਦੀ ਤ ਧੁਨੀ ਤਵਰਗ ਦੀ ਹੀ ਇਕ ਹੋਰ ਧੁਨੀ ਮ ਧੁਨੀ ਵਿਚ ਬਦਲ ਜਾਂਦੀ ਜਿਸ ਤੋਂ ਤਮਕ ਤੇ ਫਿਰ ਤਮਕਣਾ ਅਤੇ ਤਮਤਮਾਉਣਾ ਸ਼ਬਦ ਬਣਦੇ ਹਨ ਜਿਨ੍ਹਾਂ ਵਿਚ ਚਮਕਣ ਦੇ ਭਾਵ ਹਨ। ਤਪੱਸਿਆ ਲਈ ਯੋਗ ਜੰਗਲ ਨੂੰ ਤਪੋਵਣ ਆਖਦੇ ਹਨ, 'ਤੂੰ ਨਹੀਂ ਕਿਸੇ ਰਿਸ਼ੀ ਦੀ ਪੁਤਰੀ, ਕਿਸੇ ਆਸ਼ਰਮ ਕਿਸੇ ਤਪੋਵਣ ਉਤਰੀ'-ਮੀਸ਼ਾ। ਤਪੋਬਲ ਹੈ ਤਪ ਨਾਲ ਕਮਾਈ ਸ਼ਕਤੀ। ਤਪਾ ਸ਼ਹਿਰ ਬਾਰੇ ਕਿਹਾ ਜਾਂਦਾ ਹੈ ਕਿ ਇਹ ਨਾਂ ਇਸ ਲਈ ਪਿਆ ਕਿ ਏਥੇ ਕਿਸੇ ਨੇ ਤਪ ਕੀਤਾ ਸੀ।

ਤਪ ਤੋਂ ਗਰਮੀ ਦੇ ਅਰਥਾਂ ਵਾਲਾ ਤਾਪ ਸ਼ਬਦ ਵਿਕਸਿਆ ਹੈ ਜਿਸ ਨੂੰ ਭੌਤਿਕ-ਵਿਗਿਆਨ ਦੀ ਤਕਨੀਕੀ ਸ਼ਬਦਾਵਲੀ ਵਿਚ ਗਰਮੀ ਦੇ ਅਰਥਾਂ ਵਿਚ ਰੱਖਿਆ ਗਿਆ ਹੈ ਜਦ ਕਿ ਪਰੰਪਰਕ ਤੌਰ 'ਤੇ ਇਸ ਨੂੰ ਸਰੀਰਕ ਬੁਖਾਰ, ਭਖ ਦੇ ਅਰਥਾਂ ਵਿਚ ਲਿਆ ਜਾਂਦਾ ਹੈ, 'ਤੈਨੂੰ ਤਾਪ ਚੜ੍ਹੇ ਮੈਂ ਹੂੰਗਾਂ'। ਲੈ ਜਾਏ ਮੈਂ ਭਈਆਂ ਪਿਟਣੀ ਨੂੰ, ਕੋਈ ਗੈਬ ਦਾ ਸੂਲ ਜਾਂ ਤਾਪ ਆਵੇ।
ਵਾਰਿਸ ਸ਼ਾਹ ਨਾ ਮੁੜਾਂ ਰੰਝੇਟੜੇ ਤੋਂ, ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ- ਵਾਰਿਸ ਸ਼ਾਹ।

ਗੁਰਬਾਣੀ ਵਿਚ ਦੁਖ, ਕਲੇਸ਼ ਤੇ ਤਪੱਸਿਆ ਦੇ ਅਰਥਾਂ ਵਿਚ ਆਇਆ ਹੈ, 'ਹਉ ਤਾਪ ਬਿਨਸੇ ਸਦਾ ਸਰਸੇਪ੍ਰਭ ਮਿਲੇ ਚਿਰੀ ਵਿਛੁੰਨਿਆ'- ਛੰਨ। ਤਪੱਸਿਆ ਦੇ ਅਰਥਾਂ ਵਿਚ, 'ਕਾਹੂ ਜਾਪ ਕਾਹੂ ਤਾਪ ਕਾਹੂ ਪੂਜਾ ਹੋਮ ਨੇਮ'-ਰਾਗ ਗੋਂਡੀ। ਤਾਪ ਤੋਂ ਹੀ ਮਹਿਲਾ-ਤਪੱਸਵੀ ਦੇ ਅਰਥਾਂ ਵਾਲਾ ਤਾਪਸੀ ਸ਼ਬਦ ਬਣਦਾ ਹੈ। ਸੋ ਲੱਗ ਗਿਆ ਨਾ ਪਤਾ ਤਾਪਸੀ



ਪੰਨੂ ਦੇ ਨਾਂ ਦੇ ਭੇਤ ਦਾ। ਗਰਮੀ ਦੇ ਦਰਜੇ ਦੇ ਅਰਥਾਂ ਵਿਚ ਤਾਪਮਾਨ ਸ਼ਬਦ ਹੈ। ਸੂਰਜ ਦੀ ਧੀ ਦਾ ਨਾਂ ਤਾਪਤੀ ਹੈ ਜਿਸ ਦੇ ਨਾਂ ਪਿਛੇ ਤਾਪਤੀ ਦਰਿਆ ਦਾ ਨਾਂ ਰੱਖਿਆ ਦੱਸਿਆ ਜਾਂਦਾ ਹੈ। ਦੰਤ ਕਥਾ ਹੈ ਕਿ ਸੂਰਜ ਨੇ ਆਪਣੀ ਤਪਸ਼ ਤੋਂ ਬਚਣ ਲਈ ਇਹ ਦਰਿਆ ਕਢਿਆ। ਜੰਮੂ ਕਸ਼ਮੀਰ ਵਿਚ ਵਗਦੇ ਝਨਾਂ 'ਚੋਂ ਨਿਕਲੇ ਤਵੀ ਦਰਿਆ ਬਾਰੇ ਵੀ ਕੁਝ ਅਜਿਹਾ ਹੀ ਆਖਿਆਣ ਹੈ। ਅਖੇ ਇਹ ਸੂਰਜ ਦੇ ਇਕ ਨਾਂ ਤੋਂਸ਼ੀ ਤੋਂ ਵਿਗੜ ਕੇ ਬਣਿਆ ਹੈ। ਤਵੀ ਨੂੰ ਸੂਰਯਾ ਪੁਤਰੀ ਵੀ ਕਿਹਾ ਜਾਂਦਾ ਹੈ। ਸੰਭਵ ਹੈ ਅਜਿਹੇ ਨਾਂ ਦਰਿਆ ਦੇ ਗਰਮ ਪਾਣੀ ਜਾਂ ਗਰਮ ਸਰੋਤੇ ਕਾਰਨ ਪਏ ਹੋਣ। ਤਾਪ ਦੀ ਪ ਧੁਨੀ ਵ ਵਿਚ ਬਦਲ ਜਾਂਦੀ ਹੈ ਤਾਂ ਤਾਵ ਸ਼ਬਦ ਬਣ ਜਾਂਦਾ ਹੈ। ਸ਼ਬਦ ਵਿਚ ਤੁਰੰਤ ਦਾ ਭਾਵ ਵੀ ਸਮਾ ਜਾਂਦਾ ਹੈ ਜਦੋਂ ਅਸੀਂ ਕਹਿੰਦੇ ਹਾਂ ਕਿ ਤੱਤੀ ਤੱਤੀ ਰੋਟੀ ਖਾਣੀ ਹੈ ਤਾਂ ਇਸ ਦਾ ਮਤਲਬ ਇਹ ਵੀ ਹੈ ਕਿ ਤਾਜ਼ੀ, ਸੱਜਰੀ ਹੁਣੇ ਤਵੇ ਤੋਂ ਲਾਹੀ। ਸੋ ਤੱਤੇ ਘਾਉ ਦਾ ਸ਼ਾਬਦਿਕ ਮਤਲਬ ਹੈ ਜਦੋਂ ਜ਼ਖਮ ਤਾਜ਼ਾ ਹੋਵੇ ਤੇ ਲਾਖਣਿਕ ਤੁਰੰਤ। ਤਾਵ ਵਿਚਲੀ ਵ ਧੁਨੀ ਅ/ਉ ਵਿਚ ਪਲਟ ਜਾਂਦੀ ਹੈ, ਨਤੀਜਨ ਤਾਅ/ਤਾਉ ਸ਼ਬਦ ਹਾਸਿਲ ਹੁੰਦਾ ਹੈ ਜਿਸ ਵਿਚੋਂ ਅੱਗ ਦਾ ਸੇਕ ਆਉਂਦਾ ਹੈ। ਜਪੁਜੀ ਵਿਚ ਇਸ ਤਰ੍ਹਾਂ ਲਭਦਾ ਹੈ, 'ਭਲਾ ਘੜਾ ਅਗਨਿ ਤਪ ਤਾਉ'। ਤਪੱਸਿਆ ਦੇ ਅਰਥਾਂ ਵਿਚ ਵੀ ਹੈ, 'ਅਸੰਖ ਤਪ ਤਾਉ'। ਤਾਅ ਤੋਂ ਕੁਝ ਮੁਹਾਵਰੇ ਵੀ ਬਣੇ ਹਨ ਜਿਵੇਂ ਤਾਅ ਆਉਣਾ = ਗਰਮ ਹੋ ਜਾਣਾ; ਤਾਅ ਖਾਣਾ = ਗਰਮੀ ਵਿਚ ਜਾਂ ਗੁੱਸੇ ਵਿਚ ਆ ਜਾਣਾ; ਤਾਅ ਦੇਣਾ = ਬਾਲਣ ਝੋਕ ਕੇ ਹੋਰ ਗਰਮ ਕਰਨਾ, ਭੜਕਾਉਣਾ, ਮੁੱਛਾਂ ਨੂੰ ਵੱਟ ਦੇਣਾ। ਇਸੇ ਤਾਅ ਦਾ ਇੱਕ ਰੂਪ ਤੌਣੀ/ਤਾਉਣੀ ਹੈ, ਤੌਣੀ ਲਾਉਣਾ, ਜਾਂ ਤੌਣੀ ਚਾੜ੍ਹਨਾ ਦਾ ਮਤਲਬ ਕਿਸੇ ਨੂੰ ਬਹੁਤ ਕੁੱਟਣਾ, ਸੇਕਣਾ ਹੈ, ਆਟੇ ਨੂੰ ਤੌਣੀ ਲਾਉਣ ਤੋਂ ਮੁਰਾਦ ਹੈ ਇਸ ਨੂੰ ਖ਼ੂਬ ਮਸਲ-ਮਸਲ ਕੇ ਇੱਕ ਤਰ੍ਹਾਂ ਗਰਮ ਕਰਨਾ ਹੀ ਹੈ। ਤਾਪ ਤੋਂ ਤਾਪਕ (ਗਰਮਾਉਣ ਵਾਲਾ) ਸ਼ਬਦ ਬਣਦਾ ਹੈ। ਤਾਪਕ ਤੋਂ ਰੋਟੀਆਂ ਪਕਾਉਣ ਵਾਲਾ ਤਵਾ/ਤਵੀ ਸ਼ਬਦ ਸਾਹਮਣੇ ਆਉਂਦਾ ਹੈ ਤੇ ਨਾਲ ਲਗਦਾ ਤਾਵੜੀ > ਤੌੜੀ, ਸਬਜ਼ੀ ਭਾਜੀ ਰਿੰਨ੍ਹਣ ਵਾਲਾ ਭਾਂਡਾ। ਲਹਿੰਦੀ ਵਿਚ ਤੌੜੀ ਲਈ ਤਾਵਣੀ ਸ਼ਬਦ ਹੈ। ਪੋਹ ਦੇ ਮਹੀਨੇ ਬਾਰੇ ਅਖਾਣ ਹੈ, 'ਪੋਹ ਤਵਾ ਲਾਹ ਤੇ ਤੌੜੀ ਧੋ'। ਪੋਹ ਦੇ ਮਹੀਨੇ ਦਿਨ ਛੋਟੇ ਹੁੰਦੇ ਹਨ, ਦਿਨ ਛੇਤੀ ਬੀਤਦਾ ਜਾਂਦਾ ਹੈ ਜਾਣੋ ਸਵੇਰ ਦੁਪਹਿਰ ਦੀ ਰੋਟੀ ਖਾਣ ਤੋਂ ਛੇਤੀ ਪਿਛੋਂ ਰਾਤ ਦੀ ਸਬਜ਼ੀ ਦਾਲ ਦਾ ਵੇਲਾ ਆ ਜਾਂਦਾ ਹੈ ਜੋ ਤੌੜੀ ਵਿਚ ਬਣਾਈ ਜਾਂਦੀ ਸੀ।

ਤਾਪ ਦੇ ਅੱਗੇ ਅਗੇਤਰ ਲੱਗ ਕੇ ਹੋਰ ਸ਼ਬਦ ਨਿਰਮਿਤ ਹੁੰਦੇ ਹਨ। ਕੁਝ ਉਦਾਹਰਣ ਲੈਂਦੇ ਹਾਂ। ਸੰਤਾਪ (ਸਮ+ਤਾਪ) ਸ਼ਬਦ ਵਿਚ ਆਪਣੇ ਆਪ ਵਿਚ ਸੜਨ, ਕਲੇਸ਼ ਵਿਚ ਪੈਣ ਤੋਂ ਮੁਰਾਦ ਹੈ, 'ਸਭੇ ਦੁਖ ਸੰਤਾਪ ਜਾਂ ਤੁਧਹੁ ਭੁਲੀਐ'। ਪ੍ਰ ਲੱਗ ਕੇ ਪ੍ਰਤਾਪ ਸ਼ਬਦ ਦਾ ਖੂਬ ਪ੍ਰਤਾਪ ਹੈ। ਇਸ ਵਿਚ ਤੇਜ, ਆਭਾ, ਤਾਬਦਾ ਭਾਵ ਵੀ ਹੈ ਤੇ ਵਡਿਆਈ ਦਾ ਵੀ, "ਅਨਦੁ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਬਾਣੀ'-ਰਾਗ ਸੋਰਠ। ਭਾਰਤ ਵਿਚ ਵਿਅਕਤੀ ਨਾਂ ਵਜੋਂ ਪ੍ਰਤਾਪ ਸ਼ਬਦ ਬਹੁਤ ਵਰਤਿਆ ਜਾਂਦਾ ਹੈ ਜਿਵੇਂ ਉਦੈਪੁਰ ਦਾ ਰਾਜਾ ਰਾਣਾ ਪ੍ਰਤਾਪ ਸਿੰਘ। ਫਿਰ ਅੱਗੇ ਪਸ਼ਚ ਲੱਗ ਕੇ ਬਣਿਆ ਪਸ਼ਚਾਤਾਪ। ਪਸ਼ਚ ਦਾ ਅਰਥ ਹੁੰਦਾ ਹੈ ਪਿਛੋਂ। ਪੰਜਾਬੀ ਪਿਛਾ ਸ਼ਬਦ ਇਸ ਦਾ ਹੀ ਬਦਲਿਆ ਰੂਪ ਹੈ। ਸੋ ਪਸ਼ਚਾਤਾਪ ਤੋਂ ਪਹਿਲਾਂ ਪਛਤਾਪ ਬਣਦਾ ਹੈ, 'ਛੋਡਿ ਜਾਹਿ ਬਿਖਿਆਰਸ ਤਉ ਲਾਗੈ ਪਛਤਾਪ' -ਗੁਰੂ ਰਾਮ ਦਾਸ। ਇਸ ਦੀ ਪ ਧੁਨੀ ਵ ਵਿਚ ਬਦਲ ਕੇਵ ਵਿਚ ਪ੍ਰਗਟ ਹੁੰਦੀ ਹੈ ਤੇ ਪਛਤਾਵਾ ਸ਼ਬਦ ਬਣ ਜਾਂਦਾ ਹੈ ਜਿਸ ਦਾ ਸ਼ਾਬਦਿਕ ਅਰਥ ਨਿਕਲਿਆ 'ਪਿਛੋਂ ਹੋਇਆ ਦੁੱਖ'। ਉਚਾ ਦੇ ਅਰਥ ਵਾਲਾ ਉਤ ਅਗੇਤਰ ਲੱਗ ਕੇ ਉਤਾਪਲ ਸ਼ਬਦ ਬਣਦਾ ਹੈ ਜਿਸ ਦੀ ਪ ਧੁਨੀ ਵ ਵਿਚ ਬਦਲ ਕੇ ਕਾਹਲਾ, ਤਤਪਰ, ਤਹੂ ਦੇ ਅਰਥਾਂ ਵਾਲਾ ਪੰਜਾਬੀ ਉਤਾਵਲਾ ਹਾਸਿਲ ਹੁੰਦਾ ਹੈ, ਪੋਠੋਹਾਰੀ ਵਿਚ ਇਹ ਤਾਵਲਾ ਹੋ ਨਿਬੜਦਾ ਹੈ। ਕਰਤਾਰ ਸਿੰਘ ਦੁੱਗਲ ਦੀਆਂ ਕਹਾਣੀਆਂ ਵਿਚ 'ਤਾਵਲੇ ਤਾਵਲੇ' ਸ਼ਬਦ ਜੁੱਟ ਅਕਸਰ ਹੀ ਪੜ੍ਹਨ ਨੂੰ ਮਿਲ ਜਾਂਦਾ ਹੈ।

ਉਪਰੋਕਤ ਸ਼ਬਦਾਂ ਦੇ ਸਕੇ ਹੋਰ ਹਿੰਦ-ਯੂਰਪੀ ਭਾਸ਼ਾਵਾਂ ਵਿਚ ਵੀ ਮਿਲਦੇ ਹਨ। ਇਸ ਦਾ ਭਾਰੋਪੀ ਮੂਲ *ਟੈਪ (tep) ਮਿਥਿਆ ਗਿਆ ਹੈ ਜਿਸ ਵਿਚ ਤਪਣ, ਭਖਣ, ਗਰਮ ਹੋਣ ਦਾ ਭਾਵ ਹੈ। ਅਸੀਂ ਸਭ ਤੋਂ ਪਹਿਲਾਂ ਆਪਣੇ ਲਾਗਲੀ ਭਾਸ਼ਾ ਫਾਰਸੀ ਵਿਚ ਇਸ ਦੇ ਸਹੋਦਰੇ ਲੱਭਦੇ ਹਾਂ। ਅਵੇਸਤਾ ਵਿਚ ਇਸ ਦਾ ਸਜਾਤੀ ਤਫਨੁਸ ਹੈ ਜਿਸ ਦਾ ਅਰਥ ਹੈ ਬੁਖਾਰ, ਤਾਪ, ਭਖ। ਭਾਰਤੀ ਭਾਸ਼ਾਵਾਂ ਦੇ ਤਾਪ ਸ਼ਬਦ ਦੇ ਟਾਕਰੇ ਫਾਰਸੀ ਦਾ ਸ਼ਬਦ ਹੈ ਤਾਬ ਜੋ ਸਾਡੀਆਂ ਭਾਸ਼ਾਵਾਂ ਵਿਚ ਵੀ ਆ ਵੜਿਆ ਹੈ। ਇਸ ਵਿਚ ਤਾਪ ਜਿਹੇ ਹੀ ਅਰਥ ਹਨ ਜਿਵੇਂ ਗਰਮੀ, ਚਮਕ, ਰੌਸ਼ਨੀ। ਅਸੀਂ ਬਹੁਤਾ ਇਸ ਨੂੰ ਚਮਕ, ਆਭਾ, ਤੇਜ, ਪ੍ਰਤਾਪ ਦੇ ਅਰਥਾਂ ਵਿਚ ਜਾਣਦੇ ਹਾਂ, 'ਤਾਬ ਇਸ਼ਕ ਦੀ ਝੱਲਣੀ ਖਰੀ ਔਖੀ, ਇਸ਼ਕ ਗੁਰੂ ਤੇ ਜਗ ਸਭ ਚੇਲੜਾ ਈ'-ਵਾਰਿਸ ਸ਼ਾਹ, 'ਅਸ ਕੋ ਤਾਬ ਸਹੈ ਸਤਗੁਰ ਕੀ'। ਫਾਰਸੀ ਤਾਬੀਦਨ ਦਾ ਮਤਲਬ ਹੈ ਚਮਕਣਾ। ਫਾਰਸੀ ਮਹਿਤਾਬ (ਮਹਿ = ਚੰਦ, ਤਾਬ = ਚਮਕ) ਦਾ ਮਤਲਬ ਚੰਦਰਮਾ ਹੁੰਦਾ ਹੈ ਜੋ ਫਾਰਸੀ ਪ੍ਰਭਾਵਿਤ ਪੰਜਾਬੀ ਕਿੱਸਿਆਂ ਵਿਚ ਵਰਤਿਆ ਮਿਲਦਾ ਹੈ। ਟੈਪ ਮੂਲ ਤੋਂ ਲਾਤੀਨੀ ਭਾਸ਼ਾ ਵਿਚ ਬਣਿਆ ਟੈਪੀਦਸ ਸ਼ਬਦ ਹੈ ਜਿਸ ਵਿਚ ਕੋਸੇਪਣ ਦਾ ਭਾਵ ਹੈ। ਇਹ ਸ਼ਬਦ ਚੌਦ੍ਹਵੀਂ ਸਦੀ ਵਿਚ ਟੈਪਿਡ (tepid) ਦਾ ਭੇਸ ਧਾਰ ਕੇ ਅੰਗਰੇਜ਼ੀ ਵਿਚ ਆ ਗਿਆ ਜਿਸ ਵਿਚ ਇਸ ਦਾ ਅਰਥ ਨਿੱਘਾ, ਕੋਸਾ ਹੈ। ਕੁਝ ਹੋਰ ਯੂਰਪ ਦੀਆਂ ਆਰਿਆਈ ਭਾਸ਼ਾਵਾਂ ਵਿਚ ਵੀ ਰਲਦੇ-ਮਿਲਦੇ ਸ਼ਬਦ ਮਿਲਦੇ ਹਨ।

# ਸਿਰੜ ਦਾ ਸਿਰਨਾਵਾਂ; ਨਕਸਲੀ ਯੋਧਾ: ਕਾਮਰੇਡ ਜਗਜੀਤ ਸੋਹਲ


ਰਣਜੀਤ ਲਹਿਰਾ
ਫੋਨ: 94175-88616

ਸਾਲ 1968-69 ਦੀ ਗੱਲ ਹੈ। ਸੰਗਰੂਰ ਜ਼ਿਲ੍ਹੇ ਦੀਆਂ ਜਨਤਕ ਥਾਵਾਂ 'ਤੇ ਵੱਡੇ-ਵੱਡੇ ਇਸ਼ਤਿਹਾਰ ਚਿਪਕਾ ਕੇ ਇੱਕ ਨੌਜਵਾਨ ਨੂੰ ਭਗੌੜਾ (ਇਸ਼ਤਿਹਾਰੀ ਮੁਜਰਮ) ਕਰਾਰ ਦੇ ਕੇ ਜ਼ਿੰਦਾ ਜਾਂ ਮੁਰਦਾ ਹੋਣ ਦੀ ਇਤਲਾਹ ਦੇਣ ਵਾਲੇ ਨੂੰ ਇਨਾਮੀ ਰਾਸ਼ੀ ਦੇਣ ਦਾ ਐਲਾਨ ਕੀਤਾ ਗਿਆ। ਉਹ ਨੌਜਵਾਨ ਕੋਈ ਚੋਰ, ਲੁਟੇਰਾ, ਡਾਕੂ ਜਾਂ ਖ਼ੂਨੀ ਅਪਰਾਧੀ ਨਹੀਂ ਸੀ ਸਗੋਂ ਉਨ੍ਹੀਂ ਦਿਨੀਂ ਪੰਜਾਬ 'ਚ ਪੈਰ ਪਸਾਰ ਰਹੀ ਨਕਸਲਬਾੜੀ ਲਹਿਰ ਦੇ ਮੁੱਖ ਆਗੂਆਂ ਵਿਚੋਂ ਇੱਕ ਸੀ; ਉਹਦਾ ਨਾਂ ਸੀ ਜਗਜੀਤ ਸੋਹਲ ਵਾਸੀ ਸ਼ਾਹਪੁਰ ਜ਼ਿਲ੍ਹਾ ਸੰਗਰੂਰ। ਉਹ ਦਿਨ ਗਏ ਤੇ ਆਹ ਦਿਨ ਆਏ, ਕਾਮਰੇਡ ਸੋਹਲ ਪੁਲੀਸ ਦੇ ਹੱਥ ਨਾ ਆਇਆ ਅਤੇ ਨਾ ਹੀ ਕਿਸੇ ਨੂੰ ਇਨਾਮੀ ਰਾਸ਼ੀ ਪ੍ਰਾਪਤ ਹੋ ਸਕੀ।

1968-69 ਵਿਚ ਜਗਜੀਤ ਸੋਹਲ ਕੋਈ ਨਵੀਂ ਉਮਰ ਦਾ ਮੁੰਡਾ ਨਹੀਂ ਸੀ ਜਿਹੜਾ ਨਕਸਲੀਆਂ ਦੀਆਂ ਤੱਤੀਆਂ ਗੱਲਾਂ ਵਿਚ ਆ ਕੇ ਘਰੋਂ ਇਨਕਲਾਬ ਕਰਨ ਨਿਕਲ ਤੁਰਿਆ ਹੋਵੇ। ਉਹਨੇ ਅੰਗਰੇਜ਼ਾਂ ਦਾ ਰਾਜ ਆਪਣੇ ਪਿੰਡੇ 'ਤੇ ਹੰਢਾਇਆ ਸੀ, 'ਲਾਸ਼ੀ ਮੌਤ ਵਿਆਹੁਣ' ਚੱਲੇ ਭਗਤ ਸਿੰਘ ਤੇ ਸਾਥੀਆਂ ਦੀਆਂ ਘੋੜੀਆਂ ਪੰਜਾਬ ਦੀ ਫਿਜ਼ਾ ਵਿਚ ਗੂੰਜਦੀਆਂ ਸੁਣੀਆਂ ਸਨ। 1947 ਵਿਚ ਉਹਨੇ ਇੱਕੋ ਸਮੇਂ ਹੱਲਿਆਂ ਵਿਚ ਕਟਾ-ਵਢੀ ਵਿਚ ਮਰਦੇ ਤੇ ਹਿਜਰਤਾਂ ਕਰਦੇ ਲੋਕਾਂ ਨੂੰ ਅਤੇ ਰਾਤ ਦੇ ਹਨੇਰੇ ਵਿਚ ਅੰਗਰੇਜ਼ਾਂ ਨਾਲ ਸਮਝੌਤੇ ਕਰ ਕੇ ਗੱਦੀਆਂ ਸੰਭਾਲਦੇ ਲੀਡਰਾਂ ਨੂੰ ਅੱਖੀਂ ਦੇਖਿਆ ਸੀ; ਕਮਿਊਨਿਸਟ ਪਾਰਟੀ ਨੂੰ ਗ਼ੈਰ-ਕਾਨੂੰਨੀ ਹੁੰਦਿਆਂ ਦੇਖਿਆ ਸੀ। ਉਹ ਆਜ਼ਾਦੀ, ਬਰਾਬਰੀ ਤੇ ਭਾਈਚਾਰੇ ਦੇ ਤਿੜਕ ਕੇ ਚੂਰ-ਚੂਰ ਹੋ ਗਏ ਸੁਫਨੇ ਦਾ ਗਵਾਹ ਸੀ ਤੇ ਉਹ ਸੁਫਨਾ ਸਾਕਾਰ ਹੁੰਦਿਆਂ ਦੇਖਣ ਅਤੇ ਮਿਹਨਤਕਸ਼ ਅਵਾਮ ਦੀ ਤਕਦੀਰ ਬਦਲਦੀ ਦੇਖਣ ਦਾ ਤਲਬਗਾਰ ਸੀ।

ਇਸੇ ਲਈ ਉਹ ਗ਼ਦਰੀ ਬਾਬਿਆਂ ਤੇ ਦੇਸ਼ਭਗਤਾਂ ਦਾ ਸੰਗੀ ਸਾਥੀ ਬਣਿਆ ਜਿਹੜੇ ਆਜ਼ਾਦੀ ਤੋਂ ਬਾਅਦ ਵੀ ਘਰਾਂ ਨੂੰ ਨਹੀਂ ਸੀ ਮੁੜੇ ਸਗੋਂ ਸੰਘਰਸ਼ਾਂ ਦੇ ਮੋਹਰੀ ਬਣੇ ਰਹੇ ਸਨ। ਅਠਾਰਾਂ ਸਾਲਾਂ ਦੀ ਉਮਰ ਵਿਚ 1946 ਵਿਚ ਉਹ ਕਮਿਊਨਿਸਟ ਪਾਰਟੀ ਦਾ ਕਾਰਡ ਹੋਲਡਰ ਬਣ ਗਿਆ ਸੀ। ਉਹ ਹੰਢਿਆ ਵਰਤਿਆ ਕਾਮਰੇਡ ਸੀ ਜਿਹੜਾ ਨਾ ਸਿਰਫ਼ ਪੈਪਸੂ ਦੇ ਮੁਜ਼ਾਰਿਆਂ ਦੀ 'ਜ਼ਮੀਨ ਹਲਵਾਹਕ ਦੀ' ਵਾਲੇ ਨਾਅਰੇ ਹੇਠ ਚੱਲੀ ਜਨਤਕ ਖਾੜਕੂ ਲਹਿਰ ਨਾਲ ਨੇੜਿਓਂ ਜੁੜਿਆ ਰਿਹਾ ਸੀ ਸਗੋਂ ਪਹਿਲਾਂ ਲਾਲ ਕਮਿਊਨਿਸਟ ਪਾਰਟੀ, ਫਿਰ ਸਾਂਝੀ ਭਾਰਤੀ ਕਮਿਊਨਿਸਟ ਪਾਰਟੀ ਤੇ ਫਿਰ ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਰਕਸਵਾਦੀ) ਤੋਂ ਵਿਚਾਰਧਾਰਕ ਸਿਆਸੀ ਘੋਲ ਲੜਦਾ ਹੋਇਆ ਨਕਸਲਬਾੜੀ ਲਹਿਰ ਤੱਕ ਪਹੁੰਚਿਆ ਸੀ। ਪੰਜਾਬ ਵਿਚ ਨਕਸਲਬਾੜੀ ਲਹਿਰ ਦੇ ਮੋਢੀਆਂ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਚਾਲੀਆਂ ਨੂੰ ਅੱਪੜਿਆ ਕਾਮਰੇਡ ਸੋਹਲ ਕਮਿਊਨਿਸਟ ਲਹਿਰ ਦਾ ਚੰਗਾ ਖਾਸਾ ਵਿਚਾਰਧਾਰਕ ਤੇ ਅਮਲੀ ਤਜਰਬਾ ਗ੍ਰਹਿਣ ਕਰ ਚੁੱਕਿਆ ਸੀ।

1967 ਵਿਚ ਪੱਛਮੀ ਬੰਗਾਲ ਦੇ ਦਾਰਜਲਿੰਗ ਜ਼ਿਲ੍ਹੇ ਦੇ ਨਕਸਲਬਾੜੀ ਖੇਤਰ 'ਚ ਉਭਰੀ ਬੇਜ਼ਮੀਨੇ ਕਿਸਾਨਾਂ ਮਜ਼ਦੂਰਾਂ ਦੀ ਜਗੀਰਦਾਰਾਂ



ਵਿਰੁੱਧ ਹਥਿਆਰਬੰਦ ਬਗਾਵਤ ਨੂੰ ਦੇਸ਼ ਭਰ ਦੇ ਇਨਕਲਾਬੀ ਹਲਕਿਆਂ ਨੇ 'ਬਸੰਤ ਦੀ ਕੜਕ' ਕਹਿ ਕੇ ਜੈ-ਜੈਕਾਰ ਕੀਤੀ। ਇਸ ਲਹਿਰ ਦੇ ਮੋਹਰੀ ਆਗੂਆਂ ਨੇ ਨਵੰਬਰ 1967 ਨੂੰ ਆਲ ਇੰਡੀਆ ਕੋਆਰਡੀਨੇਸ਼ਨ ਕਮੇਟੀ ਆਫ ਕਮਿਊਨਿਸਟ ਰੈਵੋਲਿਊਸ਼ਨਰੀ (AICCCR) ਕਾਇਮ ਕੀਤੀ ਜਿਸ ਵਿਚ ਪੰਜਾਬ ਸਮੇਤ ਕਈ ਸੂਬਿਆਂ ਦੇ ਨੁਮਾਇੰਦੇ ਸ਼ਾਮਿਲ ਸਨ। ਫਿਰ 22 ਅਪਰੈਲ 1969 ਨੂੰ ਸੀਪੀਆਈ (ਐੱਮਐੱਲ) ਬਣਾਉਣ ਦਾ ਐਲਾਨ ਕਰ ਕੇ ਦੇਸ਼ ਭਰ ਦੇ ਇਨਕਲਾਬੀ ਕਮਿਊਨਿਸਟਾਂ ਨੂੰ ਇਸ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

ਪੰਜਾਬ ਵਿਚ ਲਹਿਰ ਦਾ ਮੁੱਢ ਬੰਨ੍ਹਣ ਲਈ 1968 ਦੇ ਸ਼ੁਰੂ ਵਿਚ ਜਿਹੜੀ ਪਹਿਲੀ ਵੱਡੀ ਮੀਟਿੰਗ ਹੋਈ, ਉਸ ਵਿਚ ਹਾਕਮ ਸਮਾਓਂ, ਪ੍ਰੋ. ਹਰਭਜਨ ਸੋਹੀ ਸਮੇਤ ਜਗਜੀਤ ਸੋਹਲ ਵੀ ਸ਼ਾਮਿਲ ਸੀ। ਕਾਮਰੇਡ ਦਿਆ ਸਿੰਘ ਨੂੰ ਪੰਜਾਬ ਕਮੇਟੀ ਦਾ ਸਕੱਤਰ ਬਣਾਇਆ। ਤਿਆਰੀਆਂ ਤੋਂ ਬਾਅਦ 12 ਅਪ੍ਰੈਲ 1968 ਦੀ ਰਾਤ ਨੂੰ ਨਕਸਲਬਾੜੀ ਦਾ ਸੁਨੇਹਾ ਦਿੰਦਾ ਪੋਸਟਰ ਪੰਜਾਬ ਭਰ ਵਿਚ ਲਾਇਆ ਗਿਆ। 8 ਦਸੰਬਰ 1968 ਨੂੰ ਪਿੰਡ ਸਮਾਓਂ ਵਿਚ ਜ਼ਮੀਨ 'ਤੇ ਕਬਜ਼ੇ ਦੀ ਐਕਸ਼ਨ 'ਚ ਜਗਜੀਤ ਸੋਹਲ ਵੀ ਸ਼ਾਮਿਲ ਸੀ। ਫਿਰ ਉਹ ਹੋਰ ਸਰਗਰਮੀਆਂ ਵਿਚ ਸ਼ਾਮਿਲ ਰਿਹਾ। ਪਾਰਟੀ ਦਾ ਪੰਜਾਬ ਦਾ ਸਕੱਤਰ ਵੀ ਰਿਹਾ ਤੇ ਫਿਰ ਲਹਿਰ ਦੇ ਗਰੁੱਪਾਂ ਵਿਚ ਵੰਡੇ ਜਾਣ ਤੋਂ ਬਾਅਦ ਕੇਂਦਰੀ ਪੱਧਰ 'ਤੇ ਸੀਓਸੀ, ਪਾਰਟੀ ਯੂਨਿਟੀ ਤੇ ਪੀਪਲਜ਼ ਵਾਰ ਗਰੁੱਪ ਦਾ ਸੀਨੀਅਰ ਆਗੂ ਬਣਿਆ; ਅਖ਼ੀਰ ਉਹ ਸੀਪੀਆਈ (ਮਾਓਵਾਦੀ) ਨਾਲ ਵੀ ਜੁੜਿਆ ਰਿਹਾ। ਇਸ ਲੰਮੇ ਤੇ ਕੰਡਿਆਲੇ ਸਫ਼ਰ ਦੌਰਾਨ ਉਹਦੇ ਨਾਲ ਤੁਰੇ ਤੇ ਪਿੱਛੋਂ ਰਲੇ ਪਤਾ ਨਹੀਂ ਕਿੰਨੇ ਸਾਥੀ ਸ਼ਹੀਦ ਹੋ ਗਏ, ਕਿੰਨੇ ਅਧਵਾਟੇ ਵਿਛੜ ਗਏ, ਕਿੰਨੇ ਪਿਛਾਂਹ ਮੁੜ ਗਏ ਤੇ ਕਿੰਨੇ ਹੀ ਨਿੱਘਰ ਕੇ ਵਿਰੋਧੀ ਕੈਂਪ ਵਿਚ ਜਾ ਖੜ੍ਹੇ ਪਰ ਉਹਦੇ ਕਦਮ ਭੋਰਾ ਨਾ ਥਿੜਕੇ, ਨਾ ਭਟਕੇ, ਨਾ ਹਾਰੇ; ਆਪਣੇ ਰਾਹਾਂ 'ਤੇ ਅਡੋਲ ਚੱਲਦੇ ਰਹੇ। ਨਾ ਸਿਰਫ਼ ਉਹ ਖ਼ੁਦ ਅਡੋਲ ਰਿਹਾ, ਉਹਦੀ ਜੀਵਨ ਸਾਥੀ ਕਾਮਰੇਡ ਕਮਲੇਸ਼ ਨੇ ਵੀ ਦੁਸ਼ਵਾਰੀਆਂ ਦਾ ਖਿੜੇ ਮੱਥੇ ਸਾਹਮਣਾ ਕੀਤਾ।

ਨਕਸਲਬਾੜੀ ਲਹਿਰ ਅਨੇਕ ਟੁੱਟਾਂ ਦਾ ਸ਼ਿਕਾਰ ਹੋਣ ਅਤੇ ਵਿਚਾਰਕ-ਸਿਆਸੀ ਤੇ ਜਥੇਬੰਦਕ ਮਤਭੇਦਾਂ ਦੇ ਬਾਵਜੂਦ ਨਿੱਜੀ ਤੌਰ 'ਤੇ ਕਾਮਰੇਡ ਸੋਹਲ ਦੀ ਸ਼ਖ਼ਸੀਅਤ ਨਿਰਵਿਵਾਦ ਰਹੀ। ਲਹਿਰ ਦੇ ਅੰਦਰੂਨੀ ਤੇ ਪੈਰੀਫੇਰੀ ਵਾਲੇ ਸਰਕਲਾਂ ਵਿਚ ਉਹਨੂੰ ਬੇਹੱਦ ਸਾਊ, ਸੰਜੀਦਾ, ਖੁੱਲ੍ਹਦਿਲਾ, ਪ੍ਰਤੀਬੱਧ ਅਤੇ ਵਿਚਾਰਧਾਰਕ ਤੌਰ 'ਤੇ ਪ੍ਰਪੱਕ ਗਿਣਿਆ ਜਾਂਦਾ ਸੀ।

ਇਸ਼ਤਿਹਾਰੀ ਮੁਜਰਮ ਕਰਾਰ ਦੇਣ ਅਤੇ ਘਰ-ਬਾਰ ਉਜਾੜ ਦੇਣ ਦੇ ਬਾਵਜੂਦ ਉਹ ਨਾ ਤਾਂ ਕਿਸੇ ਗੁਫਾ 'ਚ ਲੁਕ ਕੇ ਬੈਠਿਆ ਸੀ, ਨਾ ਹੀ ਕਿਧਰੇ ਹਰਨਾਂ ਦੇ ਸਿੰਗੀਂ ਚੜ੍ਹ ਕੇ ਰੋਹੀ ਬੀਆਬਾਨਾਂ 'ਚ ਗਿਆ ਸੀ। ਉਹ ਨਾ ਸਿਰਫ਼ ਪੰਜਾਬ ਦੀ ਨਕਸਲੀ ਲਹਿਰ ਤੇ ਜਨਤਕ ਸੰਘਰਸ਼ਾਂ ਨੂੰ ਅਗਵਾਈ ਦਿੰਦਾ ਰਿਹਾ ਸਗੋਂ ਕੁੱਲ ਹਿੰਦ ਪੱਧਰ 'ਤੇ ਆਗੂ ਰੋਲ ਨਿਭਾਉਂਦਾ ਰਿਹਾ। ਇਹਦੇ ਬਾਵਜੂਦ ਜੇ ਉਹ 55 ਸਾਲਾਂ ਤੱਕ (20 ਅਕਤੂਬਰ 2024 ਨੂੰ ਅੰਤਮ ਸਾਹ ਲੈਣ ਤੱਕ) ਗੁਪਤਵਾਸ ਰਿਹਾ ਤਾਂ ਇਹਦਾ ਸਿਹਰਾ ਉਹਦੇ ਅਨੁਸ਼ਾਸਿਤ ਜੀਵਨ ਅਤੇ ਲੋਕਾਂ ਵਿਚ ਰਚ-ਮਿਚ ਕੇ ਰਹਿਣ ਨੂੰ ਜਾਂਦਾ ਹੈ; ਨਹੀਂ ਤਾਂ ਇੰਨਾ ਲੰਮਾ ਸਮਾਂ ਖੁਫੀਆ ਏਜੰਸੀਆਂ ਦੇ ਅੱਖੀਂ ਧੂੜ ਝੋਕਣਾ ਖਾਲਾ ਜੀ ਦਾ ਵਾੜਾ ਨਹੀਂ। ਸ਼ਾਇਰ ਸੰਤ ਰਾਮ ਉਦਾਸੀ ਨੇ ਠੀਕ ਹੀ ਲਿਖਿਆ ਹੈ: ਲੋਕ ਇੰਨੇ ਸੰਘਣੇ ਨੇ ਲੱਖੀ ਦੇ ਜੰਗਲ ਵਾਂਗੂੰ/ਸਿੰਘ ਤੈਥੋਂ ਜਾਣੇ ਨਾ ਫੜੇ...।

# ਕਾਲਜਾਂ ਨੂੰ ਖੁਦਮੁਖਤਾਰੀ ਦੇਣ ਦੇ ਬਹਾਨੇ ਨਿੱਜੀਕਰਨ

ਕੌਮੀ ਸਿੱਖਿਆ ਨੀਤੀ-2020 ਯੂਨੀਵਰਸਿਟੀਆਂ ਅਤੇ ਕਾਲਜਾਂ ਦੀ ਖ਼ੁਦਮੁਖ਼ਤਾਰੀ ਨੂੰ ਵਧੇਰੇ ਅਸਰਦਾਰ ਬਣਾਉਣ ਦੇ ਪੱਖ ਵਿਚ ਹੋਣ ਦਾ ਦਾਅਵਾ ਕਰਦੀ ਹੈ। ਇਸੇ ਕੜੀ ਵਿਚ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਨੇ ਕਾਲਜਾਂ ਨੂੰ ਖ਼ੁਦਮੁਖ਼ਤਾਰੀ ਦੇਣ ਅਤੇ ਅਕਾਦਮਿਕ ਮਿਆਰਾਂ ਨੂੰ ਯਕੀਨੀ ਬਣਾਈ ਰੱਖਣ ਬਾਰੇ ਦਿਸ਼ਾ-ਨਿਰਦੇਸ਼ਾਂ ਦੀ ਨੋਟੀਫਿਕੇਸ਼ਨ ਅਪਰੈਲ 2023 ਵਿਚ ਜਾਰੀ ਕੀਤੀ ਜਿਸ ਨੇ ਯੂ.ਜੀ.ਸੀ. ਵੱਲੋਂ ਫਰਵਰੀ 2018 ਵਿਚ ਜਾਰੀ ਕੀਤੀ ਨੋਟੀਫਿਕੇਸ਼ਨ ਦੀ ਥਾਂ ਲਈ। ਉੱਚ ਸਿੱਖਿਆ ਸੰਸਥਾਵਾਂ ਦੀ ਖ਼ੁਦਮੁਖ਼ਤਾਰੀ ਦੇ ਪ੍ਰਸੰਗ ਵਿਚ ਇਨ੍ਹਾਂ ਦਸਤਾਵੇਜ਼ਾਂ ਵਿਚਲੇ ਨੀਤੀ ਕਥਨ ਅਤੇ ਦਿਸ਼ਾ-ਨਿਰਦੇਸ਼ ਚਿੰਤਨ ਦਾ ਵਿਸ਼ਾ ਹਨ।

**ਡਾ. ਕੁਲਦੀਪ ਪੁਰੀ**
**ਫੋਨ: +91-98729-44552**

ਸਿੱਖਿਆ ਨੀਤੀ ਅਨੁਸਾਰ ਡਿਗਰੀ ਦੇਣ ਵਾਲੇ ਖ਼ੁਦਮੁਖ਼ਤਾਰ ਕਾਲਜ ਮੁੱਖ ਤੌਰ 'ਤੇ ਅੰਡਰ-ਗ੍ਰੈਜੂਏਟ ਪੱਧਰ ਦੀ ਪੜ੍ਹਾਈ 'ਤੇ ਹੀ ਕੇਂਦਰਿਤ ਹੋਣਗੇ ਪਰ ਇਹ ਇੱਥੋਂ ਤੱਕ ਹੀ ਸੀਮਿਤ ਨਹੀਂ ਰਹਿਣਗੇ (ਪੈਰਾ 10.3, ਸਿੱਖਿਆ ਨੀਤੀ)। ਨਿਯਮਾਂ ਮੁਤਾਬਕ ਇਹ ਕਾਲਜ ਪੋਸਟ-ਗ੍ਰੈਜੂਏਟ ਅਤੇ ਪੀਐੱਚਡੀ ਪੱਧਰ ਦੀ ਪੜ੍ਹਾਈ ਵੀ ਕਰਵਾ ਸਕਣਗੇ। ਇਹ ਕਾਲਜ ਬਹੁ-ਵਿਸ਼ਾਈ ਅਤੇ ਵੱਡੇ ਆਕਾਰ ਵਾਲੇ ਹੋਣਗੇ। ਹਰ ਉਚੇਰੀ ਸਿੱਖਿਆ ਸੰਸਥਾ ਕੋਸ਼ਿਸ਼ ਕਰੇਗੀ ਕਿ ਵਿਦਿਆਰਥੀ ਦਾਖਲੇ ਤਿੰਨ ਹਜ਼ਾਰ ਜਾਂ ਉਸ ਤੋਂ ਵੀ ਉੱਪਰ ਤੱਕ ਪਹੁੰਚਣ (ਪੈਰਾ 10.1, ਸਿੱਖਿਆ ਨੀਤੀ)। ਹੌਲੀ-ਹੌਲੀ ਯੂਨੀਵਰਸਿਟੀਆਂ ਨਾਲ ਕਾਲਜਾਂ ਦੀ ਐਫਿਲੀਏਸ਼ਨ ਦੀ ਰਵਾਇਤ ਬੰਦ ਕਰਨ ਵੱਲ ਕਦਮ ਚੁਕੇ ਜਾਣਗੇ (ਪੈਰਾ 10.12, ਸਿੱਖਿਆ ਨੀਤੀ)। ਹਰ ਕਾਲਜ ਦੀ ਆਪਣੀ ਗਵਰਨਿੰਗ ਬਾਡੀ ਹੋਵੇਗੀ ਜਿਹੜੀ ਵਰਤਮਾਨ ਪ੍ਰਬੰਧਕ ਕਮੇਟੀਆਂ ਤੋਂ ਵੱਖਰੀ ਹੋਵੇਗੀ। ਇਸ ਤੋਂ ਇਲਾਵਾ ਵਿਧਾਨਕ ਰੁਤਬਾ ਰੱਖਦੀਆਂ ਅਕਾਦਮਿਕ ਕੌਂਸਲ, ਬੋਰਡ ਆਫ ਸਟੱਡੀਜ਼ ਅਤੇ ਵਿੱਤ ਕਮੇਟੀ ਬਣਾਈਆਂ ਜਾਣਗੀਆਂ (ਪੈਰਾ 12.1, ਯੂ.ਜੀ.ਸੀ.-2023)। ਕਾਲਜ ਦੀਆਂ ਇਨ੍ਹਾਂ ਕਮੇਟੀਆਂ ਦੀਆਂ ਤਿਆਰ ਕੀਤੀਆਂ ਅਕਾਦਮਿਕ, ਪ੍ਰਸ਼ਾਸਨਿਕ ਅਤੇ ਵਿੱਤੀ ਯੋਜਨਾਵਾਂ ਪ੍ਰਵਾਨ ਕਰਨ ਦਾ ਅਧਿਕਾਰ ਗਵਰਨਿੰਗ ਬਾਡੀ ਕੋਲ ਹੋਵੇਗਾ (ਪੈਰਾ 12.3, ਯੂ.ਜੀ.ਸੀ.-2023)। ਕਾਲਜਾਂ ਦੀ ਖ਼ੁਦਮੁਖ਼ਤਾਰੀ ਦੀ ਜ਼ਮੀਨ ਇੱਥੋਂ ਹੀ ਤਿਆਰ ਹੁੰਦੀ ਹੈ ਜਿਸ ਦੇ ਅਕਾਦਮਿਕ ਅਤੇ ਆਰਥਿਕ ਪਸਾਰਾਂ ਨੂੰ ਘੋਖਣਾ ਜ਼ਰੂਰੀ ਹੈ।

ਖ਼ੁਦਮੁਖ਼ਤਾਰ ਕਾਲਜ ਯੂ.ਜੀ.ਸੀ. ਦੇ ਨਿਯਮਾਂ ਅਨੁਸਾਰ ਚੱਲ ਰਹੇ ਕੋਰਸਾਂ ਤੇ ਪ੍ਰੋਗਰਾਮਾਂ ਦੀ ਸਮੀਖਿਆ ਕਰ ਸਕਣਗੇ ਅਤੇ ਆਪਣੇ ਤੌਰ 'ਤੇ ਨਵੇਂ ਕੋਰਸ ਤੇ ਉਨ੍ਹਾਂ ਦਾ ਪਾਠਕ੍ਰਮ ਤਜਵੀਜ਼ ਕਰਨ ਵਿਚ ਸੁਤੰਤਰ ਹੋਣਗੇ। ਵਿਦਿਆਰਥੀਆਂ ਦੀਆਂ ਅਕਾਦਮਿਕ ਪ੍ਰਾਪਤੀਆਂ ਦੇ ਮੁਲਾਂਕਣ ਦੇ ਤਰੀਕੇ ਵਿਕਸਤ ਕਰਨ, ਇਮਤਿਹਾਨਾਂ ਕਰਵਾਉਣ ਅਤੇ ਨਤੀਜਿਆਂ ਦੇ ਐਲਾਨ ਦੀ ਜ਼ਿੰਮੇਵਾਰੀ ਕਾਲਜਾਂ ਦੀ ਹੋਵੇਗੀ। ਡਿਗਰੀ ਜਿਸ ਉੱਤੇ ਕਾਲਜ ਦਾ ਨਾਂ ਦਰਜ ਹੋਵੇਗਾ, ਉਸ ਯੂਨੀਵਰਸਿਟੀ ਦੁਆਰਾ ਦਿੱਤੀ ਜਾਵੇਗੀ ਜਿਸ ਨਾਲ ਕਾਲਜ ਦੀ ਐਫਿਲੀਏਸ਼ਨ ਹੈ (ਪੈਰੇ 3.1,3.3 ਤੇ 3.4, ਯੂ.ਜੀ.ਸੀ.-2023)। ਸਿੱਖਿਆ ਨੀਤੀ ਦਾ ਮੰਨਣਾ ਹੈ ਕਿ ਅਧਿਆਪਕਾਂ ਦੀ ਅਕਾਦਮਿਕ ਆਜ਼ਾਦੀ ਉਨ੍ਹਾਂ ਦੇ ਕੰਮ ਨੂੰ ਉੱਤਮਤਾ ਦੇਵੇਗੀ। ਸਿੱਖਿਆ ਨੀਤੀ ਅਧਿਆਪਕਾਂ ਨੂੰ ਪਾਠ ਪੁਸਤਕਾਂ ਅਤੇ ਪੜ੍ਹਨ ਸਮੱਗਰੀ ਦੀ ਚੋਣ, ਪੜ੍ਹਾਉਣ ਲਈ ਅਪਨਾਉਣ ਵਾਲੀ ਪਹੁੰਚ ਅਤੇ ਸੱਜਰੇ ਵਿਸ਼ਿਆਂ 'ਤੇ ਖੋਜ ਕਰਨ ਦੀ ਸੁਤੰਤਰਤਾ ਦੇਣ ਦੀ ਹਾਮੀ ਹੈ ਲੇਕਿਨ ਇਹ ਸਾਰੇ ਕਾਰਜ ਉਹ ਨਿਰਧਾਰਿਤ ਢਾਂਚੇ ਦੇ ਦਾਇਰੇ ਵਿਚ ਹੀ ਕਰ ਸਕਣਗੇ (ਪੈਰਾ 13.4, ਸਿੱਖਿਆ ਨੀਤੀ)। ਕਾਲਜਾਂ ਵੱਲੋਂ ਸੁਝਾਏ ਨਵੇਂ ਕੋਰਸਾਂ ਵਿਚ ਘੰਟਿਆਂ ਦੀ ਸੰਖਿਆ, ਪਾਠਕ੍ਰਮ ਦੀ ਸਮੱਗਰੀ ਅਤੇ ਮਿਆਰਾਂ ਦੇ ਪ੍ਰਸੰਗ ਵਿਚ ਸੰਬੰਧਿਤ ਯੂਨੀਵਰਸਿਟੀ/ਯੂ.ਜੀ.ਸੀ./ਵਿਧਾਨਕ ਕੌਂਸਲ ਦੁਆਰਾ ਨਿਰਧਾਰਿਤ ਘੱਟੋ-ਘੱਟ ਮਾਪਦੰਡਾਂ ਦੀ ਪਾਲਣਾ ਕੀਤੀ ਜਾਵੇਗੀ ਅਤੇ 'ਵਰਸਿਟੀ ਨੂੰ ਅਜਿਹੇ ਕੋਰਸਾਂ ਬਾਰੇ ਪੂਰੀ ਤਰ੍ਹਾਂ ਸੂਚਿਤ ਕੀਤਾ ਜਾਵੇਗਾ।

ਚੋਇਸ ਬੇਸਡ ਕ੍ਰੈਡਿਟ ਸਿਸਟਮ ਨੂੰ ਉਚੇਰੀ ਸਿੱਖਿਆ ਵਿਚ ਮੁੱਖ ਸੁਧਾਰ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਯੂ.ਜੀ.ਸੀ. ਦੀ 'ਨੈਸ਼ਨਲ ਕ੍ਰੈਡਿਟ ਫਰੇਮਵਰਕ' ਦੀ ਅਪਰੈਲ 2023 ਦੀ ਰਿਪੋਰਟ ਅਨੁਸਾਰ ਵਿਦਿਆਰਥੀ ਆਪਣੀ ਪਸੰਦ ਦੇ ਕੋਰਸ ਆਪਣੀ ਰਫ਼ਤਾਰ ਨਾਲ ਪੂਰੇ ਕਰ ਕੇ ਲੋੜੀਂਦੇ ਕ੍ਰੈਡਿਟ ਪ੍ਰਾਪਤ ਕਰ ਸਕਦੇ ਹਨ। ਇਸ ਰਿਪੋਰਟ ਵਿਚ ਚੋਇਸ ਬੇਸਡ ਕ੍ਰੈਡਿਟ ਯੋਜਨਾ ਅਧੀਨ ਅੰਡਰ-ਗ੍ਰੈਜੂਏਟ ਕੋਰਸਾਂ ਲਈ ਘੱਟੋ-ਘੱਟ ਪਾਠਕ੍ਰਮ ਅਤੇ ਇਸ ਨੂੰ ਲਾਗੂ ਕਰਨ ਬਾਰੇ ਵਿਸਤਾਰ ਨਾਲ ਜਾਣਕਾਰੀ ਦਿੱਤੀ ਗਈ ਹੈ (ਪੰਨਾ 18 'ਤੇ ਲਿੰਕ)। ਯੂਨੀਵਰਸਿਟੀਆਂ ਦੁਆਰਾ ਇਸ ਯੋਜਨਾ ਦਾ ਹਿੱਸਾ ਬਣਨ ਲਈ ਜ਼ਰੂਰੀ ਹੋਵੇਗਾ ਕਿ ਸਾਰੀਆਂ ਸੰਬੰਧਿਤ ਧਿਰਾਂ ਕੋਰਸਾਂ ਦੇ ਮੁੱਖ () ਪੇਪਰਾਂ ਵਿਚ ਯੂ.ਜੀ.ਸੀ. ਦੁਆਰਾ ਤੈਅ ਕੀਤੇ ਸਾਂਝੇ ਘੱਟੋ-ਘੱਟ ਪਾਠਕ੍ਰਮ ਅਤੇ ਸਿਲੇਬਸ ਨੂੰ ਅਪਨਾਉਣ ਲਈ ਸਹਿਮਤ ਹੋਣ। ਇਹ ਸੰਭਵ ਹੈ ਕਿ ਸਥਾਨਕ ਸੱਭਿਆਚਾਰ ਅਤੇ ਵਿਰਸੇ ਦੀ ਬਣਦੀ ਨੁਮਾਇੰਦਗੀ ਲਈ ਮੁੱਖ ਪੇਪਰਾਂ ਦੇ ਸਾਂਝੇ ਪਾਠਕ੍ਰਮ ਅਤੇ ਸਿਲੇਬਸ ਵਿਚ ਤਬਦੀਲੀ ਦੀ ਜ਼ਰੂਰਤ ਹੋਵੇ। ਇਸ ਸਥਿਤੀ ਵਿਚ ਇਹ ਤਬਦੀਲੀ ਤੈਅ ਪਾਠਕ੍ਰਮ ਦੇ 20% ਤੋਂ ਵੱਧ ਨਹੀਂ ਕੀਤੀ ਜਾ ਸਕੇਗੀ। ਇਸ ਤੋਂ ਇਹ ਭਾਵ ਹੈ ਕਿ ਸਾਰੀਆਂ ਯੂਨੀਵਰਸਿਟੀਆਂ ਵਿਚ ਕੋਰਸਾਂ ਦੇ ਮੁੱਖ ਪੇਪਰਾਂ ਦਾ 80% ਸਿਲੇਬਸ ਲੱਗਭਗ ਇੱਕੋ ਜਿਹਾ ਹੋਵੇਗਾ। ਹਾਲਾਂਕਿ ਮੁੱਖ ਪੇਪਰਾਂ ਤੋਂ ਛੁੱਟ ਬਾਕੀ ਚੋਣਵੇਂ ਅਤੇ ਹੋਰ ਵਿਸ਼ਿਆਂ ਵਿਚ ਯੂਨੀਵਰਸਿਟੀਆਂ ਨੂੰ ਆਪਣੀ ਮਰਜ਼ੀ ਦਾ ਸਿਲੇਬਸ ਤਿਆਰ ਕਰਨ ਦੀ ਆਜ਼ਾਦੀ ਹੋਵੇਗੀ। ਇਹ ਪੱਖ ਵਿਵਾਦਾਂ ਤੋਂ ਪਰ੍ਹੇ ਹੈ ਕਿ ਮਿਆਰ ਕਾਇਮ ਰੱਖਣ ਲਈ ਤੈਅ ਕੌਮੀ ਮਾਪਦੰਡਾਂ 'ਤੇ ਪੂਰਾ ਉਤਰਨਾ ਜ਼ਰੂਰੀ ਹੈ ਲੇਕਿਨ ਕੇਂਦਰੀ ਪੱਧਰ 'ਤੇ ਨਿਰਧਾਰਿਤ



ਪਾਠਕ੍ਰਮ ਤੇ ਸਿਲੇਬਸ ਨੂੰ ਅੰਸ਼-ਮਾਤਰ ਅੰਤਰ ਨਾਲ ਇੰਨ-ਬਿੰਨ ਲਾਗੂ ਕਰਨ ਦੀ ਸ਼ਰਤ ਅਕਾਦਮਿਕ ਸੁਤੰਤਰਤਾ ਦੀ ਕਸਵੱਟੀ 'ਤੇ ਖਰੀ ਨਹੀਂ ਉੱਤਰਦੀ। ਇਹ ਵਰਤਾਰਾ ਵੰਨ-ਸਵੰਨੇ ਸੱਭਿਆਚਾਰਕ ਵਿਰਸਿਆਂ ਵਾਲੇ ਮੁਲਕ 'ਚ ਪੜ੍ਹਾਏ ਜਾਣ ਵਾਲੇ ਪਾਠਕ੍ਰਮ ਤੇ ਸਿੱਖਿਆ ਸੰਸਥਾਵਾਂ ਦੀ ਵਿਲੱਖਣ ਪਛਾਣ ਵਿਚ ਅਕਾਉਣ ਵਾਲੀ ਇੱਕਸਾਰਤਾ ਲਿਆਉਣ ਦੇ ਤੁੱਲ ਹੈ।

ਖ਼ੁਦਮੁਖ਼ਤਾਰ ਕਾਲਜਾਂ ਨੂੰ ਰਾਜ ਸਰਕਾਰ ਜਾਂ ਸੰਬੰਧਿਤ ਵਿਧਾਨਕ ਕੌਂਸਲ ਦੇ ਬਣਾਏ ਮਾਪਦੰਡਾਂ ਅਨੁਸਾਰ ਆਪਣੇ ਪੱਧਰ 'ਤੇ ਫ਼ੀਸਾਂ ਤੈਅ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ (ਪੈਰਾ 3.7, ਯੂ.ਜੀ.ਸੀ.-2023)। ਸਿੱਖਿਆ ਨੀਤੀ ਲੋਕ ਸੇਵਾ ਦੀ ਭਾਵਨਾ ਤੋਂ ਪ੍ਰੇਰਿਤ ਨਿੱਜੀ ਸਿੱਖਿਆ ਸੰਸਥਾਵਾਂ ਨੂੰ ਅਗਾਂਹ ਮੁਖੀ ਪਹੁੰਚ ਅਪਨਾਉਂਦਿਆਂ ਫ਼ੀਸਾਂ ਨਿਰਧਾਰਿਤ ਕਰਨ ਲਈ ਉਤਸ਼ਾਹਿਤ ਕਰਨ ਦੀ ਇੱਛੁਕ ਹੈ। ਉਹ ਇਹ ਉਮੀਦ ਵੀ ਕਰਦੀ ਹੈ ਕਿ ਫ਼ੀਸਾਂ ਤੈਅ ਕਰਨ ਲੱਗਿਆਂ ਸੰਸਥਾਵਾਂ ਆਪਣੀ ਲਾਗਤ ਦੀ ਵਾਜਬ ਵਸੂਲੀ ਕਰਨ ਦੇ ਨਾਲ-ਨਾਲ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਣ ਲਈ ਵੀ ਤਤਪਰ ਹੋਣਗੀਆਂ (ਪੈਰਾ 18.14, ਸਿੱਖਿਆ ਨੀਤੀ)। ਸਿੱਖਿਆ ਵਿਚ ਵਪਾਰਕ ਰੁਝਾਨਾਂ ਉੱਤੇ ਲਗਾਮ ਲਾਉਣ ਦਾ ਨਿਸ਼ਚਾ ਕਰਦਿਆਂ ਸਿੱਖਿਆ ਨੀਤੀ ਅਸਰਦਾਰ ਨਿਗਰਾਨੀ, ਕਾਲਜਾਂ ਵੱਲੋਂ ਆਪਣੇ ਵਿੱਤੀ ਲੈਣ-ਦੇਣ ਵਿਚ ਪਾਰਦਰਸ਼ਤਾ ਯਕੀਨੀ ਬਣਾਉਣ ਅਤੇ ਸਿੱਖਿਆ ਵਿਚ ਵਧੇਰੇ ਸਰਕਾਰੀ ਨਿਵੇਸ਼ ਦਾ ਵਾਇਦਾ ਕਰਦੀ ਹੈ ਪਰ ਇਸ ਦੇ ਨਾਲ ਹੀ ਉਚੇਰੀ ਲਾਗਤ ਵਸੂਲੀ ਦੇ ਮੌਕੇ ਤਲਾਸ਼ਣ ਦੀ ਤਜਵੀਜ਼ ਵੀ ਰੱਖਦੀ ਹੈ; ਨਾਲ ਇਹ ਸ਼ਰਤ ਵੀ ਜੋੜ ਦਿੰਦੀ ਹੈ ਕਿ ਸੰਸਥਾਵਾਂ ਅਜਿਹਾ ਕਰਦੇ ਹੋਏ ਲੋੜਵੰਦਾਂ ਅਤੇ ਹੋਰ ਪੱਛੜੇ ਵਰਗਾਂ ਦੀ ਸਿੱਖਿਆ ਪ੍ਰਾਪਤੀ ਦੇ ਹਿਤਾਂ ਨੂੰ ਅੱਖੋਂ ਓਹਲੇ ਨਾ ਹੋਣ ਦੇਣ।

ਸਿਧਾਂਤਕ ਤੌਰ 'ਤੇ ਸਿੱਖਿਆ ਨੂੰ ਮੁਨਾਫ਼ੇ ਵਾਲਾ ਧੰਦਾ ਨਹੀਂ ਮੰਨਿਆ ਜਾਂਦਾ ਪਰ ਹਕੀਕਤ ਇਹ ਹੈ ਕਿ ਨਿੱਜੀ ਅਦਾਰੇ ਮੁਨਾਫ਼ੇ ਦੀ ਖਿੱਚ ਰੱਖਦੇ ਹਨ। ਹੁਣ ਤਾਂ ਸਰਕਾਰੀ ਕਾਲਜਾਂ ਨੂੰ ਵੀ ਵਿੱਤੀ ਆਤਮ-ਨਿਰਭਰਤਾ ਦੇ ਨਾਂ 'ਤੇ ਇਸੇ ਰਾਹ ਤੋਰ ਲਿਆ ਗਿਆ ਹੈ। ਭਾਰਤ ਸਰਕਾਰ ਦੇ ਆਰਥਿਕ ਸਰਵੇ 2023-24 ਦੇ ਅੰਕੜਿਆਂ ਅਨੁਸਾਰ ਇਸ ਵੇਲੇ ਸਿੱਖਿਆ ਉੱਤੇ ਹੋਣ ਵਾਲਾ ਖਰਚ ਮੁਲਕ ਦੀ ਜੀਡੀਪੀ ਦਾ 2.7% ਹੈ; ਲੱਗਭਗ ਅੱਧੀ ਸਦੀ ਤੋਂ ਟੀਚਾ 6% ਤੱਕ ਪਹੁੰਚਣ ਦਾ ਰਿਹਾ ਹੈ। ਵਿੱਤੀ ਵਸੀਲਿਆਂ ਦੀ ਤੰਗੀ ਕਰ ਕੇ ਇਸ ਘਾਟ ਨੂੰ ਪੂਰਨ ਲਈ ਸਮਾਜਿਕ ਜ਼ਿੰਮੇਵਾਰੀ ਅਧੀਨ ਨਿੱਜੀ ਕਾਰਪੋਰੇਟ ਜਗਤ ਦੀ ਹਿੱਸੇਦਾਰੀ ਵਧੀ ਹੈ ਲੇਕਿਨ ਕਾਰਪੋਰੇਟ ਜਗਤ ਦਾ ਨਿਵੇਸ਼ ਮੁੱਖ ਤੌਰ 'ਤੇ ਮੁਲਕ ਦੇ ਉਨ੍ਹਾਂ ਖੇਤਰਾਂ ਦੇ ਆਲੇ ਦੁਆਲੇ ਸੀਮਿਤ ਰਿਹਾ ਹੈ ਜਿੱਥੇ ਇਨ੍ਹਾਂ ਅਦਾਰਿਆਂ ਦੇ ਵੱਡੇ ਦਫ਼ਤਰ ਹਨ। ਪੱਛੜੇ ਹੋਏ ਇਲਾਕਿਆਂ ਵਿਚ ਨਿਵੇਸ਼ ਮੁਕਾਬਲਤਨ ਘੱਟ ਹੋਇਆ ਹੈ (ਪੈਰਾ 7.14, ਆਰਥਿਕ ਸਰਵੇ 2023-24)।

ਇਹ ਤੱਥ ਸਪੱਸ਼ਟ ਹੁੰਦਾ ਹੈ ਕਿ ਪੱਛੜੇ ਖੇਤਰਾਂ ਅਤੇ ਲੋੜਵੰਦ ਵਿਅਕਤੀਆਂ ਲਈ ਸਿੱਖਿਆ ਦੇ ਮੌਕੇ ਮੁਹੱਈਆ ਕਰਾਉਣ ਲਈ ਸਰਕਾਰੀ ਨਿਵੇਸ਼ ਤੋਂ ਬਿਨਾਂ ਹੋਰ ਕੋਈ ਕਾਰਗਰ ਚਾਰਾ ਨਹੀਂ ਹੈ। ਇਸ ਸੰਬੰਧ ਵਿਚ ਪ੍ਰਾਈਵੇਟ ਨਿਵੇਸ਼ ਉੱਤੇ ਵੱਡਾ ਭਰੋਸਾ ਕਰਨਾ ਲਾਹੇਵੰਦ ਨਹੀਂ ਹੋ ਸਕਦਾ। ਉਚੇਰੀ ਸਿੱਖਿਆ ਦੇ 2021-22 ਦੇ ਕੌਮੀ ਸਰਵੇ ਮੁਤਾਬਕ ਪੰਜਾਬ ਵਿਚ 80.23% ਕਾਲਜ ਪਹਿਲਾਂ ਹੀ ਨਿੱਜੀ ਪ੍ਰਬੰਧ ਹੇਠ ਚੱਲ ਰਹੇ ਹਨ। ਸਿੱਖਿਆ ਨੀਤੀ ਦੇ ਅਮਲ ਸਦਕਾ ਮੌਜੂਦਾ ਕਾਲਜਾਂ ਨੂੰ ਵੱਡੇ ਆਕਾਰ ਵਾਲੇ ਬਹੁ-ਵਿਸ਼ਾਈ ਕਾਲਜਾਂ ਵਿਚ ਤਬਦੀਲ ਕਰਨ ਜਾਂ ਅਜਿਹੇ ਨਵੇਂ ਕਾਲਜ ਉਸਾਰਨ ਲਈ ਵਧੇਰੇ ਸਰਮਾਏ ਦੀ ਲੋੜ ਹੋਵੇਗੀ। ਜੇ ਲਾਗਤ ਵਧੇਰੇ ਹੋਵੇਗੀ ਤਾਂ ਉਸ ਦੀ ਵਸੂਲੀ ਵੀ ਭਾਰੀ ਹੋਵੇਗੀ ਅਤੇ ਉਸੇ ਅਨੁਪਾਤ ਵਿਚ ਫ਼ੀਸਾਂ ਵੀ ਵਧਣਗੀਆਂ। ਇਹ ਯਕੀਨ ਕਰਨਾ ਮੁਸ਼ਕਿਲ ਹੈ ਕਿ 'ਵਾਜਬ' ਤੋਂ 'ਉਚੇਰੀ' ਲਾਗਤ ਵਸੂਲੀ ਵੱਲ ਤੁਰਨ ਦੀ ਤ੍ਰਿਸ਼ਨਾ ਫ਼ੀਸਾਂ ਦੇ ਨਿਰਧਾਰਨ ਉੱਤੇ ਅਸਰ ਅੰਦਾਜ਼ ਨਹੀਂ ਹੋਵੇਗੀ। ਇਹ ਫ਼ਿਕਰ ਵੀ ਬੇਸਬਬ ਨਹੀਂ ਕਿ ਸਿੱਖਿਆ ਸੰਸਥਾਵਾਂ ਵੱਲੋਂ ਆਰਥਿਕ ਅਤੇ ਸਮਾਜਿਕ ਪੱਖੋਂ ਪੱਛੜੇ ਵਰਗਾਂ ਪ੍ਰਤੀ ਜ਼ਿੰਮੇਵਾਰੀਆਂ ਨਿਭਾਉਣ ਦੀ ਉਮੀਦ ਮੱਧਮ ਪੈ ਜਾਵੇਗੀ।

ਯੂ.ਜੀ.ਸੀ. ਦੀ 2018 ਦੀ ਨੋਟੀਫਿਕੇਸ਼ਨ ਵਿਚਲੀਆਂ ਦੋ ਮਹੱਤਵਪੂਰਨ ਮਦਾਂ 2023 ਵਾਲੀ ਨੋਟੀਫਿਕੇਸ਼ਨ ਵਿਚ ਸ਼ਾਮਿਲ ਨਹੀਂ। ਪਿਛਲੀ ਨੋਟੀਫਿਕੇਸ਼ਨ ਵਿਚ ਕਿਹਾ ਗਿਆ ਸੀ ਕਿ ਖ਼ੁਦਮੁਖ਼ਤਾਰ ਕਾਲਜ ਵਿਚ ਠੇਕਾ ਆਧਾਰਿਤ ਫੈਕਲਟੀ ਦੀ ਗਿਣਤੀ ਕਾਲਜ ਵਿਚ ਪ੍ਰਵਾਨਿਤ ਫੈਕਲਟੀ ਅਹੁਦਿਆਂ ਦੀ ਕੁੱਲ ਸੰਖਿਆ ਦੇ 10% ਤੋਂ ਵੱਧ ਨਹੀਂ ਹੋਣੀ ਚਾਹੀਦੀ (ਪੈਰਾ 9.7, ਯੂ.ਜੀ.ਸੀ.-2018)। ਇਹ ਮਦ ਹਟਾ ਦੇਣਾ ਕਾਲਜਾਂ ਨੂੰ ਖੁੱਲ੍ਹ ਦੇਣਾ ਹੈ ਕਿ ਉਹ ਚਾਹੇ ਸਾਰੇ ਹੀ ਅਧਿਆਪਕ ਠੇਕੇ ਉੱਤੇ ਨਿਯੁਕਤ ਕਰਨ। ਇਹ ਕਦਮ ਕਾਲਜਾਂ ਦੇ ਵਿੱਤੀ ਪ੍ਰਬੰਧ ਲਈ ਤਾਂ ਭਾਵੇਂ ਕੁਝ ਲਾਹੇਵੰਦ ਹੋਵੇ ਪਰ ਇਸ ਨਾਲ ਸੰਸਥਾਵਾਂ ਦੇ ਅਕਾਦਮਿਕ ਵਾਤਾਵਰਨ ਉੱਤੇ ਚੰਗੇ ਪ੍ਰਭਾਵ ਪੈਣ ਦੀ ਸੰਭਾਵਨਾ ਨਹੀਂ। ਇਹ ਕਦਮ ਨਾ ਸਿਰਫ਼ ਅਧਿਆਪਕਾਂ ਦੀ ਆਰਥਿਕ ਸਥਿਰਤਾ ਅਤੇ ਉਨ੍ਹਾਂ ਲਈ ਲੋੜੀਂਦੀ ਅਕਾਦਮਿਕ ਆਜ਼ਾਦੀ ਲਈ ਅਸੁਖਾਵਾਂ ਹੋਵੇਗਾ, ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਦੇ ਉਦੇਸ਼ ਦੀ ਵੱਡੀ ਹਾਨੀ ਦਾ ਸਬਬ ਵੀ ਬਣੇਗਾ। ਦੂਜੀ ਮਦ ਵਿਚ ਕਿਹਾ ਗਿਆ ਸੀ ਕਿ ਕਾਲਜ ਯੂ.ਜੀ.ਸੀ. ਦੇ ਜਾਰੀ ਤਿੰਨ ਦਿਸ਼ਾ-ਨਿਰਦੇਸ਼ਾਂ ਉੱਤੇ, ਬਿਨਾਂ ਕਿਸੇ ਕੋਤਾਹੀ ਦੇ, ਅਮਲ ਕਰਨ ਲਈ ਵਚਨਬੱਧ ਹੋਣਗੇ। ਇਹ ਅਹਿਮ ਦਿਸ਼ਾ-ਨਿਰਦੇਸ਼ (ੳ) ਉੱਚ ਸਿੱਖਿਆ ਸੰਸਥਾਵਾਂ ਵਿਚ ਰੈਗਿੰਗ ਦੇ ਖਤਰੇ ਨੂੰ ਰੋਕਣ ਦੇ ਨਿਯਮ-2012; (ਅ) ਉੱਚ ਸਿੱਖਿਆ ਸੰਸਥਾਵਾਂ ਵਿਚ ਬਰਾਬਰੀ ਵਧਾਉਣ ਦੇ ਨਿਯਮ-2012; ਤੇ (ੲ) ਸ਼ਿਕਾਇਤ ਨਿਵਾਰਨ ਨਿਯਮ-2012, ਨਾਲ ਸੰਬੰਧਿਤ ਹਨ (ਪੈਰਾ 6.4 (iii), ਯੂ.ਜੀ.ਸੀ.-2018)। ਨਵੀਂ ਨੋਟੀਫਿਕੇਸ਼ਨ ਵਿਚ ਇਸ ਮਦ ਦੀ ਗੈਰ-ਹਾਜ਼ਰੀ ਅਸਹਿਜ ਕਰਨ ਵਾਲੀ ਹੈ।

ਯੂਨੀਵਰਸਿਟੀਆਂ ਕਾਲਜਾਂ ਨੂੰ ਖ਼ੁਦਮੁਖ਼ਤਾਰੀ ਮਿਲਣ ਦੇ ਆਸਾਰ ਅਕਾਦਮਿਕ ਹਲਕਿਆਂ ਵਿਚ ਉਤਸ਼ਾਹ ਪੈਦਾ ਕਰਦੇ ਹਨ। ਸੰਸਥਾਵਾਂ ਪ੍ਰਤੀ ਉਮੀਦ ਬੱਝਦੀ ਹੈ ਕਿ ਉਹ ਅਧਿਐਨ-ਅਧਿਆਪਨ ਅਤੇ ਖੋਜ ਕਾਰਜਾਂ ਨਾਲ ਸੰਬੰਧਿਤ ਮਾਮਲਿਆਂ ਬਾਰੇ ਅੰਦਰੂਨੀ ਅਤੇ ਬਾਹਰੀ ਬੇਲੋੜੇ ਦਬਾਵਾਂ ਤੋਂ ਨਿਰਲੇਪ ਰਹਿ ਕੇ ਆਪਣੇ ਵਿਵੇਕ ਨਾਲ ਫੈਸਲੇ ਕਰਨਗੀਆਂ। ਵੱਖ-ਵੱਖ ਕਮਿਸ਼ਨ ਅਤੇ ਸਿੱਖਿਆ ਜਗਤ ਦੇ ਵਿਦਵਾਨ ਆਰੰਭ ਤੋਂ ਹੀ ਇਸ ਵਿਵਸਥਾ ਨੂੰ ਜ਼ਮੀਨੀ ਹਕੀਕਤ ਬਣਾਉਣ ਦੀ ਰਾਇ ਦਿੰਦੇ ਰਹੇ ਹਨ। ਸਿੱਖਿਆ ਨੀਤੀ ਅਤੇ ਯੂ.ਜੀ.ਸੀ. ਵੱਲੋਂ ਉਚੇਰੀ ਸਿੱਖਿਆ ਸੰਸਥਾਵਾਂ ਦੀ ਖ਼ੁਦਮੁਖ਼ਤਾਰੀ ਲਈ ਜਾਰੀ ਦਿਸ਼ਾ-ਨਿਰਦੇਸ਼ ਤੋਂ ਕੁਝ ਵੱਖਰੇ ਸੰਕੇਤ ਮਿਲਦੇ ਹਨ।

# ਸੁਹਿਰਦ ਖੇਤੀ ਨੀਤੀ ਦੀ ਲੋੜ

ਕਿਸਾਨਾਂ ਮਜ਼ਦੂਰਾਂ ਦੇ ਸੰਘਰਸ਼ ਦੇ ਦਬਾਅ ਹੇਠ ਆਖ਼ਿਰਕਾਰ ਪੰਜਾਬ ਸਰਕਾਰ ਨੇ ਖੇਤੀ ਨੀਤੀ ਦੀ ਰਿਪੋਰਟ ਜਨਤਕ ਕਰ ਦਿੱਤੀ। ਇਹ ਰਿਪੋਰਟ ਪੰਜਾਬ ਸਰਕਾਰ ਵੱਲੋਂ ਜਨਵਰੀ 2023 ਵਿਚ ਡਾ. ਸੁਖਪਾਲ ਸਿੰਘ ਦੀ ਅਗਵਾਈ ਹੇਠ ਬਣਾਈ 11 ਮੈਂਬਰੀ ਕਮੇਟੀ ਨੇ ਅਕਤੂਬਰ 2023 ਵਿਚ ਸਰਕਾਰ ਨੂੰ ਸੌਂਪ ਦਿੱਤੀ ਸੀ। ਪੰਜਾਬ ਸਰਕਾਰ ਦੀ ਇਸ ਨੀਤੀ ਨੂੰ ਜਨਤਕ ਕਰਨ ਵਿਚ ਦੇਰੀ ਨੇ ਸਰਕਾਰ

**ਡਾ. ਦਰਸ਼ਨ ਪਾਲ**
**ਫੋਨ: +91-94172-69294**

ਦੀ ਖੇਤੀ ਸੰਕਟ ਨਜਿਠਣ ਪ੍ਰਤੀ ਸੰਜੀਦਗੀ 'ਤੇ ਸ਼ੱਕ ਖੜ੍ਹਾ ਕਰ ਦਿੱਤਾ ਹੈ। ਨੀਤੀ ਵਿਚ ਪੰਜਾਬ ਦਾ ਖੇਤੀ ਸੰਕਟ ਢੁਕਵੇਂ ਤਰੀਕੇ ਨਾਲ ਉਭਾਰਿਆ ਗਿਆ ਹੈ ਪਰ ਕਮੇਟੀ ਦੇ ਗੰਭੀਰ ਹੰਭਲੇ ਦੇ ਬਾਵਜੂਦ ਖੇਤੀ ਦੇ ਨਾਲ-ਨਾਲ ਸਮੁੱਚੇ ਰਾਜ ਦੇ ਭਲੇ ਲਈ ਇਸ ਨੀਤੀ ਵਿਚ ਕੁਝ ਹੋਰ ਮੱਦਾਂ ਸ਼ਾਮਿਲ ਕਰ ਕੇ ਇਸ ਨੂੰ ਤੁਰੰਤ ਲਾਗੂ ਕਰਨ ਦੀ ਜ਼ਰੂਰਤ ਹੈ।

ਖੇਤੀਬਾੜੀ ਨੀਤੀ ਦੀਆਂ ਮੁੱਖ ਸਿਫ਼ਾਰਸ਼ਾਂ ਵਿਚ ਭਾਵੇਂ ਫ਼ਸਲਾਂ ਨੂੰ ਕੁਦਰਤੀ ਪੈਦਾਵਾਰੀ ਇਲਾਕਿਆਂ ਵਿਚ ਉਤਸ਼ਾਹਿਤ ਕਰਨਾ, ਵੰਨ-ਸਵੰਨਤਾ ਵਾਲੀਆਂ ਫ਼ਸਲਾਂ ਦੇ 18 ਸੈਂਟਰ ਆਫ ਐਕਸੇਲੈਂਸ ਉਨ੍ਹਾਂ ਦੇ ਕੁਦਰਤੀ ਪੈਦਾਵਾਰੀ ਇਲਾਕਿਆਂ ਵਿਚ ਕਾਇਮ ਕਰਨਾ, ਖੇਤੀ ਮੰਡੀਕਰਨ ਖੋਜ ਤੇ ਚੌਕਸੀ ਸੰਸਥਾ, ਖੋਜੀ ਖੇਤੀ ਮੰਡੀਕਰਨ ਸੁਸਾਇਟੀ ਬਣਾਉਣਾ ਅਤੇ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਮਜ਼ਬੂਤ ਕਰ ਕੇ ਸਮੇਂ ਦੇ ਹਾਣ ਦਾ ਬਣਾਉਂਣਾ ਚੰਗਾ ਉੱਦਮ ਹੈ ਪਰ ਅਗਾਂਹਵਧੂ ਕਿਸਾਨ ਸੁਸਾਇਟੀਆਂ ਦੀ ਬਣਤਰ ਕਿਹੋ-ਜਿਹੀ ਹੋਵੇਗੀ, ਇਸ ਬਾਰੇ ਹੋਰ ਸਪੱਸ਼ਟਤਾ ਦੀ ਜ਼ਰੂਰਤ ਹੈ। ਬੀਜ ਪਿੰਡਾਂ ਦੇ ਸਮੂਹਾਂ ਵਿਕਸਤ ਕਰ ਕੇ ਪੰਜਾਬ ਨੂੰ ਬੀਜ ਹੱਬ ਵਜੋਂ ਵਿਕਸਤ ਕਰਨ ਅਤੇ ਕਣਕ ਦੀਆਂ ਵੱਧ ਪੌਸ਼ਟਿਕ ਅਤੇ ਵਿਸ਼ੇਸ਼ ਗੁਣਵੱਤਾ ਵਾਲੀਆਂ ਕਿਸਮਾਂ ਜਿਵੇਂ ਪੀ.ਬੀ.ਡਬਲਿਊ.-1 ਚਪਾਤੀ, ਪੀ.ਬੀ.ਡਬਲਿਊ. ਆਰ.ਐੱਸ.-1 ਅਤੇ ਡਬਲਿਊ.ਐੱਚ.ਡੀ.-943 ਨੂੰ ਵਿਸ਼ੇਸ਼ ਖਪਤ ਵਾਲੀਆਂ ਮੰਡੀਆਂ ਲਈ ਪੈਦਾ ਤੇ ਪ੍ਰੋਸੈੱਸ ਕਰਨ ਦੀ ਤਜਵੀਜ਼ ਭਾਵੇਂ ਚੰਗੀ ਹੈ ਪਰ ਇਸ ਵਿਚ ਕਿਸਾਨੀ ਨੂੰ ਫਾਇਦਾ ਕਿਵੇਂ ਹੋਵੇਗਾ, ਉਸ ਬਾਰੇ ਸਿਸਟਮ ਬਣਾਉਣ ਦੀ ਲੋੜ ਹੈ। ਇਸੇ ਤਰ੍ਹਾਂ ਕਪਾਹ, ਮੱਕੀ, ਬਾਸਮਤੀ, ਦਾਲਾਂ ਅਤੇ ਗੰਨੇ ਦੀ ਕਾਸ਼ਤ ਨੂੰ ਹੁਲਾਰਾ ਦੇਣ ਲਈ ਦਿੱਤੀਆਂ ਸਿਫ਼ਾਰਿਸ਼ਾਂ ਵੀ ਵਾਜਿਬ ਹਨ। ਖਰੜੇ ਵਿਚ ਭਾਵੇਂ ਫਲਾਂ ਸਬਜ਼ੀਆਂ ਦੇ ਉਤਪਾਦਨ, ਪ੍ਰੋਸੈਸਿੰਗ, ਗਰੇਡਿੰਗ ਅਤੇ ਮੁੱਲ ਵਾਧੇ ਲਈ ਚੰਗੀਆਂ ਸਿਫ਼ਾਰਸ਼ਾਂ ਹਨ ਪਰ ਜਲਦੀ ਖਰਾਬ ਹੋਣ ਵਾਲੀਆਂ ਫ਼ਸਲਾਂ ਤੋਂ ਕਿਸਾਨਾਂ ਨੂੰ ਲਾਭ ਤਾਂ ਹੀ ਹੋ ਸਕਦਾ ਹੈ ਜੇ ਸਰਕਾਰ ਢੁੱਕਵਾਂ ਸਟੋਰੇਜ ਅਤੇ ਕੁਸ਼ਲ ਮੰਡੀ ਢਾਂਚਾ ਵਿਕਸਤ ਕਰੇ।

ਛੋਟੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ 60 ਸਾਲ ਦੀ ਉਮਰ ਹੋਣ 'ਤੇ ਪੈਨਸ਼ਨ ਦੀ ਸਿਫ਼ਾਰਿਸ਼ ਚੰਗੀ ਹੈ ਪਰ ਇਹ ਪੈਨਸ਼ਨ ਦੀ ਰਾਸ਼ੀ ਚੰਗੀ ਹੋਵੇ ਅਤੇ ਸਰਕਾਰੀ ਮੁਲਾਜ਼ਮਾਂ ਵਾਂਗੂ 58 ਸਾਲ ਦੀ ਉਮਰ 'ਤੇ ਹੀ ਦਿੱਤੀ ਜਾਵੇ। ਕਿਸਾਨ/ਮਜ਼ਦੂਰਾਂ ਦੇ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ, ਮੁਫ਼ਤ ਸਿਹਤ ਸੰਭਾਲ, ਪੰਚਾਇਤੀ ਜ਼ਮੀਨ ਅਤੇ ਹੋਰ ਸਾਂਝੀਆਂ ਜ਼ਮੀਨਾਂ ਦਾ ਇੱਕ-ਤਿਹਾਈ ਹਿੱਸਾ ਖੇਤ ਮਜ਼ਦੂਰਾਂ ਨੂੰ ਠੇਕੇ 'ਤੇ ਦੇਣ ਅਤੇ ਖੇਤ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ, ਮਗਨਰੇਗਾ ਸਕੀਮ ਤਹਿਤ 100 ਦਿਨ ਦਾ ਲਾਜ਼ਮੀ ਕੰਮ ਵਧਾ ਕੇ 200 ਦਿਨ ਕਰਨ ਦੇ ਚੰਗੇ ਸੁਝਾਅ ਵੀ ਇਸ ਨੀਤੀ ਵਿਚ ਸ਼ਾਮਿਲ ਹਨ। ਇਸ ਦੇ ਨਾਲ ਹੀ ਉਧਾਰ ਸਿਸਟਮ ਲਈ ਸਿੰਗਲ ਵਿੰਡੋ ਸਿਸਟਮ, ਛੋਟੇ ਕਿਸਾਨਾਂ ਲਈ ਵਿਸ਼ੇਸ਼ ਕਰਜ਼ਾ ਮੁਆਫੀ ਸਕੀਮ ਅਤੇ ਸ਼ਾਹੂਕਾਰਾਂ ਦੀ ਰਜਿਸਟ੍ਰੇਸ਼ਨ ਕਰਨ ਦੀ ਸਿਫ਼ਾਰਸ਼ ਵੀ ਹੈ ਪਰ ਖੇਤੀ ਸੰਕਟ ਨੂੰ ਨਜਿੱਠਣ ਲਈ ਕਿਸਾਨਾਂ ਦੇ ਤਮਾਮ ਕਰਜ਼ੇ 'ਤੇ ਲੀਕ ਮਾਰੀ ਜਾਣੀ ਚਾਹੀਦੀ ਹੈ ਅਤੇ ਪੰਜਾਬ ਸਰਕਾਰ ਦੀਆਂ ਸਰਕਾਰੀ ਵਿੱਤੀ ਸੰਸਥਾਵਾਂ ਕਿਸਾਨਾਂ ਦੀਆਂ ਖੇਤੀ ਕਰਜ਼ੇ ਦੀਆਂ ਲਿਮਟਾਂ ਦੀ ਹੱਦ ਵਧਾਉਣ ਅਤੇ ਵਿਆਜ ਦੀ ਦਰ ਵੀ 4% ਸਾਧਾਰਨ ਵਿਆਜ ਲਗਾਈ ਜਾਵੇ; ਮੂਲਧਨ ਤੋਂ ਵੱਧ ਵਿਆਜ ਅਤੇ ਵਿਆਜ-ਦਰ-ਵਿਆਜ ਲਾਉਣ ਤੇ ਵਸੂਲਣ ਵਾਲੇ ਖ਼ਿਲਾਫ਼ ਕਾਨੂੰਨੀ ਕਾਰਵਾਈ ਹੋਵੇ।

ਫ਼ਸਲਾਂ ਦੀ ਖਰੀਦ ਦੀ ਘੱਟੋ-ਘੱਟ ਸਮਰਥਨ ਮੁੱਲ 'ਤੇ (ਸੀ2+50% 'ਤੇ) ਕਾਨੂੰਨੀ ਗਾਰੰਟੀ ਖੇਤੀ ਨੂੰ ਲਾਹੇਵੰਦ ਬਣਾਉਣ ਲਈ ਸਿਫ਼ਾਰਿਸ਼ਾਂ ਬਹੁਤ ਚੰਗੀਆਂ ਹਨ। ਖੇਤੀ ਨੀਤੀ ਅੰਦਰ ਸਹਿਕਾਰੀ ਖੇਤਰ 'ਤੇ ਜ਼ੋਰ ਦਿੰਦਿਆਂ ਪੰਜਾਬ ਐਗਰੋ, ਮਾਰਕਫੈੱਡ, ਮਿਲਕਫੈੱਡ ਤੇ ਸ਼ੂਗਰਫੈਡ ਨੂੰ ਫ਼ਸਲਾਂ ਦੇ ਮੁੱਲ ਵਾਧੇ, ਪ੍ਰੋਸੈਸਿੰਗ ਤੇ ਮੰਡੀਕਰਨ ਵਿਚ ਕਿਸਾਨਾਂ ਦੀ ਸਹਾਇਤਾ ਕਰਨ, ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਅਤੇ ਹੋਰ ਸਹਿਕਾਰੀ ਬੈਂਕਾਂ ਰਾਹੀਂ ਯਕਮੁਸ਼ਤ ਨਿਬੇੜਾ ਸਕੀਮ ਵਰਗੀਆਂ ਚੰਗੀਆਂ ਸਿਫ਼ਾਰਿਸ਼ਾਂ ਸ਼ਾਮਿਲ ਹਨ। ਇਸੇ ਤਰ੍ਹਾਂ ਪੰਜਾਬ ਵਿਚ ਪਾਣੀ ਦੇ ਸੰਕਟ ਵਰਗੇ ਹਾਲਾਤ ਦੇ ਮੱਦੇਨਜ਼ਰ ਪਾਣੀ ਦੀ ਬੱਚਤ ਕਰਨ ਵਾਲੀਆਂ ਤਕਨੀਕਾਂ ਜਿਵੇਂ ਸੁੱਕਾ ਕੱਦੂ ਕਰਨਾ, ਤੁਪਕਾ ਸਿੰਜਾਈ ਪ੍ਰਣਾਲੀ ਵਗੈਰਾ ਰਾਹੀਂ ਪਾਣੀ ਦੀ ਘੱਟ ਵਰਤੋਂ ਕਰਨਾ ਅਤੇ ਸੋਲਰ ਪੰਪਾਂ ਰਾਹੀਂ ਬਿਜਲੀ ਪੈਦਾ ਕਰਨ ਦੀਆਂ ਸਿਫ਼ਾਰਿਸ਼ਾਂ ਵੀ ਚੰਗੀਆਂ ਹਨ ਪਰ ਝੋਨੇ ਦੀ ਕਾਸ਼ਤ ਤਾਂ ਹੀ ਘਟਾਈ ਜਾ ਸਕਦੀ ਹੈ ਜੇ ਨਵੀਆਂ ਫ਼ਸਲਾਂ ਤੋਂ ਝੋਨੇ ਨਾਲੋਂ ਵੱਧ ਮੁਨਾਫ਼ਾ ਯਕੀਨੀ ਬਣਾਇਆ ਜਾਵੇ। ਇਸ ਦੇ ਨਾਲ ਹੀ ਨਹਿਰੀ ਪਾਣੀ ਅਤੇ ਮੀਂਹਾਂ ਦੇ ਪਾਣੀ ਨੂੰ ਰੀਚਾਰਜ ਕਰਨ ਦਾ ਬਣਦਾ ਪ੍ਰਬੰਧ ਕੀਤਾ ਜਾਵੇ।

ਜ਼ਮੀਨ ਦੇ ਸਬੰਧ ਵਿਚ ਜ਼ਮੀਨੀ ਕਾਸ਼ਤਕਾਰੀ ਕਾਨੂੰਨ ਮੁੜਵਿਚਾਰਨ, ਵਿਕਰੀ-ਖਰੀਦ ਤੇ ਤਬਾਦਲੇ ਦੇ ਸਮਝੌਤਿਆਂ ਨੂੰ ਸਰਲ ਭਾਸ਼ਾ ਵਿਚ ਰਿਕਾਰਡ ਕਰਨ ਅਤੇ ਤਹਿਸੀਲ ਕੰਪਲੈਕਸ ਵਿਚ ਵਸੀਕਾ ਨਵੀਸ ਤੇ ਵਿਚੋਲਿਆਂ ਵਾਲੇ ਕੰਮ ਸਰਕਾਰੀ ਕਰਮਚਾਰੀਆਂ ਵੱਲੋਂ ਕਰਨ ਵਰਗੀਆਂ ਸਾਰੀਆਂ ਸੇਵਾਵਾਂ ਦੀਆਂ ਸਮਾਂ ਸੀਮਾਵਾਂ ਅਤੇ ਰੇਟ ਦਫ਼ਤਰ ਦੇ ਬਾਹਰ ਲਾਉਣ ਤੇ ਗਾਹਕ ਨੂੰ ਬਣਦੀ ਰਸੀਦ ਜਾਰੀ ਕਰਨ ਅਤੇ ਜ਼ਮੀਨ ਮਾਲਕਾਂ ਨੂੰ ਆਧਾਰ ਕਾਰਡ ਨਾਲ ਲਿੰਕ ਕਰਨ ਅਤੇ ਜ਼ਮੀਨ ਦੀ ਮਾਲਕੀ ਪਾਸਬੁੱਕ ਜਾਰੀ ਕਰਨ ਵਰਗੇ ਚੰਗੇ ਸੁਝਾਅ ਹਨ ਜੋ ਕਿਸਾਨਾਂ ਦੀ ਲੁੱਟ ਘਟਾਉਣ ਵਿਚ ਸਹਾਈ ਹੋ ਸਕਦੇ ਹਨ ਪਰ ਇਸ ਦੇ ਨਾਲ-ਨਾਲ ਕੁਝ ਢਾਂਚਾਗਤ ਮੁੱਦੇ ਅਣਛੋਹੇ ਰਹਿ ਗਏ ਹਨ।

ਪੰਜਾਬ ਵਿਚ ਪਸ਼ੂ ਧਨ ਦੇ ਖੇਤਰ ਨੂੰ ਵਿਸ਼ੇਸ਼ ਖੇਤਰ ਵਜੋਂ ਐਲਾਨਣਾ, ਮਸ਼ੀਨਰੀ ਹੱਬ ਬਣਾਉਣਾ ਅਤੇ ਔਰਤਾਂ ਲਈ ਸਹੂਲਤਾਂ ਵਰਗੇ ਚੰਗੇ ਸੁਝਾਅ ਵੀ ਨੀਤੀ ਵਿਚ ਸ਼ਾਮਿਲ ਹਨ ਪਰ ਸਹਾਇਕ ਧੰਦਿਆਂ ਵਿਚੋਂ ਆਮਦਨ ਵਧਾਉਣ ਲਈ ਦੁੱਧ ਉਤਪਾਦਕਾਂ ਲਈ ਦੁੱਧ ਦਾ ਘੱਟੋ-ਘੱਟ ਸਮਰੱਥਨ ਮੁੱਲ ਪ੍ਰਤੀ 10 ਰੁਪਏ ਪ੍ਰਤੀ ਕਿਲੋ ਫੈਟ ਮਿਲਣ ਦੀ ਗਾਰੰਟੀ ਕੀਤੀ ਜਾਵੇ। ਇਸੇ ਤਰ੍ਹਾਂ ਕੁਦਰਤੀ ਆਫ਼ਤਾਂ, ਬਿਮਾਰੀਆਂ ਅਤੇ ਮਾੜੀਆਂ ਖੇਤੀ ਲਾਗਤਾਂ ਕਰ ਕੇ ਬਰਬਾਦ ਹੋਈਆਂ ਫ਼ਸਲਾਂ ਦਾ ਮੁਆਵਜ਼ਾ ਔਸਤ ਝਾੜ ਦੇ ਪੂਰੇ ਮੁੱਲ ਬਰਾਬਰ ਇੱਕ ਏਕੜ ਨੂੰ ਇਕਾਈ ਮੰਨ ਕੇ ਦਿੱਤਾ ਜਾਵੇ। ਜਿੰਨਾ ਚਿਰ ਝੋਨੇ ਦੀ ਪਰਾਲੀ ਤੇ ਕਣਕ ਦਾ ਨਾੜ ਬਿਨਾਂ ਸਾੜੇ ਤੋਂ ਸਾਂਭਣ ਲਈ ਝੋਨੇ 'ਤੇ 4000 ਹਜ਼ਾਰ ਅਤੇ ਕਣਕ 'ਤੇ 3000 ਰੁਪਏ ਪ੍ਰਤੀ ਏਕੜ ਮੁਆਵਜ਼ਾ ਨਹੀਂ ਦਿੱਤਾ ਜਾਂਦਾ, ਓਨਾ ਚਿਰ ਪਰਾਲੀ ਜਾਂ ਨਾੜ ਸਾੜਨ ਵਿਰੁੱਧ ਪਾਬੰਦੀ, ਜੁਰਮਾਨੇ ਤੇ ਪੁਲੀਸ ਕੇਸਾਂ ਦਾ ਸਿਲਸਿਲਾ ਬੰਦ ਕੀਤਾ ਜਾਵੇ।

ਆਪਣਾ ਅੱਧਾ ਕਾਰਜਕਾਲ ਦਮਗਜੇ ਮਾਰਨ 'ਚ ਗੁਆ ਚੁੱਕੀ ਭਗਵੰਤ ਮਾਨ ਸਰਕਾਰ ਨੂੰ ਖੇਤੀ ਸੰਕਟ ਅਤੇ ਮਜ਼ਦੂਰਾਂ ਕਿਸਾਨਾਂ ਦੀ ਆਰਥਿਕ ਦਸ਼ਾ ਸੁਧਾਰਨ ਲਈ ਗੰਭੀਰ ਹੋਣ ਦੀ ਲੋੜ ਹੈ। ਇਸ ਕਾਰਜ ਲਈ ਲੋਕਾਂ ਦੇ ਸੁਝਾਵਾਂ ਨੂੰ ਖਰੜੇ ਵਿਚ ਸ਼ਾਮਿਲ ਕਰਕੇ ਇਸ ਨੀਤੀ ਨੂੰ ਫੌਰੀ ਲਾਗੂ ਕਰਨ ਵੱਲ ਵਧਿਆ ਜਾਵੇ। ਜੇਕਰ ਇਸ ਸੁਧਰੀ ਹੋਈ ਕਿਸਾਨ ਪੱਖੀ ਖੇਤੀ ਨੀਤੀ ਨੂੰ ਲਾਗੂ ਕਰਨ ਤੋਂ ਸਰਕਾਰ ਪਿਛਾਂਹ ਕਦਮ ਖਿਚਦੀ ਹੋਈ ਨਜ਼ਰ ਆਈ ਤਾਂ ਸਰਕਾਰ ਕਿਸਾਨਾਂ-ਮਜ਼ਦੂਰਾਂ ਦੇ ਰੋਹ ਲਈ ਤਿਆਰ ਰਹੇ ਕਿਉਂਕਿ ਸੰਕਟ ਵਿਚੋਂ ਗੁਜ਼ਰ ਰਹੀ ਕਿਸਾਨੀ ਪਿਛਲੇ ਲੰਬੇ ਸਮੇਂ ਤੋਂ ਪ੍ਰਪੱਕ ਖੇਤੀ ਨੀਤੀ ਦੀ ਉਡੀਕਵਾਨ ਹੈ।



# ਸ਼ਬਾਨਾ ਦਾ ਸਨਮਾਨ

**ਕੁਦਰਤ ਕੌਰ**

‘ਮਾਮੀ ਮੁੰਬਈ ਫਿਲਮ ਫੈਸਟੀਵਲ-2024’ ਦੀ ਸ਼ੁਰੂਆਤ ਫਿਲਮ ਨਿਰਮਾਤਾ ਪਾਇਲ ਕਪਾੜੀਆ ਦੀ ਫਿਲਮ ‘ਆਲ ਵਿ ਇਮੈਜਿਨ ਐਜ਼ ਲਾਈਟ’ ਦੀ ਸਕਰੀਨਿੰਗ ਨਾਲ ਹੋਈ ਅਤੇ ਇਸ ਵਿਚ ਮਸ਼ਹੂਰ ਅਦਾਕਾਰਾ ਸ਼ਬਾਨਾ ਆਜ਼ਮੀ ਨੂੰ ‘ਸਿਨੇਮਾ ਵਿਚ ਉੱਤਮਤਾ ਪੁਰਸਕਾਰ’ ਨਾਲ ਸਨਮਾਨਿਤ ਕੀਤਾ ਗਿਆ। ਮਈ ਵਿਚ ਕਾਨ ਫਿਲਮ ਫੈਸਟੀਵਲ ’ਚ ਗ੍ਰਾਂ ਪ੍ਰੀ ਪੁਰਸਕਾਰ ਜਿੱਤਣ ਵਾਲੀ ਪਹਿਲੀ ਫਿਲਮ ‘ਆਲ ਵਿ ਇਮੈਜਿਨ ਐਜ਼ ਲਾਈਟ’ ਮੁੰਬਈ ਦੀ ਨਰਸ ਪ੍ਰਭਾ ‘ਕਾਨੀ ਕੁਸਰੂਤੀ ਬਾਰੇ ਮਲਿਆਲਮ/ਹਿੰਦੀ ਫਿਲਮ ਹੈ ਜਿਸ ਨੂੰ ਲੰਬੇ ਸਮੇਂ ਤੋਂ ਵੱਖ ਰਹਿ ਰਹੇ ਆਪਣੇ ਪਤੀ ਤੋਂ ਅਜਿਹਾ ਤੋਹਫਾ ਮਿਲਦਾ ਹੈ ਜਿਸ ਨਾਲ ਉਸ ਦੀ ਜ਼ਿੰਦਗੀ ਵਿਚ ਕਾਫੀ ਭੂਚਾਲ ਆ ਜਾਂਦਾ ਹੈ। ਇਸ ਵਿਚ ਉਸ ਦੇ ਨਾਲ ਰਹਿ ਰਹੀ ਨਰਸ ਅਨੂੰ ਦਾ ਕਿਰਦਾਰ ਨਿਭਾਉਣ ਵਾਲੀ ਦਿਵਿਆ ਪ੍ਰਭਾ ਦੀ ਕਹਾਣੀ ਵੀ ਜੁੜੀ ਹੈ ਜੋ ਹੋਰ ਵੀ ਦਿਲਚਸਪ ਹੈ।

# ਸਲਮਾਨ ਖਾਨ ਦਾ ਮਾੜਾ ਦੌਰ?

**ਗੁਰਜੰਟ ਸਿੰਘ**

ਆਪਣੇ ਕਰੀਬੀ ਦੋਸਤ ਤੇ ਐਨ.ਸੀ.ਪੀ. ਆਗੂ ਬਾਬਾ ਸਿੱਦੀਕੀ ਦੀ ਹੱਤਿਆ ਮਗਰੋਂ ਅਦਾਕਾਰ ਸਲਮਾਨ ਖਾਨ ਨੇ ਕਿਹਾ ਕਿ ਉਸ ਨੂੰ ‘ਬਿੱਗ ਬੌਸ 18’ ਦੇ ਪ੍ਰਤੀਯੋਗੀਆਂ ਵਿਚਾਲੇ ਹੋ ਰਹੇ ਝਗੜਿਆਂ ਨੂੰ ਅਜਿਹੇ ਸਮੇਂ ਵਿਚ ਨਜਿੱਠਣਾ ਪੈ ਰਿਹਾ ਹੈ ਜਦੋਂ ਉਹ ਖ਼ੁਦ ਜ਼ਿੰਦਗੀ ਦੇ ਮਾੜੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਜ਼ਿਕਰਯੋਗ ਹੈ ਕਿ ਮਹਾਰਾਸ਼ਟਰ ਦੇ ਸਾਬਕਾ ਮੰਤਰੀ ਸਿੱਦੀਕੀ ਜੋ ਆਪਣੀਆਂ ਇਫ਼ਤਾਰ ਪਾਰਟੀਆਂ ਅਤੇ ਬੌਲੀਵੁੱਡ ਹਸਤੀਆਂ ਨਾਲ ਖਾਸ ਸਬੰਧਾਂ ਲਈ ਜਾਣੇ ਜਾਂਦੇ ਸਨ, ਨੂੰ 12 ਅਕਤੂਬਰ ਨੂੰ ਉਸ ਦੇ ਵਿਧਾਇਕ ਪੁੱਤਰ ਜ਼ੀਸ਼ਾਨ ਸਿੱਦੀਕੀ ਦੇ ਮੁੰਬਈ ਦਫ਼ਤਰ ਦੇ ਬਾਹਰ ਗੋਲੀਆਂ ਮਾਰ ਦਿੱਤੀਆਂ ਗਈਆਂ ਸਨ। ਪੁਲਿਸ ਨੂੰ ਖ਼ਦਸ਼ਾ ਹੈ ਕਿ ਸਿੱਦੀਕੀ ਨੂੰ ਗੈਂਗਸਟਰ ਲਾਰੈਂਸ ਬਿਸ਼ਨੋਈ ਨੇ ਖ਼ਾਨ ਨਾਲ ਨੇੜਤਾ ਕਾਰਨ ਨਿਸ਼ਾਨਾ ਬਣਾਇਆ ਹੈ। ਉਧਰ ‘ਬਿੱਗ ਬੌਸ 18’ ਦੇ ਸ਼ੋਅ ਵਿਚ ਮੇਜ਼ਬਾਨ ਵਜੋਂ ਭੂਮਿਕਾ ਨਿਭਾਉਣ ਵਾਲੇ ਸਲਮਾਨ ਖਾਨ ਨੇ ਕਿਹਾ ਕਿ ਉਹ ਇਸ ਸੀਰੀਜ਼ ਨੂੰ ਛੱਡਣਾ ਚਾਹੁੰਦਾ ਸੀ। ਉਸ ਨੇ ਕਿਹਾ, “ਯਾਰ, ਕਸਮ ਖ਼ੁਦਾ ਦੀ, ਮੈਂ ਕਿਸ ਦੌਰ ’ਚੋਂ ਲੰਘ ਰਿਹਾ ਹਾਂ ਪਰ ਮੈਨੂੰ ਇੱਥੇ ਆਉਣਾ ਪੈਣਾ ਹੀ ਹੈ ਅਤੇ ਪ੍ਰਤੀਯੋਗੀਆਂ ਦੇ ਝਗੜਿਆਂ ਨਾਲ ਨਜਿੱਠਣਾ ਪੈਣਾ ਹੈ। ਮੈਂ ਅੱਜ ਇੱਥੇ ਆਉਣਾ ਨਹੀਂ ਸੀ ਚਾਹੁੰਦਾ ਪਰ ਕੁਝ ਕੰਮ ਤੁਹਾਨੂੰ ਕਰਨੇ ਹੀ ਪੈਂਦੇ ਹਨ।”

ਇਸੇ ਦੌਰਾਨ ਗਾਇਕ ਅਤੇ ਸੰਗੀਤਕਾਰ ਅਨੂਪ ਜਲੋਟਾ ਨੇ ਕਿਹਾ ਹੈ ਕਿ ਬੌਲੀਵੁੱਡ ਸੁਪਰਸਟਾਰ ਸਲਮਾਨ ਖਾਨ ਨੂੰ ਬਿਸ਼ਨੋਈ ਭਾਈਚਾਰੇ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ ਕਿਉਂਕਿ ਉਹ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਦੋਸਤਾਂ ਜਾਂ ਪਰਿਵਾਰ ਦਾ ਕੋਈ ਨੁਕਸਾਨ ਹੋਵੇ। ਜ਼ਿਕਰਯੋਗ ਹੈ ਕਿ ਸਲਮਾਨ ’ਤੇ ਦੋਸ਼ ਹੈ ਕਿ ਉਸ ਨੇ ਕਾਲੇ ਹਿਰਨ ਦਾ ਸ਼ਿਕਾਰ ਕੀਤਾ ਹੈ ਜਿਸ ਨੂੰ ਬਿਸ਼ਨੋਈ ਭਾਈਚਾਰੇ ਵੱਲੋਂ ਪਵਿੱਤਰ ਮੰਨਿਆ ਜਾਂਦਾ ਹੈ। ਇਹ ਘਟਨਾ 1998 ਵਿਚ ਰਾਜਸਥਾਨ ਦੇ ਜੋਧਪੁਰ ਵਿਚ ਫਿਲਮ ‘ਹਮ ਸਾਥ ਸਾਥ ਹੈਂ’ ਦੀ ਸ਼ੂਟਿੰਗ ਦੌਰਾਨ ਵਾਪਰੀ ਸੀ। ਇਸ ਕਾਰਨ



ਸਲਮਾਨ ਨੂੰ ਕਈ ਵਾਰ ਜੇਲ੍ਹ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਤੋਂ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਚੁੱਕੀਆਂ ਹਨ।

ਬਾਬਾ ਸਿੱਦੀਕੀ ਦੇ ਕਤਲ ਅਤੇ ਸੁਪਰ ਸਟਾਰ ਨੂੰ ਮਿਲ ਰਹੀਆਂ ਧਮਕੀਆਂ ਬਾਰੇ ਗੱਲ ਕਰਦਿਆਂ ਅਨੂਪ ਜਲੋਟਾ ਨੇ ਕਿਹਾ ਕਿ ਸਲਮਾਨ ਖਾਨ ਨੂੰ ਸਭ ਤੋਂ ਪਹਿਲਾਂ ਪਹਿਲੀ ਉਡਾਣ ਲੈ ਕੇ ਬਿਸ਼ਨੋਈ ਮੰਦਰ ਜਾਣਾ ਚਾਹੀਦਾ ਹੈ ਅਤੇ ਸਮਾਜ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਭਾਵੇਂ ਉਸ ਨੇ ਅਜਿਹਾ ਕੀਤਾ ਹੈ ਜਾਂ ਨਹੀਂ। ਉਸ ਨੇ ਕਿਹਾ ਕਿ ਉਹ ਨਹੀਂ ਚਾਹੁੰਦਾ ਕਿ ਉਸ ਦੇ ਦੋਸਤਾਂ ਜਾਂ ਉਸ ਦੇ ਪਰਿਵਾਰ ਦਾ ਕੋਈ ਨੁਕਸਾਨ ਹੋਵੇ। ਇਸ ਲਈ ਮੁਆਫ਼ੀ ਮੰਗਣਾ ਸਹੀ ਹੈ। ਜਲੋਟਾ ਨੇ ਅੱਗੇ ਕਿਹਾ ਕਿ ਮੁਆਫ਼ੀ ਮੰਗਣ ਨਾਲ ਇਨਸਾਨ ਵੱਡਾ ਹੁੰਦਾ ਹੈ।

# ਫਿਲਮ ‘ਆਈ ਵਾਂਟ ਟੂ ਟਾਕ’ ਵਾਲਿਆਂ ਦੀਆਂ ਗੱਲਾਂ

‘ਆਈ ਵਾਂਟ ਟੂ ਟਾਕ’ ਦੀ ਪਹਿਲੀ ਝਲਕ ਸਾਂਝੀ ਕੀਤੀ ਗਈ ਹੈ। ਇਸ ਫਿਲਮ ਦਾ ਡਾਇਰੈਕਟਰ ਸੁਜੀਤ ਸਰਕਾਰ ਹੈ। ‘ਗੁਰੂ’ ਦੇ ਅਦਾਕਾਰ ਅਭਿਸ਼ੇਕ ਬੱਚਨ ਨੇ ਫਿਲਮ ਦਾ ਪੋਸਟਰ ਆਪਣੇ ਇੰਸਟਾਗ੍ਰਾਮ ਅਕਾਊਂਟ ’ਤੇ ਸਾਂਝਾ ਕੀਤਾ ਹੈ। ਪੋਸਟਰ ਵਿਚ ਉਸ ਦੇ ਚਿਹਰੇ ’ਤੇ ਉਦਾਸੀ ਝਲਕ ਰਹੀ ਹੈ। ਅਭਿਸ਼ੇਕ ਦੇ ਪੇਟ ’ਤੇ ਕੁਝ ਰਹੱਸਮਈ ਨਿਸ਼ਾਨ ਅਤੇ ਜ਼ਖ਼ਮੀ ਹੱਥ ਨੇ ਜਗਿਆਸਾ ਵਧਾ ਦਿੱਤੀ ਹੈ। ਅਦਾਕਾਰ ਨੇ ਇਸ ਤਸਵੀਰ ਦੇ ਹੇਠਾਂ ਕੈਪਸ਼ਨ ਵਿਚ ਲਿਖਿਆ ਹੈ: “ਬੋਲਣ ਲਈ ਤਾਂ ਬਹੁਤ ਕੁਝ ਹੈ ਪਰ ਇੱਕ ਤਸਵੀਰ ਹਜ਼ਾਰ ਸ਼ਬਦ ਕਹਿ ਦਿੰਦੀ ਹੈ।” ਇਸ ਫਿਲਮ ਵਿਚ ਜੌਨੀ ਲੀਵਰ, ਅਹਿਲਿਆ ਬਾਮਰੂ ਅਤੇ ਜੈਅੰਤ ਕ੍ਰਿਪਲਾਨੀ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ। ‘ਆਈ ਵਾਂਟ ਨੂੰ ਟਾਕ’ 22 ਨਵੰਬਰ ਨੂੰ ਰਿਲੀਜ਼ ਹੋਵੇਗੀ। ਅਭਿਸ਼ੇਕ ਬੱਚਨ ਇਸ ਫਿਲਮ ਦੀ ਉਡੀਕ ਚਿਰਾਂ ਤੋਂ ਕਰ ਰਿਹਾ ਸੀ। ਉਸ ਦਾ ਮੰਨਣਾ ਹੈ ਕਿ ਇਹ ਫਿਲਮ ਉਸ ਦੇ ਕਰੀਅਰ ਵਿਚ ਅਹਿਮ ਰੋਲ ਨਿਭਾਏਗੀ। ਇਸ ਫਿਲਮ ਲਈ ਉਸ ਨੇ ਮਿਹਨਤ ਵੀ ਬਹੁਤ ਕੀਤੀ ਹੈ। ਪਿਛਲੇ ਕੁਝ ਸਮੇਂ ਤੋਂ ਉਸ ਦਾ ਫਿਲਮੀ ਕਰੀਅਰ ਡਾਵਾਂਡੋਲ ਹੋਇਆ ਪਿਆ ਹੈ ਅਤੇ ਹੁਣ ਉਹ ਇਕ ਹੋਰ ਹੰਭਲਾ ਮਾਰ ਰਿਹਾ ਹੈ ਤਾਂ ਕਿ ਫਿਲਮੀ ਕਰੀਅਰ ਨੂੰ ਲੀਹ ’ਤੇ ਪਾ ਸਕੇ। ਇਸ ਦੌਰਾਨ ਉਸ ਦੇ ਪਰਿਵਾਰਕ ਜੀਵਨ ਵਿਚ ਵੀ ਵਾਹਵਾ ਉਥਲ-ਪੁਥਲ ਸੁਣਨ ਨੂੰ ਮਿਲ ਰਹੀ ਹੈ। *-ਆਮਨਾ ਕੌਰ*








ਫਿਲਮ ‘ਆਈ ਵਾਂਟ ਟੂ ਟਾਕ’ ਦਾ ਪੋਸਟਰ, (ਵਿਚਕਾਰ) ਅਦਾਕਾਰ ਅਭਿਸ਼ੇਕ ਬੱਚਨ ਅਤੇ (ਸੱਜੇ) ਫਿਲਮ ਦਾ ਨਿਰਦੇਸ਼ਕ ਸੁਜੀਤ ਸਰਕਾਰ।




# ਅਜੇ ਦੇਵਗਨ ਦੀ ਆਮਦ

ਅਦਾਕਾਰ ਅਜੈ ਦੇਵਗਨ ਦੀ ਆਉਣ ਵਾਲੀ ਫਿਲਮ ‘ਨਾਮ’ 22 ਨਵੰਬਰ ਨੂੰ ਸਿਨੇਮਾ ਘਰਾਂ ਵਿਚ ਰਿਲੀਜ਼ ਹੋ ਰਹੀ ਹੈ। ਇਸ ਫਿਲਮ ਦਾ ਫਿਲਮਾਂਕਣ 2014 ਵਿਚ ਹੋਇਆ ਸੀ ਪਰ ਫਿਲਮ ਦੇ ਨਿਰਮਾਤਾਵਾਂ ’ਚੋਂ ਇੱਕ ਦਾ ਦੇਹਾਂਤ ਹੋਣ ਕਾਰਨ ਇਸ ਦੀ ਫਿਲਮ ਦੀ ਰਿਲੀਜ਼ ਵਿਚ ਦੇਰ ਹੋ ਗਈ।

ਫਿਲਮ ਦਾ ਨਿਰਦੇਸ਼ਨ ਅਨੀਸ਼ ਬਜ਼ਮੀ ਅਤੇ ਨਿਰਮਾਣ ਅਨਿਲ ਰੂੰਗਟਾ ਨੇ ਕੀਤਾ ਹੈ। ਬਜ਼ਮੀ ਅਤੇ ਅਜੈ ਦੇਵਗਨ ਦਾ ਇਹ ਚੌਥਾ ਸਾਂਝਾ ਪ੍ਰੋਜੈਕਟ ਹੈ। ਇਸ ਤੋਂ ਪਹਿਲਾਂ ਇਹ ਜੋੜੀ 1995 ਵਿਚ ਰਿਲੀਜ਼ ਹੋਈ ਫਿਲਮ ‘ਹਲਚਲ’, 1998 ਵਿਚ ਰਿਲੀਜ਼ ਹੋਈ ‘ਪਿਆਰ ਤੋ ਹੋਨਾ ਹੀ ਥਾ’ ਅਤੇ 2022 ਵਿਚ ਆਈ ਫਿਲਮ ‘ਦੀਵਾਨਗੀ’ ਵਿਚ ਇਕੱਠਿਆਂ ਕੰਮ ਕਰ ਚੁੱਕੀ ਹੈ। ਨਿਰਮਾਤਾਵਾਂ ਨੇ ਇਸ ਫਿਲਮ ਦੇ ਨਾਮ ਦੇ ਨਾਲ-ਨਾਲ ਇਸ ਦਾ ਪੋਸਟਰ ਵੀ ਰਿਲੀਜ਼ ਕੀਤਾ ਹੈ। ਭੂਮਿਕਾ ਚਾਵਲਾ ਅਤੇ ਸਮੀਰਾ ਰੈੱਡੀ ਵੀ ਫਿਲਮ ਵਿਚ ਅਹਿਮ ਭੂਮਿਕਾਵਾਂ ਵਿਚ ਨਜ਼ਰ ਆਉਣਗੀਆਂ।

ਇਸੇ ਦੌਰਾਨ ਅਜੈ ਦੇਵਗਨ ਦੀ ‘ਸਿੰਘਮ ਅਗੇਨ’ ਅਤੇ ਬਜ਼ਮੀ ਦੀ ‘ਭੂਲ ਭੁਲੱਈਆ’ ਪਹਿਲੀ ਨਵੰਬਰ ਨੂੰ ਰਿਲੀਜ਼ ਹੋ ਗਈਆਂ ਹਨ। ‘ਸਿੰਘਮ ਅਗੇਨ’ ਦਾ ਨਿਰਦੇਸ਼ਨ ਰੋਹਿਤ ਸ਼ੈੱਟੀ ਨੇ ਕੀਤਾ ਹੈ ਜਿਸ ਵਿਚ ਕਰੀਨਾ ਕਪੂਰ ਖਾਨ, ਦੀਪਿਕਾ ਪਾਦੂਕੋਨ, ਅਕਸ਼ੈ ਕੁਮਾਰ, ਟਾਈਗਰ ਸ਼ਰਾਫ ਅਤੇ ਰਣਵੀਰ ਸਿੰਘ ਅਹਿਮ ਭੂਮਿਕਾਵਾਂ ਵਿਚ ਹਨ। ਇਹ ਫਿਲਮ 2011 ਵਿਚ ਰਿਲੀਜ਼ ਹੋਈ ਫਿਲਮ ‘ਸਿੰਘਮ’ ਦਾ ਤੀਜਾ ਭਾਗ ਹੈ। ਇਸ ਫਿਲਮ ਦਾ ਦੂਜਾ ਭਾਗ ਵਿਚ ‘ਸਿੰਘਮ ਰਿਟਰਨਜ਼’ 2014 ਵਿਚ ਰਿਲੀਜ਼ ਹੋਇਆ ਸੀ। *-ਗੁਲਵੰਤ ਸਿੰਘ*

ਰੌਸ਼ਨੀਆਂ ਦੇ ਵਾਰਿਸ ਜੋ ਅੰਧਕਾਰ ਜਿਨ੍ਹਾਂ ਤੋਂ ਡਰਦੇ ਨੇ
ਮੁਬਾਰਕ ਦੀਵਾਲੀ ਉਨ੍ਹਾਂ ਨੂੰ ਜੋ ਖ਼ੁਦ ਦੀਵੇ ਬਣ ਬਲਦੇ ਨੇ।



## ਕੁਲ ਲੋਕਾਈ ਨੂੰ ਪਵਿੱਤਰ ਤਿਓਹਾਰ
## ਦੀਵਾਲੀ ਦੀਆਂ ਲੱਖ ਲੱਖ ਵਧਾਈਆਂ।

ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਇਹ ਤਿਓਹਾਰ ਸਾਨੂੰ ਸਾਰਿਆਂ ਨੂੰ
ਨੈਤਿਕਤਾ, ਚੰਗਿਆਈ ਅਤੇ ਨੇਕੀ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰੇ।

**ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਸਮੂਹ ਰੱਖੜਾ ਪਰਿਵਾਰ**